ਸਤਸੰਗਤਿ ਕੈਸੀ ਜਾਣੀਐ

(ਗੁਰਮਤਿ ਲੇਖ)



ਬਾਬਾ ਕਰਤਾਰ ਸਿੰਘ

(ਵਿਦਿਆਰਥੀ ਦਮਦਮੀ ਟਕਸਾਲ)

ੴ ਸਤਿਗੁਰ ਪ੍ਰਸਾਦਿ ॥

ਸਤਸੰਗਤਿ ਕੈਸੀ ਜਾਣੀਐ

(ਗੁਰਮਤਿ ਲੇਖ)

ਲੇਖਕ

ਬਾਬਾ ਕਰਤਾਰ ਸਿੰਘ (ਮੁੰਬਈ)

(ਵਿਦਿਆਰਥੀ ਦਮਦਮੀ ਟਕਸਾਲ)

An ISO 9001:2000 Certified Publishing House

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

Satsangat Kaisee Jaaneeai

by

Baba Kartar Singh, Mumbai

ISBN : 81-7601-760-4

ਪਹਿਲੀ ਐਡੀਸ਼ਨ : ਜੂਨ 2006

ਭੇਟਾ : 60-00

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫੈਕਸ : (0183) 2542346, 2547974, 2557973

Email : csjs@vsnl.com, csjsexports@vsnl.com

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫ਼ੋਨ : 2705003

ਸਮਰਪਣ

੩੦੦ ਸਾਲਾ ਸ਼ਤਾਬਦੀ ਗੁਰਤਾ-ਗੱਦੀ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚਖੰਡਿ ਹਜ਼ੂਰ ਸਾਹਿਬ

ਨੰਦੇੜ ਮਹਾਰਾਸ਼ਟਰ,

ਦਮਦਮੀ ਟਕਸਾਲ ਦੀ ਤੀਸਰੀ ਸ਼ਤਾਬਦੀ

ਨੂੰ ਸਮਰਪਿਤ !!

ਅਤੇ ਨਿੱਘੀ ਯਾਦ-ਸੱਚਖੰਡਿ ਵਾਸੀ

ਸੋਢੀ ਗੁਰਬਚਨ ਸਿੰਘ 'ਫੁੱਲ'


ਮਾਤਾ ਬਸੰਤ ਕੌਰ

ਗਭਲੀ ਸਰਕਾਰ ਚੋਈ ਬਾਜ਼ਾਰ

ਸ੍ਰੀ ਆਨੰਦਪੁਰ ਸਾਹਿਬ

ਜ਼ਿੰਦਗੀ 'ਚ ਸਭ ਤੋਂ ਪਹਿਲਾਂ ਜਿਨ੍ਹਾਂ ਦੀ ਸੰਗਤ ਕਰਕੇ

ਲਿਖਾਰੀ ਨੂੰ ਸਿੱਖੀ ਦੀ ਗੁੜ੍ਹਤੀ ਮਿਲੀ ।



ਸੋਢੀ ਗੁਰਬਚਨ ਸਿੰਘ 'ਫੁੱਲ'

ਤਤਕਰਾ

ਦੋ ਸ਼ਬਦ

ਦਾਸ ਕਰਤਾਰ ਸਿੰਘ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ ਸਦਕਾ ਮਹਾਂਪੁਰਸ਼ਾਂ ਦੀ ਸੰਗਤ ਸਦਕਾ ਗੁਰਮਤਿ ਨਾਲ ਜੁੜਿਆ ਹੋਣ ਕਰਕੇ ਜਿਥੇ ਹਿੰਦੋਸਤਾਨ ਦੇ ਕੋਨੇ-ਕੋਨੇ 'ਚ ਕਥਾ ਕਰਨ ਦਾ ਸੁਭਾਗ ਪਰਾਪਤਿ ਗੁਰੂ ਜੀ ਨੇ ਕਰਾਇਆ, ਉਥੇ ਕਰੀਬ ੫ ਸਾਲਾਂ ਤੋਂ ਵਿਦੇਸ਼ਾਂ ਦੀਆਂ ਸੰਗਤਾ ਦੇ ਹੁਕਮ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਮਹਾਨ ਸੰਦੇਸ਼, ਉਪਦੇਸ਼, ਉਦੇਸ਼ ਸਾਂਝਾ ਕਰਨ ਲਈ ਜਾਣ ਦਾ ਮੌਕਾ ਬਣਿਆ ਰਹਿੰਦਾ ਹੈ। ਇਸ ਸਾਲ ੦੨-੦੬-੨੦੦੫ ਸ਼ਿਕਾਗੋ ਸਿੱਖ ਟੈਂਪਲ ਆਫ ਵਿਸਕੋਨਸਿਨ ਮਿਲਵਾਕੀ ਦੀ ਸੰਗਤ ਦੇ ਪਿਆਰ ਸਦਕਾ ਹਰ ਸਾਲ ਦੀ ਤਰ੍ਹਾਂ ਦਾਸ ਜਦੋਂ ਗੁਰਦੁਆਰਾ ਸਾਹਿਬ ਪਹੁੰਚਿਆ, ਦੀਵਾਨ ਦੀ ਆਰੰਭਤਾ ਹੋਈ ਉਥੋਂ ਦੇ ਹੈੱਡ ਗ੍ਰੰਥੀ ਭਾਈ ਗੁਰਮੇਲ ਸਿੰਘ, ਬਾਬਾ ਰਾਮ ਸਿੰਘ ਜੋ ਬਹੁਤ ਹੀ ਸ਼ਰਧਾ ਭਾਵਨਾ ਨਾਲ ਗੁਰੂ ਘਰ ਦੀ ਸੇਵਾ ਨਿਭਾਉਂਦੇ ਹਨ, ਉਨ੍ਹਾਂ ਨੇ ਦਾਸ ਨੂੰ ਹੁਕਮ ਰਾਹੀਂ ਪ੍ਰੇਰਨਾ ਦਿੱਤੀ ਕਿ ਬਾਬਾ ਜੀ ਸਤਸੰਗਤਿ ਬਾਰੇ ਇਕ ਛੋਟੀ ਜਿਹੀ ਪੁਸਤਕ ਜ਼ਰੂਰ ਲਿਖੋ।


ਗੁਰੂ ਚਰਨਾਂ 'ਚ ਅਰਦਾਸਿ ਕਰਕੇ ਇਹ ਪੁਸਤਕ ਸਾਰੀ ਅਮਰੀਕਾ 'ਚ ਹੀ ਲਿਖੀ ਗਈ ਜਿਸ ਨੂੰ ਛਾਪਣ ਦੀ ਸੇਵਾ, ਭਾਈ ਚਤਰ ਸਿੰਘ ਜੀਵਨ ਸਿੰਘ ਨੇ ਕੀਤੀ। ਪਹਿਲਾਂ ਵੀ ਇਸ ਫਰਮ ਵਲੋਂ ਹੀ ਦਾਸ ਦੀਆਂ ਪੁਸਤਕਾਂ ਛਾਪੀਆਂ ਗਈਆਂ ਹਨ। ਇਸ ਪੁਸਤਕ ਨੂੰ ਅੰਤਿਮ ਰੂਪ ਦੇਣ ਲਈ ਸਮੀਖਣ ਤਰਸੇਮ ਸਿੰਘ (ਗਿਆਨੀ) ਨੇ ਕੀਤਾ।

ਦਾਸ ਵਲੋਂ ਬੇਨਤੀ ਹੈ, ਸਤਸੰਗਤਿ ਬਾਰੇ ਜੋ ਸਤਿਗੁਰਾਂ ਨੇ ਗੁਰਬਾਣੀ ਰਾਹੀਂ, ਭਾਈ ਗੁਰਦਾਸ ਜੀ ਨੇ ਕਬਿੱਤ, ਪਉੜੀ, ਸਵੈਯਾਂ ਰਾਹੀਂ ਸਰਬ ਲੋਕਾਈ ਨੂੰ ਬਖਸ਼ਿਆ ਹੈ, ਉਸ ਆਸ਼ੇ ਅਨੁਸਾਰ ਹੀ ਦਾਸ ਨੇ ਤੁੱਛ ਬੁਧੀ ਅਨੁਸਾਰ ਲਿਖਿਆ ਹੈ, ਹੋਈਆਂ ਗਲਤੀਆਂ ਨੂੰ ਜ਼ਰੂਰ ਵਿਦਵਾਨ ਸੱਜਣ ਮਾਫੀ ਦੇਣਗੇ, ਤੇ ਅੱਗੇ ਨੂੰ ਸੁਝਾਉ ਛੋਟਾ ਵੀਰ ਸਮਝ ਕੇ ਜ਼ਰੂਰ ਦੇਣਗੇ।

ਕਰਤਾਰ ਸਿੰਘ (ਬਾਬਾ)

ਨੋਟ:- ਇਸ ਪੁਸਤਕ ਦੀ ਛਪਾਈ ਦੀ ਸੇਵਾ ਭਾਈ ਗੁਰਮੇਲ ਸਿੰਘ ਜੀ ਹੈਡ ਗ੍ਰੰਥੀ ਸਿੱਖ ਟੈਂਪਲ ਆਫ, ਵਿਸਕੋਨਸਿਨ ਮਿਲਵਾਕੀ-(U.S.A.) ਵਾਲਿਆਂ ਨੇ ਲਈ ਹੈ

ਪੁਸਤਕ ਬਾਰੇ



ਅੱਜ ਜਦੋਂ ਨੌਜਵਾਨ ਪੀੜ੍ਹੀ ਅਧਿਆਤਮਕ ਜੀਵਨ ਤੋਂ ਸੱਖਣੇ ਹੋ ਕੇ ਨਿਰਾਸਤਾ ਵੱਲ ਜਾ ਕੇ ਨਸ਼ਿਆਂ ਤੇ ਹੋਰ ਅਨੈਤਿਕ ਆਦਤਾਂ ਦਾ ਸ਼ਿਕਾਰ ਹੋ ਰਹੀ ਹੈ। ਨੌਜਵਾਨ ਪੀੜ੍ਹੀ ਤਾਂ ਹੈ ਹੀ, ਆਮ ਜਨਤਾ ਵੀ ਨਸ਼ਿਆਂ ਆਦਿ ਵਿਚ ਗਲਤਾਨ ਹੋ ਰਹੀ ਹੈ । ਉਸ ਸਮੇਂ ਭਾਈ ਸਾਹਿਬ ਕਰਤਾਰ ਸਿੰਘ ਜੀ ਨੇ ਆਮ ਲੋਕਾਂ ਦੀ ਅਤੇ ਸਪੈਸ਼ਲੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਰੁਸ਼ਨਾਉਣ ਵਾਸਤੇ ਆਪ ਮੇਹਨਤ ਕਰਕੇ (ਸਤਸੰਗਤਿ) ਦੇ ਅਧਾਰ ਤੇ ਪੁਸਤਕ ਲਿਖੀ ਹੈ, ਜੋ ਕਿ ਸਾਰਿਆਂ ਦੇ ਆਦਰਸ਼ਿਕ ਜੀਵਨ ਲਈ ਮੀਲ ਪੱਥਰ ਹੋਵੇਗੀ। ਇਸ ਪੁਸਤਕ ਦੀ ਸ਼ੈਲੀ ਬਹੁਤ ਹੀ ਸਪੱਸ਼ਟ ਅਤੇ ਸਰਲ ਹੈ । ਭਾਈ ਸਾਹਿਬ ਜੀ ਨੇ ਹਰ ਗੱਲ ਗੁਰਬਾਣੀ ਆਸੇ ਅਨੁਸਾਰ ਕੀਤੀ ਹੈ ਅਤੇ ਉਸ ਲਈ ਹਰ ਗੱਲ ਗੁਰਬਾਣੀ ਵਿਚੋਂ ਢੁਕਵੇਂ ਪਰਮਾਣ ਵੀ ਦਿਤੇ ਹਨ। ਭਾਈ ਸਾਹਿਬ ਜੀ ਦੀ ਰਚੀ ਪੁਸਤਕ ਅਤਿਅੰਤ ਸ਼ਲਾਘਾਯੋਗ ਕਦਮ ਹੈ । ਜਿੰਨਾ ਵੀ ਸਲਾਹਿਆ ਜਾਏ ਘੱਟ ਹੈ । ਸਤਸੰਗਤਿ ਦੇ ਹਰ ਪਹਿਲੂ ਨੂੰ ਬੜੇ ਸੁਚੱਜੇ, ਸਰਲ ਤਰੀਕੇ ਨਾਲ ਨਿਖਾਰਿਆ ਗਿਆ ਹੈ । ਸਿੱਖ ਸਮਾਜ ਇਹ ਸਤਸੰਗਤਿ ਬਾਰੇ ਪ੍ਰਚਾਰ ਕਰਕੇ ਨਾਸਤਿਕਵਾਦ, ਪਤਿਤਪੁਣਾ ਅਤੇ ਨਸ਼ਿਆਂ ਦੀ ਵਰਤੋਂ ਵਲੋਂ ਨੌਜ਼ਵਾਨਾਂ ਨੂੰ ਤੋੜ ਕੇ ਗੁਣ ਨਾਲ ਮੁੜ ਤੋਂ ਜੋੜਨ ਲਈ ਯਤਨਸ਼ੀਲ ਰਹੇਗੀ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜਦੋਂ ਇਹ ਖਰੜਾ ਪੁਸਤਕ ਦਾ ਰੂਪ ਧਾਰਨ ਕਰੇਗਾ ਤਾਂ ਸਿੱਖ ਸਾਹਿਤ ਵਿਚ ਇਸ ਦਾ ਨਵੇਕਲਾ ਸਥਾਨ ਹੋਵੇਗਾ ਅਤੇ ਬੇਅੰਤ ਸਿੱਖ ਸੰਗਤਾਂ ਇਸ ਤੋਂ ਭਰਪੂਰ ਲਾਭ ਉਠਾਉਣਗੀਆਂ ।

ਇਸ ਯਤਨ ਲਈ ਮੈਂ ਭਾਈ ਸਾਹਿਬ ਕਰਤਾਰ ਸਿੰਘ ਜੀ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਪੁਸਤਕ ਦੁਆਰਾ (ਸਤਸੰਗਤਿ) ਸਬੰਧੀ ਸੰਗਤਾਂ ਨੂੰ ਸੁਯੋਗ ਅਗਵਾਈ ਤੇ ਪ੍ਰੇਰਨਾ ਪ੍ਰਾਪਤ ਹੋਵੇਗੀ ।

ਸਤਸੰਗਤਿ ਬਾਰੇ

ਸਤਸੰਗਤਿ ਬਾਰੇ ਪ੍ਰਭੂ ਪਿਆਰਿਆਂ ਦਾ ਮੇਲ ਮਿਲਾਪ ਹੈ, ਜਿਥੇ ਹਰੀ ਦੀ ਸਿਫਤ-ਸਲਾਹ ਕਰਕੇ ਉਸ ਵਿਚ ਲੀਨ ਹੋਣ ਦਾ (ਅਭੇਦ ਹੋਣ ਦਾ) ਉਪਦੇਸ਼ ਮਿਲਦਾ ਹੈ । ਸਤਸੰਗਤਿ ਵਿਚ ਹੀ ਨਿਤਾਪ੍ਰਤੀ ਗੁਰਬਾਣੀ ਪੜ੍ਹਨ, ਸੁਣਨ, ਇਸ ਦੀ ਵੀਚਾਰ ਕਰਨ, ਕੀਰਤਨ ਅਤੇ ਕਥਾ ਕਰਨੀ ਅਤੇ ਪ੍ਰਭੂ ਸਿਮਰਨ ਨਾਲ ਵਿਸ਼ੇ

ਵਿਕਾਰਾਂ ਤੇ ਕਾਬੂ ਪਾਉਣਾ ਅਤੇ ਅਧਿਆਤਮ ਮਾਰਗ ਤੇ ਚੱਲ ਕੇ ਪ੍ਰਭੂ ਪ੍ਰਾਪਤੀ ਲਈ ਉਤਸ਼ਾਹ ਮਿਲਦਾ ਹੈ।

ਸਤਸੰਗਤਿ ਦੀ ਪਹਿਚਾਣ ਸਤਸੰਗਤਿ ਦੀ ਸ਼ਰਤ :

ਜਿਥੇ ਇਕ ਅਕਾਲ ਪੁਰਖ ਦੀ ਹੀ ਉਸਤਤ ਹੁੰਦੀ ਹੋਵੇ, ਸਿਫਤ-ਸਲਾਹ ਹੁੰਦੀ ਹੋਵੇ

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥

(ਸਿਰੀਰਾਗੁ ਮ. ੧, ਅੰਗ ੭੨)

ਭਾਵ : ਸਿਰਫ ਨਾਮ ਦੀ ਗੱਲ ਹੁੰਦੀ ਹੋਵੇ, ਨਾਮ ਦੀ ਗੱਲ ਹੁੰਦੀ ਹੋਵੇ, ਸਿਰਫ ਪ੍ਰਮਾਤਮਾ ਦੇ ਨਾਮ ਦੀ ਗੱਲ ਨਿਕੰਮੇ ਤੋਂ ਨਿਕੰਮਾ ਵਿਅਕਤੀ ਵੀ, ਪਾਪੀ ਤੋਂ ਪਾਪੀ ਵਿਅਕਤੀ ਵੀ ਸਤਿਸੰਗ ਕਰਕੇ, ਦੁਖ, ਰੋਗ, ਸੰਤਾਪ, ਚਿੰਤਾ, ਫਿਕਰਾਂ ਤੋਂ ਬਚ ਸਕਦਾ ਹੈ, ਭਾਵ ਕਾਬੂ ਪਾ ਸਕਦਾ ਹੈ। ਜਿਵੇਂ ਇਤਿਹਾਸ ਦੱਸਦਾ ਹੈ ਕਿ ਸਤਿਸੰਗ ਕਰਨ ਨਾਲ ਵੱਡੇ-ਵੱਡੇ ਚੋਰ, ਡਾਕੂ ਪਾਪੀ, ਸਾਕਤ, ਵਿਸ਼ੇ ਵਿਕਾਰੀ, ਮਾਇਆਧਾਰੀ, ਹੰਕਾਰੀ ਉੱਚ ਕੋਟੀ ਦੇ ਗੁਰਸਿੱਖ ਅਤੇ ਮਹਾਂਪੁਰਸ਼ ਬਣ ਗਏ, ਜਿਸ ਤਰ੍ਹਾਂ ਕਿ ਅਜਾਮਲ ਪਾਪੀ, ਗਨਕਾ ਵੇਸਵਾ, ਕੌਡਾ ਰਾਕਸ਼, ਸੱਜਣ ਠੱਗ, ਜਾਦੂਗਾਰਨੀ ਨੂਰਸ਼ਾਹ, ਭੂਮੀਆ ਚੋਰ, ਦੁਨੀ ਚੰਦ, ਬਿਧੀ ਚੰਦ, ਸਯਾਦ ਬੇਸ, ਸੈਦ ਖਾਂ ਆਦਿਕ।

ਗੁਰਬਾਣੀ ਗਰੰਟੀ ਦੇਂਦੀ ਹੈ। ਹਾਮੀ ਭਰਦੀ ਹੈ।

੧. ਸਤਸੰਗਤਿ ਮਿਲੈ ਸੁ ਤਰਿਆ ॥

(ਅੰਗ ੧੦)

੨. ਮਿਲਿ ਸਤਸੰਗਤਿ ਪਰਮ ਪਦੁ ਪਾਇਆ

(ਅੰਗ ੮੩੪)

ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥

ਆਪ ਜੀ ਦਾ ਦਾਸ
ਸੁਖਮਿੰਦਰ ਸਿੰਘ ਬਲੀਵਾਲ
ਮੁਖ ਸੇਵਾਦਾਰ (ਧਾਰਮਿਕ ਕਮੇਟੀ) (ਪ੍ਰਚਾਰ ਕਮੇਟੀ)
ਗੁਰਦੁਆਰਾ ਪ੍ਰਬੰਧਕ ਕਮੇਟੀ
ਕੈਲੇਫੋਰਨੀਆ ਅਮਰੀਕਾ

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

ਦੋ ਸ਼ਬਦ



ਸਤਿਕਾਰਯੋਗ ਗੁਰੂ ਸਵਾਰੀ ਸਾਧ ਸੰਗਤ ਜੀ ! ਸਤਿਗੁਰਾਂ ਦੀ ਬਾਣੀ ਅਗਾਧ ਬੋਧ ਦੀ ਅਕਥ ਕਥਾ ਪ੍ਰਚਾਰ ਮਨੁੱਖ ਦੇ ਆਤਮਕ ਰਸ ਜਾਨਣ ਲਈ ਸਿੱਖ ਸੰਗਤ ਨੂੰ ਬਾਣੀ ਨਾਲ ਜੋੜਨ ਵਾਸਤੇ ਭਾਰਤ ਭਰ ਵਿਚ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਪ੍ਰੇਮ ਪਿਆਰ ਦੇ ਧਾਰਨੀ ਨਾਮ-ਰਸੀਏ ਰਹਿਤ ਮਰਯਾਦਾ ਵਿਚ ਪ੍ਰਪੱਕ ਰਹਿਣ ਵਾਲੇ ਗੁਰੂ ਪੰਥ ਦੇ ਮਹਾਨ ਵਿਦਵਾਨ ਮਹਾਂਪੁਰਸ਼ ਸੰਤ ਬਾਬਾ ਕਰਤਾਰ ਸਿੰਘ ਜੀ ਬੰਬੇ ਵਾਲਿਆਂ ਨੇ ਸਤਿਗੁਰ ਦੀ ਅਪਾਰ ਕ੍ਰਿਪਾ ਦੁਆਰਾ ਮਹਾਨ ਉਦੇਸ਼ ਕਰਕੇ ਸੁੰਦਰ ਸਰਲ ਮੁਖ ਤੇ ਅਰਥ ਪ੍ਰਮਾਣਾਂ ਅਤੇ ਦ੍ਰਿਸਟਾਂਤਾਂ ਸਹਿਤ ਹਰ ਇਕ ਮਨੁੱਖ ਦੇ ਪੜ੍ਹਨ ਅਤੇ ਆਤਮ ਅਨੰਦ ਦਾ ਰਸ ਮਾਨਣ ਲਈ ਇਹ ਪੁਸਤਕ ਲਿਖੀ ਹੈ। ਇਹ ਪੁਸਤਕ ਸਤਸੰਗਤਿ ਲਈ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੀ। ਇਹ ਪੁਸਤਕ ਪੜ੍ਹ ਕੇ ਜੀਵਨ ਸਫਲ ਕਰੋ ਜੀ। ਦਾਸ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਚਰਨ ਵਿਚ ਨਿਮਰਤਾ ਸਹਿਤ ਅਰਦਾਸ ਬੇਨਤੀ ਜੋੜਨੀ ਹੈ ਕਿ ਬਾਬਾ ਜੀ ਨੂੰ ਮਹਾਰਾਜ ਹੋਰ ਫਿਰ ਸਿੱਖ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ।

ਦਾਸ ਨੇ ਕੋਲ ਰਹਿ ਕੇ ਦੇਖਿਆ ਹੈ ਕਿ ਬਾਬਾ ਜੀ ਦਾ ਜੀਵਨ ਕਿਤਨਾ ਗੁਰਮੁਖਾਂ ਵਾਲਾ, ਗੁਰਸਿੱਖਾਂ ਵਾਲਾ ਹੈ ਜੀ।

ਇਹ ਖਾਸ ਪੁਸਤਕ ਹੈ, ਪੜ੍ਹ ਕੇ ਜੀਵਨ ਸਫਲ ਕਰੋ ਜੀ।

ਦਾਸ ਭਾਈ ਗੁਰਮੇਲ ਸਿੰਘ
ਹੈਡ ਗ੍ਰੰਥੀ
ਸਿੱਖ ਟੈਂਪਲ ਆਫ ਵਿਸਕੋਨਸਿਨ
ਮਿਲਵਾਕੀ (ਅਮਰੀਕਾ)
U.S.A.

ਦੋ ਸ਼ਬਦ



ਅਜੋਕੇ ਸਮੇਂ ਦੌਰਾਨ ਸਿੱਖ ਪੰਥ ਦੇ ਵਿਦਵਾਨ ਗੁਰਬਾਣੀ ਅਤੇ ਗੁਰਮਤਿ ਵਿਸ਼ਿਆਂ ਨੂੰ ਸਾਹਿਤ ਦੁਆਰਾ ਉਜਾਗਰ ਕਰਕੇ ਸਿੱਖ ਸਾਹਿਤ ਵੱਡੀ ਪੱਧਰ ਤੇ ਛਾਪ ਕੇ ਦੁਨੀਆਂ ਵਿਚ ਸਿੱਖ ਸਾਹਿਤ ਨੂੰ ਪਹੁੰਚਾਣ ਦੇ ਵਿਸ਼ੇਸ ਉਪਰਾਲੇ ਕਰ ਰਹੇ ਹਨ। ਜੋ ਕਿ ਸ਼ਲਾਘਾਯੋਗ ਭੂਮਿਕਾ ਨਿਭਾ ਰਹੇ ਹਨ। ਪਰ ਕੁਝ ਵਿਦਵਾਨ ਵਿਦਿਆ ਤੇ ਬੁੱਧੀ ਦੇ ਤਰਕ ਦੀ ਘੁੰਮਣਘੇਰੀ ਵਿਚ ਫਸ ਕੇ ਸ਼ੰਕੇਗ੍ਰਸਤ ਪੁਸਤਕਾਂ ਲਿਖ ਕੇ ਸਿੱਖ ਸੰਗਤਾਂ ਨੂੰ ਗੁੰਮਰਾਹ ਕਰਨ ਦੇ ਯਤਨ ਵਿਚ ਲੱਗੇ ਹਨ ।

ਮਨ ਦੀ ਮਤਿ ਅਨੁਸਾਰ ਚੱਲਣ ਵਾਲੇ ਪ੍ਰਚਾਰਕਾਂ ਅਤੇ ਤਰਕ ਵਿਤਰਕ ਦੇ ਅਨੁਸਾਰੀ ਭੁਲੇਖੇ ਪਾਊ ਵਿਅਕਤੀਆਂ ਦੁਆਰਾ ਕੀਤੇ ਜਾ ਰਹੇ ਪ੍ਰਚਾਰ ਅਤੇ ਪੁਸਤਕਾਂ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦੀ ਭਾਰੀ ਜਰੂਰਤ ਹੈ ।

ਸ਼ਰਧਾ ਅਤੇ ਗੁਰਸਿੱਖੀ ਦਾ ਸਬੰਧ ਪਾਣੀ ਤੇ ਲਹਿਰਾਂ ਵਾਲਾ ਹੈ । ਸ਼ਰਧਾ ਸਤਸੰਗਤਿ, ਸਾਧ ਸੰਗਤਿ, ਗੁਰਮੁਖ ਸੰਗਤਿ, ਵਿਚੋਂ ਪ੍ਰਾਪਤ ਹੁੰਦੀ ਹੈ । ਸ਼ਰਧਾ ਦਾ ਬੀਜ ਹਿਰਦੇ ਵਿਚ ਉਤਪੰਨ ਹੋਣ ਨਾਲ ਗੁਰਸਿੱਖੀ ਮਾਰਗ ਦੀ ਸ਼ੁਰੂਆਤ; ਗੁਰੂ ਪਰਮੇਸ਼ਰ ਦੀ ਚਰਨ ਛੁਹ ਨਾਲ ਜੋੜਦੀ ਹੋਈ; ਗੁਰਬਾਣੀ ਸੇਵਾ ਸਿਮਰਨ ਗੁਰਸਿੱਖ ਰਹਿਤ ਜੀਵਨ ਦਾ ਆਧਾਰ ਬਣਾਉਂਦੀ ਹੈ । ਧੁਰ ਕੀ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਚ ਆਧਾਰੀ ਜੀਵਨ ਜਾਚ ਪ੍ਰਦਾਨ ਕਰਦੇ ਹਨ । ਇਸ ਵਾਸਤੇ ਸਿੱਖ ਵਿਦਵਾਨਾਂ ਨੂੰ ਹਰ ਪੱਖ ਤੋਂ ਸੁਚੇਤ ਰਹਿੰਦਿਆਂ ਗੁਰਮਤਿ ਦੀ ਕਸਵੱਟੀ ਤੇ ਅਧਾਰਿਤ ਹੀ; ਸਿੱਖ ਸਾਹਿਤ ਅਤੇ ਪ੍ਰਚਾਰ ਕਰਨ ਲਈ ਯਤਨਸੀਲ ਰਹਿਣ ਦੀ ਵੱਡੀ ਲੋੜ ਹੈ ।

ਇਸੇ ਲੋੜ ਨੂੰ ਮਹਿਸੂਸ ਕਰਦਿਆਂ ਸੰਤ ਬਾਬਾ ਕਰਤਾਰ ਸਿੰਘ ਜੀ ਬੰਬੇ ਵਾਲਿਆਂ ਨੇ 'ਸਤਸੰਗਤਿ ਕੈਸੀ ਜਾਣੀਐ' ਇਸ ਵਿਸ਼ੇ ਨੂੰ ਸਰਲ ਸਪੱਸ਼ਟ ਲੇਖਣੀ ਦੁਆਰਾ ਆਪਣੇ ਅਨੁਭਵ ਤੇ ਵਿਦਵਤਾ ਨੂੰ ਇਸ ਪੁਸਤਕ ਵਿਚ ਅੰਕਿਤ ਕੀਤਾ

ਹੈ, ਜੋ ਕਿ ਸ਼ਲਾਘਾਯੋਗ ਉੱਦਮ ਹੈ। ਸੰਤ ਜੀ ਨੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਰਸਨਾ ਤੋਂ ਗੁਰਬਾਣੀ ਦੀ ਕਥਾ ਗੁਰਮਤਿ ਪ੍ਰਚਾਰ ਸਰਵਣ ਕਰਕੇ ਆਪਣੇ ਜੀਵਨ ਵਿਚ ਤਨ ਮਨ ਦਾ ਹਿੱਸਾ ਬਣਾ ਕੇ; ਗੁਰੂ ਪੰਥ ਦੀ ਸੇਵਾ ਦੇਸ਼ਾਂ ਵਿਦੇਸ਼ਾਂ ਵਿਚ ਰਟਨ ਕਰਕੇ ਪ੍ਰਚਾਰ ਦੁਆਰਾ ਕਰ ਰਹੇ ਹਨ। ਲਿਖਤੀ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਤਾ ਗੱਦੀ ਸ਼ਤਾਬਦੀ ਨੂੰ ਸਮਰਪਿਤ ਇਹ ਪੁਸਤਕ ਸੰਗਤਾਂ ਵਿਚ ਭੇਜ ਰਹੇ ਹਨ, ਇਹ ਵੀ ਪ੍ਰਚਾਰ ਦਾ ਮੁਖ ਸਾਧਨ ਹੈ। ਖੋਜੀ ਵਿਦਵਾਨ ਪ੍ਰਚਾਰਿਕ ਗੁਰਮਤਿ ਆਸ਼ੇ ਮੁਤਾਬਿਕ ਇਸ ਗ੍ਰੰਥ ਤੋਂ ਜਿੰਨਾ ਲਾਭ ਲੈ ਸਕਦੇ ਹਨ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

ਗੁਰੂ ਪੰਥ ਦਾ ਦਾਸਨਿ ਦਾਸ-

ਹਰਨਾਮ ਸਿੰਘ 'ਖਾਲਸਾ'

ਹਰਨਾਮ ਸਿੰਘ 'ਖਾਲਸਾ'
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ, ਮਹਿਤਾ

ਮੁੱਖ ਬੰਦ

ਮਾਨਵੀ ਜ਼ਿੰਦਗਾਨੀ ਨੂੰ ਤਹਿਕੀਕੀ ਪਹਿਲੂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਅਹਿਸਾਸ ਹੁੰਦਾ ਹੈ ਕਿ ਮਜਹਬੀ ਤਹਿਜ਼ੀਬ ਇਨਸਾਨੀਅਤ ਨੂੰ ਕਿੰਨਾ ਸਵੱਛ, ਸੁੰਦਰ, ਪਵਿੱਤਰ ਅਤੇ ਜੀਵਨ ਉੱਚਤਾ ਦੀਆਂ ਗਹਿਰਾਈਆਂ ਵੱਲ ਅਜ਼ੀਮ ਰਹਿਮਾਨ ਬਣ ਲੈ ਤੁਰਦੀ ਹੈ। ਮਾਨਵ ਸੱਭਿਅਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਸਾਡੇ ਉੱਤਮ ਸਭਿਆਚਾਰਾਂ ਦੀ ਬੁਨਿਆਦ ਮਜ਼ਹਬੀ ਰਵਾਇਤਾਂ ਅੰਦਰ ਹੀ ਪ੍ਰਚੱਲਿਤ ਹੈ। ਪੂਰਨ ਮਨੁੱਖੀ ਸਭਿਆਚਾਰ ਦਾ ਸ਼ੁਰੂ ਅੰਦਰ ਇਹ ਗੁਣ ਰਿਹਾ ਹੈ, ਪਰ ਮਨਦ੍ਰਿਸ਼ਟਾ ਨੂੰ ਮਾਨਵ ਕਲਿਆਣ ਦਾ ਸਧਾਰਨ ਅੰਗ ਨਹੀ ਜਾਨਣਾ ਚਾਹੀਦਾ। ਜਿਸ ਅਧਾਰਿਤ ਸਾਡਾ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਕਲਾਤਮਿਕ ਪੱਖ ਧਾਰਮਿਕਤਾ ਅੰਦਰ ਹੀ ਪ੍ਰਫੁੱਲਿਤ ਅਤੇ ਪ੍ਰਭਾਵਿਤ ਹਨ।

ਅਜਿਹੇ ਸੰਦਰਭ ਵਿਚ ਧਰਮ ਵਿਸ਼ਲੇਸ਼ਨ ਅਧਿਐਨ ਤਹਿਤ ਦੇਖਿਆਂ ਖਿਆਲਾਂ ਦੀ ਪੈਦਾਇਸ਼ ਦਾ ਝਰਨਾ ਹੀ ਫੁੱਟ ਪੈਂਦਾ ਹੈ ਕਿ ਕਿਸ ਕਦਰ ਧਰਮ ਸਾਨੂੰ ਆਪਣੀ ਗਲਵੱਕੜੀ ਅੰਦਰ ਸਮੇਟ ਹਰ ਮੁਸੀਬਤ ਦਾ ਪਹਿਰੇਦਾਰ ਬਣ ਅਮਨ, ਸ਼ਾਂਤੀ ਸਾਂਝੀਵਾਲਤਾ ਦਾ ਪੈਗਾਮ ਲੈ ਜੁੜ ਬੈਠਣ ਦਾ ਪ੍ਰੇਰਨਾ ਸ੍ਰੋਤ ਹੀ ਨਹੀਂ ਬਣਦਾ ਬਲਕਿ ਰਹਿਨੁਮਾਈ ਵੀ ਕਰਦਾ ਹੈ। ਹੱਥਲੀ ਪੁਸਤਕ ਅੰਦਰ ਵੀ ਧਾਰਮਿਕ ਜਜ਼ਬੇ ਉੱਪਰ ਮਿਸ਼ਰਿਤ ਹੋ ਜੀਵਨ ਸਫਲਤਾ ਦਾ ਮਜ਼ਬੀ ਅਸੂਲਾਂ ਰਾਹੀਂ ਕ੍ਰਿਆਤਮਿਕ ਰੂਪ ਦਾ ਨਿਰਿਖਸ਼ਣ ਮਨੋਹਰ ਸ਼ੈਲੀ ਰਾਹੀ ਬਿਆਨਿਆ ਹੈ। ਲੇਖਕ ਦੀ ਵਿਚਾਰ ਅਨੁਸਾਰ ਕੰਬਦੀ ਜ਼ਿੰਦਗੀ, ਭਟਕਦੀ ਲੋਕਾਈ, ਤ੍ਰਾਸਦੀ ਇਨਸਾਨੀਅਤ ਪਿੱਪਲ ਦੇ ਪੱਤੇ ਦੀ ਤਰ੍ਹਾਂ ਡੱਕੋ-ਡੋਲੇ ਖਾਂਦੀ ਮਾਨਵਤਾ ਅਸ਼ਲੀਲ ਮੀਡੀਆ ਅੰਦਰ ਗਵਾਚਦੀ ਅਧਿਆਤਮਿਕਤਾ ਦਾ ਡੂੰਘਾ ਅਹਿਸਾਸ ਹੈ। ਉਨ੍ਹਾਂ ਸਭ ਤੱਤਾਂ ਦਾ ਨਿਰੀਖਸ਼ਣ ਕਰਨ ਤੋਂ ਬਾਅਦ ਉਨ੍ਹਾਂ ਦੇ ਅੰਦਰਲੇ ਖਿਆਲਾਤਾਂ ਨੂੰ ਨਿਚੋੜ ਕੇ ਇਸ ਸਾਰ-ਅੰਸ਼ ਉੱਪਰ ਪਹੁੰਚ ਕੀਤੀ ਕਿ ਮਨੁੱਖ ਸਤਿਸੰਗ ਤੋਂ ਕੋਰਾ ਹੋ ਬੈਠਾ। ਜਿਸ ਸਦਕਾ ਪ੍ਰਮੇਸ਼ਰ ਪ੍ਰਤੀ ਦੂਰੀ ਵੱਧ ਰਹੀ ਹੈ। ਜਦੋਂ ਅਕਾਲ ਪੁਰਖ ਤੋਂ ਵਖਰੇਵਾਂ, ਤਾਂ ਵਕਤ ਦੀ ਹਰ ਮੁਸੀਬਤ ਅਤੇ ਪ੍ਰੇਸ਼ਾਨੀ ਸੁਭਾਵਿਕ ਉਸ ਆਂਗਣ ਵਿਚ ਆ ਪ੍ਰਵੇਸ਼ ਹੁੰਦੀ ਹੈ।

ਪਰਮੇਸਰ ਤੇ ਭੁਲਿਆਂ ॥
ਵਿਆਪਨਿ ਸਭੇ ਰੋਗ ॥

(ਬਾਰਹ ਮਾਹ)

ਜਿਸ ਸਿਦਕ ਨਾਲ ਉਨ੍ਹਾਂ ਧਾਰਮਿਕ ਪ੍ਰੰਪਰਾ ਦਾ ਵਰਨਣ ਕੀਤਾ ਉਹ ਵੀ ਸਾਨੂੰ ਪ੍ਰਭੂ ਚਿੰਤਨ ਅਤੇ ਵਾਹਿਗੁਰੂ, ਅਕਾਲ ਵੱਲ ਖਾਸ ਤਵੱਜੋਂ ਦੇਣ ਦੀ ਤਜਵੀਜ਼ ਪੇਸ਼ ਕਰਦਾ ਹੈ। ਪੁਰਾਤਨ ਗੁਰਸਿੱਖਾਂ ਤੇ ਗੁਰਮੁਖਾਂ ਦੇ ਜੀਵਨ ਜੋ ਕੌਮੀ ਅਧਾਰ-ਸਿਲਾ ਹਨ। ਉਨ੍ਹਾਂ ਤੋਂ ਪ੍ਰੇਰਨਾ ਲੈਣ ਦਾ ਵੀ ਸਫਲ ਯਤਨ ਕੀਤਾ। ਵਿਸ਼ਾ ਸਧਾਰਨ ਹੀ ਅਪਣਾਇਆ ਗਿਆ, ਸ਼ਬਦਾਵਲੀ ਕਿਤੇ-ਕਿਤੇ ਦੁਆਬੀ ਪ੍ਰੰਤੂ ਸਧਾਰਣ, ਉਪਰ ਸਾਧੂ-ਭਾਸ਼ਾ ਔਰ ਪ੍ਰਚੱਲਿਤ ਗੁਰਮਤਿ ਸ਼ਬਦਾਵਲੀ ਨੂੰ ਹੀ ਵਰਤੋਂ ਵਿਚ ਲਿਆਂਦਾ ਗਿਆ ਹੈ। ਗੁਰਸਿੱਖੀ ਉਚਿਤਾ ਦੀ ਸੋਚ ਜਿਸ ਤਰੀਕੇ ਕੀਤੀ ਅਤਿਅੰਤ ਸ਼ਲਾਘਾਯੋਗ ਹੈ, ਜਿਸ ਨੂੰ ਪੜ੍ਹਨ ਤੋਂ ਸੁਭਾਵਿਕ ਹੀ ਧਰਮ ਪ੍ਰਤੀ ਭਾਵਨਾਤਮਿਕ ਵਿਚਾਰਧਾਰਾ ਦਾ ਪ੍ਰਤੀਕ ਬਣ ਲੇਖਕ ਰਵਾਇਤਾਂ ਅੰਦਰ ਬੱਝ ਕੇ ਸਿੱਖੀ ਕਰਮਗਤੀ ਵੱਲ ਪ੍ਰੇਰਿਤ ਹੁੰਦਾ ਅਗਿਆਨਤਾ ਦੀ ਜਨੂਨੀਅਤ ਨੂੰ ਪਾਰ ਕਰ ਉਸ ਮੰਜ਼ਿਲ ਦਾ ਮੁਸਾਫਿਰ ਜੀਵ ਬਣ ਸਕਦਾ ਹੈ ਜਿਥੇ ਇਨਸਾਨੀ ਸੁਹਿਰਦਿਤਾ ਮਨੁੱਖਤਾ ਦਾ ਪਿਆਰ ਹਰ ਕਦਮ, ਹਰ ਪਲ ਸਰਬੱਤ ਦੇ ਭਲੇ ਮੁਤੱਲਕ ਕਾਮਨਾ ਦਾ ਇਜ਼ਹਾਰ, ਉਸ ਦਿਲ ਦੀਆ ਸੱਧਰਾਂ ਤੋਂ ਪ੍ਰਗਟ ਹੋ ਵਿਸ਼ਵ ਸ਼ਾਂਤੀ ਦੀ ਕਾਮਨਾ ਲਈ ਪ੍ਰਾਰਥਨਾ ਅੰਦਰ ਡੁੱਬ ਜਾਣ ਦਾ ਧਿਆਨ ਕਰੇਗਾ।

ਸਰਬ ਸੀਲ ਮਮੰ ਸੀਲੰ
ਸਰਬ ਪਾਵਨ ਮਮ ਪਾਵਨਾਹ ॥

(ਅੰਗ ੧੩੫੭)

ਇਹ ਸੰਦੇਸ ਲੈ ਹੱਥਲੀ ਪੁਸਤਕ ਦੀ ਉਤਪਤੀ ਹੋਈ, ਜੋ ਕਿ ਜੁੜ ਬੈਠ ਸਿਮਰਨ, ਅਭਿਆਸ; ਪ੍ਰਭੂ ਚਿੰਤਨ ਕਰਨ ਦੀ ਤਾਗੀਦ ਅਤੇ ਧਰਮਿਕ ਨਿਯਮਾਵਲੀ ਦੇ ਰਾਹੀਂ ਸਿੱਖੀ ਜੀਵਨ ਦਾ ਪੂਰਾ ਲਾਭ ਅਖਤਿਆਰ ਕੀਤਾ ਜਾ ਸਕੇ ਅਤੇ ਧਰਤੀ ਦਾ ਹਰ ਬਸ਼ਿੰਦਾ ਆਪਣਾ ਜੀਵਨ ਕਰਤੱਬ ਤੋਂ ਜਾਣੂ ਹੋ ਪਾਏ।

ਸੰਗਤ ਕੀ ਹੈ ?

ਆਤਮ ਮਾਰਗ ਦੀ ਰਹੁ-ਰੀਤੀ

ਸੰਗਤ

ਤਿਤੁ ਜਾਇ ਬਹਹੁ ਸਤਸੰਗਤੀ
ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥
ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ
ਹਰਿ ਦਰਗਹ ਢੋਈਐ ॥
ਸੋ ਪਾਏ ਪੂਰਾ ਸਤਗੁਰੂ
ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥
ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ
ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥

(ਵਡਹੰਸ ਕੀ ਵਾਰ ਮ: ੫ ਪਉੜੀ)

ਸੰਗਤ

੧. *ਗੁਰ ਸਿਖ ਏਕ ਮੇਕ, ਰੋਮ ਕੀ ਅਕਥ ਕਥਾ,*
ਗੁਰਸਿਖ ਸਾਧ ਸੰਗਿ ਮਹਿਮਾ ਕੋ ਪਾਵਈ ॥
੨. *ਏਕ ਓਅੰਕਾਰ ਕੇ, ਬਿਥਾਰ ਕੋ ਨ ਪਾਰਾਵਾਰੁ,*
ਸਬਦ ਸੁਰਤਿ ਸਾਧ ਸੰਗਤਿ ਸਮਾਵਈ ॥
੩. *ਪੂਰਨ ਬ੍ਰਹਮ ਗੁਰ ਸਾਧ ਸੰਗ ਮੈ ਨਿਵਾਸ,*
ਦਾਸਨ ਦਾਸਾਨ ਮਤਿ ਆਪਾ ਨ ਜਤਾਵਈ ॥
੪. *ਸਤਿਗੁਰ ਗੁਰ, ਗੁਰਸਿਖ ਸਾਧ ਸੰਗਤਿ ਹੈ,*
ਓਤਿ ਪੋਤਿ ਜੋਤਿ ਵਾ ਕੀ ਵਾਹੀ ਬਨਿ ਆਵਈ ॥

(ਕਬਿੱਤ ਭਾਈ ਗੁਰਦਾਸ ਜੀ, ੧੯੫)

ਸਤਿਸੰਗ ਵਿਵੇਚਨ ਅਧਿਐਨ

ਮਨੁੱਖ ਅਤੇ ਸਮਾਜ ਦਾ ਅਟੁੱਟ ਸਬੰਧ ਹੈ। ਕਿਉਂਕਿ ਮਨੁੱਖ ਇੱਕ ਸਮਾਜਿਕ ਜੀਵ ਹੈ। ਸਮਾਜ ਮਨੁੱਖ ਤੋਂ ਬਿਨਾਂ, ਮਨੁੱਖ ਸਮਾਜ ਤੋਂ ਵੱਖਰਾ ਨਹੀਂ ਰਹਿ ਸਕਦਾ। ਇਹ ਰਿਸ਼ਤਾ ਇੰਨਾ ਸੰਘਣਾ ਕਿ ਦੋਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ।

ਕੁਝ ਲੋਕਾਂ ਨੇ ਇਸ ਤੋਂ ਦੂਰ ਜਾ ਕਿ ਰਹਿਣ ਦਾ ਯਤਨ ਕੀਤਾ, ਪ੍ਰੰਤੂ ਪੱਲੇ ਨਿਰਾਸਤਾ ਹੀ ਪਈ। ਉਨ੍ਹਾਂ ਦਾ ਧਾਰਮਿਕ ਸੰਕਤਾਵਲੀ ਵੱਲ ਬੇਲੋੜਾ ਦਾਅਵਾ ਅਵੱਸ ਹੀ ਧਰਮ, ਕੌਮ, ਰਾਸ਼ਟਰ, ਦੇਸ਼ ਅੰਦਰ ਅਰਾਜਕਤਾ ਵਧਾਉਣ ਦਾ ਕਾਰਨ ਬਣਿਆ।

ਸਮਾਜ ਦੀ ਪ੍ਰੀਭਾਸ਼ਾ ਨੂੰ ਸਮਝਣ ਲਈ ਅਸੀਂ ਇਸ ਨੂੰ ਮੋਟੇ ਤੌਰ ਉਪਰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ। ਅਧਿਆਤਮਿਕ ਔਰ ਸਭਿਅਤਾ, ਅਧਿਆਤਮਿਕ ਨੂੰ ਫਿਰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਪ੍ਰੰਪਰਾਵਾਦੀ ਦੂਜਾ ਸਿਧਾਂਤਕ ਅਥਵਾ ਤੱਤਵ। ਪ੍ਰੰਪਰਾਵਾਦੀ ਅੰਦਰ ਕੇਵਲ ਕਰਮ ਕਾਂਡ ਆਦਿ ਦੀ ਹੀ ਬਹੁਲਤਾ ਹੁੰਦੀ ਹੈ। ਤੱਤਵ ਅੰਦਰ ਸਿਧਾਂਤ ਨੂੰ ਜਾਣ ਲੈਣ ਦੀ ਲੋੜ ਹੈ, ਜਿਸ ਤਹਿਤ ਸੁਖੈਨ ਹੀ ਮੰਜ਼ਿਲ ਤਰਫ ਪੜਾਅ ਹੁੰਦਾ ਹੈ। ਮੰਜ਼ਿਲ ਦੀ ਘੋਸ਼ਨਾ ਮਾਰਗ ਦੀ ਸੰਮਤੀ ਅਜੇ ਬਾਕੀ ਹੁੰਦੀ ਹੈ। ਚੂੰਕਿ ਇਨਸਾਨੀ ਅਕਲ ਦੇ ਕਰਤਬ ਦਿੱਸਦੀ ਦੁਨੀਆਂ ਅੰਦਰ ਸ਼ਲਾਘਾਯੋਗ ਹਨ। ਪ੍ਰੰਤੂ ਅਦ੍ਰਿਸ਼ ਅਤੇ ਅਗਿਆਤ ਨੂੰ ਵਰਨਣ ਕੌਣ ਕਰੇ ? ਜੋ ਜਗਤ ਰਚਨਾ ਤੇ ਪਹਿਲਾਂ ਸੀ, ਹੁਣ ਵੀ ਹੈ ਬਾਅਦ ਵਿਚ ਵੀ ਕਾਇਮ ਰਹੇਗਾ। ਜਦੋਂ ਵਕਤੀ ਦਾਆਵੇਦਾਰੀ ਖਤਮ ਹੋ ਗਈ ਤਦ ਵੀ ਰਹੇਗਾ।

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

(ਮੂਲ ਮੰਤਰ)

ਉਪਨਿਸ਼ਦਾਂ ਅੰਦਰ ਵੀ ਵਰਨਣ ਹੈ ਕਿ ਅਵਿਅਕਤ ਜੋ ਬ੍ਰਹਮ ਹੈ ਉਹ ਆਪਣੇ ਆਪ ਤੋਂ ਹੈ। ਖੁਦ ਤੋਂ ਪ੍ਰਗਟ ਹੈ ਨਾਕਿ ਕਿਸੇ ਦਾ ਪੈਦਾ ਕੀਤਾ ਹੋਇਆ। ਇਹ ਸਾਰੀ ਉਤਪਤੀ ਵੀ ਉਸ ਤੋਂ ਹੀ ਵਿਦਮਾਨ ਹੋਈ ਹੈ।

ਅਸ਼ਦਦਾ ਇਦਦਮ ਅਸੀਤ ।
ਤਤੰ ਵੈ ਸਦ ਜਾਯਤ ।
ਤਦਾਤਮਨੰ ਸੂਯ ਮਕਰੁਤ ।

ਇਕ ਦ੍ਰਿਸ਼ਟੀ ਨਾਲ ਸਭ ਨੂੰ ਤੱਕ ਲੈਣ ਕਰਕੇ ਉਸ ਨੂੰ ਦ੍ਰਿਸ਼ਟਾ ਆਖਿਆ।

ਉਸ ਦੀ ਪਹਿਚਾਣ ਕਠਿਨ ਨਹੀਂ ਅਸੰਭਵ ਵੀ ਹੈ। ਹਾਂ, ਇਸ ਰਹੱਸਮਈ ਖਿਆਲ ਨੂੰ ਸਾਡੇ ਦ੍ਰਿਸ਼ਟੀਗੋਚਰ ਕਰਨ ਲਈ ਦੀਵਾਨ ਨੰਦ ਲਾਲ ਜੀ ਆਪਣੀ ਜ਼ਿੰਦਗੀ-ਨਾਮਾ ਰਚਨਾ ਅੰਦਰ ਇਕ ਸ਼ੇਅਰ ਰਾਹੀਂ ਹਨੇਰਗਰਦੀ ਤੇ ਕੁਝ ਚਾਨਣ ਨਸੀਬ ਕਰਵਾਇਆ ਹੈ। ਨੰਦ ਲਾਲ ਜੀ ਦਾ ਖਿਆਲ ਹੈ ਕਿ ਜੁੜ ਬੈਠਣ ਨਾਲ ਇਸ ਵੱਡੀ ਗੁੰਝਲਦਾਰ ਸਮੱਸਿਆ ਦਾ ਸਮਾਧਾਨ ਸਹਿਜੇ ਹੀ ਹੋ ਤੁਰਦਾ ਹੈ। ਲੇਕਿਨ ਕਿਥੇ ਜਾਵੇ ਜੁੜਿਆ ? ਜੂਆ ਘਰ ਵਿਚ, ਮਸ਼ਟੰਡਿਆਂ ਦੀਆਂ ਟੋਲੀਆਂ ਵਿਚ, ਟੈਲੀ ਅਥਵਾ ਸਿਨੇਮੇ ਮੂਹਰੇ ਜਾਂ ਫਿਰ ਕਲੱਬਾਂ ਪੱਬਾਂ ਵਿਚ ਮੌਜ ਮਸਤੀਆਂ ਕਰਨ ਲਈ ਜੁੜਨਾ। ਇਸ ਵਾਸਤੇ ਨੰਦ ਲਾਲ ਜੀ ਸਹਿਮਤ ਨਹੀਂ। ਇਸ ਲਈ ਕੇਵਲ ਤੇ ਕੇਵਲ ਸਤਿਸੰਗਤ ਦੀ ਹੀ ਜ਼ਰੂਰਤ ਹੈ। ਜਿਸ ਵਿਚ ਦੋ ਪ੍ਰਕਾਰ ਦੀ ਘਾੜਤ ਘੜਨ ਦੀ ਪਹਿਲ-ਕਦਮੀ ਹੁੰਦੀ ਹੈ। ਜਿਵੇਂ ਕਥਨ ਹੈ :

ਆਂ ਹਜ਼ੂਮੇਖੁਸ ਕਿ ਬਾਹਰੇ ਬੰਦਗੀ ਸਤ।
ਆਂ ਹਜ਼ੂਮੇ ਖੁਸਕਿ ਮਹਜ਼ੇ ਜ਼ਿੰਦਗੀ ਸਤ।

ਇਥੇ ਦੋ ਉਪਲਬਦੀਆਂ ਦਾ ਵਰਨਣ ਆਉਣਾ ਹੈ। ਜਿਸ ਅੰਦਰ ਜੀਵਨ ਦੀ ਜਾਚ ਅਥਵਾ ਜ਼ਿੰਦਗੀ ਦਾ ਜਿਊਣ ਢੰਗ ਹੈ। ਔਰ ਦੂਸਰਾ ਹੈ ਬੰਦਗੀ ਦਾ ਨਿਯਮ ਜਾਨਣਾ।

ਪਹਿਲੀ ਵੀਚਾਰ ਨੂੰ ਦ੍ਰਿਸ਼ਟੀ-ਗੋਚਰ ਕਰਦਿਆਂ ਖਿਆਲ ਉਤਪਤੀ ਦੀ ਝੜੀ ਛਿੜ ਪੈਂਦੀ ਹੈ ਕਿ ਬੰਦਗੀ ਦਾ ਵੱਲ ਤਾਂ ਸਮਝਣਾ ਯੋਗ ਹੈ ਠੀਕ ਹੈ, ਪਰ ਜਿਹੜੀ ਜਿਊਣ ਦੀ ਗੱਲ ਕੱਢ ਮਾਰੀ ਉਹ ਗੈਰ ਅਤੇ ਅਨਹੋਣੀ ਜਿਹੀ ਜਾਪਦੀ ਹੈ। ਕਿਉਂਕਿ ਭਾਈ ਜ਼ਿੰਦਗੀ ਤਾਂ ਪਹਿਲਾਂ ਹੀ ਬਸਰ ਕਰ ਰਹੇ ਹਾਂ। ਇਥੇ ਕੁਝ ਰੁਕ ਕੇ ਸੋਚਣ ਦੀ ਲੋੜ ਹੈ। ਜ਼ਿੰਦਗੀ ਜਿਊਣਾ ਦੋ ਤਰ੍ਹਾਂ ਦਾ ਹੁੰਦਾ ਹੈ। ਇਨਸਾਨੀਅਤ ਅਤੇ ਦੂਸਰਾ ਹੈ ਹੈਵਾਨੀਅਤ।

ਹੈਵਾਨੀ ਜ਼ਿੰਦਗੀ ਲਈ ਕੁਝ ਕਰਨ ਦੀ ਜਰੂਰਤ ਨਹੀਂ, ਕਿਉਂ ਜੋ ਉਹ ਸਭ ਕੁਝ ਸੁਭਾਵਿਕ ਚਲ ਰਿਹਾ ਹੈ। ਜੰਗਲ ਬੀਆਬਾਨ ਅੰਦਰ ਪਸ਼ੂ ਪੰਛੀਆਂ, ਪਰਿੰਦਿਆਂ ਦਰਿੰਦਿਆਂ ਨੂੰ ਖਾਣ ਪੀਣ, ਰਹਿਣ ਸਹਿਣ ਲਈ ਕੋਈ ਖਾਸ ਟਰੇਨਿੰਗ ਕੈਂਪ ਲਗੇ ਹੋਏ ਹਨ ਜਾਂ ਕਿਸੇ ਸਕੂਲ, ਪਾਠਸ਼ਾਲਾ ਮਦਰੱਸਾ ਰਚ ਰੱਖਿਆ, ਕਿ ਫਿਰ ਕਾਲਜ ਯੂਨੀਵਰਸਿਟੀਆਂ ਦਾ ਇੰਤਜ਼ਾਮ ਕਰਨਾ ਪਿਆ, ਜਵਾਬ ਨਹੀਂ ! ਉਹ ਸਭ ਕੁਝ ਸੁਭਾਵਿਕ ਹੋ ਰਿਹਾ ਹੈ। ਲੇਕਿਨ ਇਨਸਾਨੀ ਜ਼ਿੰਦਗੀ ਨੂੰ ਸਾਫ ਸੁਥਰਾ ਕਰਨ ਲਈ ਜਿਥੇ ਸਕੂਲ, ਪਾਠਸ਼ਾਲਾ, ਕਾਲਜ, ਯੂਨੀਵਰਸਿਟੀਆਂ ਆਦਿਕ ਦੀ ਲੋੜ ਹੈ ਉਥੇ ਧਾਰਮਿਕ ਰੀਤੀ ਅਨੁਸਾਰ ਸਤਿਸੰਗ ਮਹਿਮਾ ਅਤਿਅੰਤ ਜ਼ਰੂਰਤ ਦੀ ਕੜੀ ਹੈ, ਜਿਸ ਬਗੈਰ ਮਨੁੱਖੀ ਜ਼ਿੰਦਗੀ ਦਾ ਇਹ ਮੰਤਵ ਚਕਨਾਚੂਰ ਹੋ ਜਾਵੇਗਾ।

ਦੂਸਰਾ ਬੁਨਿਆਦੀ ਸਿਧਾਂਤ ਜਿਸ ਦੀ ਘਾੜਤ ਹੁੰਦੀ ਹੈ, ਉਹ ਹੈ ਬੰਦਗੀ। ਇਕ ਸੋਚ ਅਨੁਸਾਰ ਇਸ ਦੀ ਲੋੜ ਕੀ ਹੈ, ਕਿਉਂ ਹੈ। ਫਿਰ ਬੰਦਗੀ ਕਰਨੀ ਜ਼ਰੂਰੀ ਵੀ ਦੱਸੀ ਗਈ ਹੈ ਅਧਿਆਤਮਿਕਤਾ ਅੰਦਰ।

ਸਾਨੂੰ ਇਸ ਗੱਲ ਨੂੰ ਅੱਛੀ ਤਰ੍ਹਾਂ ਸਮਝ ਲੈਣਾ ਚਾਹੀਦਾ ਕਿ ਮਨੁੱਖੀ ਦੌੜ ਹਰ ਕਦਰ ਸੁਖ ਦੀ ਤਰਫ ਹੀ ਹੁੰਦੀ ਹੈ। ਜੇ ਕਿਧਰੇ ਸਰੀਰ ਜਾਂ ਜ਼ਿੰਦਗੀ ਨੂੰ ਗਹਿਰੇ ਜ਼ੋਖਮ ਵਿਚ ਸੁੱਟਿਆ ਗਿਆ ਤਾਂ ਉਹ ਵੀ ਸੁਖ ਢੂਢ ਖਾਤਰ ਹੀ, ਕੀ ਉਹ ਪ੍ਰਾਪਤ ਕਰ ਲਿਆ, ਜਵਾਬ ਨਾਂਹ ਵਾਚਕ ਹੈ। ਕਾਰਨ ਮਨ ਭਟਕ ਰਿਹਾ, ਅਸ਼ਾਂਤ ਜੁ ਹੋਇਆ। ਅਸ਼ਾਂਤੀ ਔਰ ਭਟਕਣਾ ਦਾ ਕਾਰਨ ਦੁਬਿਧਾ, ਦੁਚਿਤਾਪਣ, ਪ੍ਰਭੂ ਤਿਆਗ ਔਰ ਵਿਸ਼ੇ ਵਾਸ਼ਨਾ ਵਲ ਪ੍ਰੇਰਤ ਹੋਣਾ ਹੀ ਹੈ। ਗੁਰੂ ਸਾਹਿਬਾਨ ਨੇ ਸਪੱਸ਼ਟ ਫੁਰਮਾਇਆ ਹੈ :

ਮਨ ਕੇ ਬਿਕਾਰ ਮਨਹਿ ਤਜੈ
ਮਨਿ ਚੂਕੈ ਮੋਹੁ ਅਭਿਮਾਨੁ ॥

(ਸਿਰੀਰਾਗ ਮ ੩, ਅੰਗ ੩੯)

ਇਨ੍ਹਾਂ ਤੇ ਕਾਬੂ ਪਾ। ਨਹੀਂ ਤਾਂ ਜਾਣ ਕਿ ਵੱਡੇ-ਵੱਡੇ ਤਪੀਸਰ, ਰਿਸ਼ੀ ਮੁਨੀ, ਰਾਜੇ ਮਹਾਰਾਜੇ, ਪਾਰਸਨਾਥ ਵਰਗੇ ਇਸ ਮਨ ਹੱਥੋਂ ਸਤਾਏ ਹੋਏ ਤੜਫ ਤੜਫ ਕੇ ਜਹਾਨੋ ਲੱਦ ਗਏ। ਇਨ੍ਹਾਂ ਕਾਰਨਾ ਨੂੰ ਮੱਦੇ ਨਜ਼ਰ ਰੱਖਦਿਆਂ ਉਪਨਿਸ਼ਦ ਅੰਦਰ ਅਜਿਹੇ ਸਿਧਾਂਤ ਦਾ ਨਿਰਮਾਣ ਕੀਤਾ ਗਿਆ ਜਿਸ ਨਾਲ ਕੁਝ ਸਮਝ ਪੈਦਾ ਹੁੰਦੀ ਹੈ। ਵਿਚਾਰ ਪ੍ਰਸਤੁਤ ਕਰਦਿਆਂ ਆਖਿਆ ਕਿ ਇਹ ਆਤਮਾ ਮਨੋਸਥੀ ਹੈ, ਇਸ ਦਾ ਅਧਿਆਤਮਿਕ ਦੁਨੀਆਂ ਵਿਚ ਉੱਤਮ ਸਥਾਨ ਅਸਥਿਤ ਹੈ। ਕਾਠੋ ਉਪਨਿਸ਼ਦ ਅੰਦਰ ਆਤਮਾ ਨੂੰ ਰਥਵਾਨ ਮੰਨਿਆ, ਬੁਧੀ ਨੂੰ ਸਾਰਥੀ (ਕੋਚਵਾਨ), ਸਰੀਰ ਨੂੰ ਰੱਥ। ਇਸ ਰਥ ਦੀਆਂ ਲਗਾਮਾਂ ਮਨ ਦੇ ਹੱਥ ਵਿਚ ਹਨ।

ਆਤਮਾਨੰ ਰਥਿਨੰ ਵਿਧਿ ਰਥਮੇਵ ਤੁ।
ਬੁਧਿ ਤੁ ਮਾਰ ਖਿਮ ਵਿਧਿ ਮਨਾ ਪ੍ਰਗ੍ਰਹਮੇਵਚ ॥

ਮਨ ਦੀਆਂ ਲਗਾਮਾਂ ਕਾਬੂ ਕਰਨ ਲਈ ਬਹੁਤ ਜ਼ੋਰ ਦਿਤਾ ਗਿਆ ਹੈ। ਜਿਸ ਸਦਕਾ, ਅੰਦਰ ਸ਼ਾਂਤੀ ਔਰ ਜੀਵਨ ਦੌਰਾਨ ਸੁਖ ਪ੍ਰਾਪਤੀ ਹੈ ਅਤੇ ਬਾਅਦ ਵਿਚ ਪਰਮ ਪੂਜ ਪ੍ਰਮੇਸ਼ਰ ਕੋਲ ਸੁਖੈਨ ਹੀ ਪਹੁੰਚ ਅਤੇ ਮੋਖਸ਼ ਪਦਵੀ ਪਾਈ ਜਾ ਸਕਦੀ ਹੈ।

ਮਨ ਮੇਰੇ ਏਕੋ ਨਾਮੁ ਧਿਆਇ ॥
ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ ॥

(ਸਿਰੀਰਾਗੁ ਮ ੫, ਅੰਗ ੪੫)

ਇਸ ਤਰੀਕੇ ਉਸ ਅਕਾਲ ਇਬਾਦਤ ਨੂੰ ਮੁਖ ਤੌਰ ਤੇ ਦੁਨੀਆਂਦਾਰੀ ਨੂੰ ਗਉਣੇ ਰੂਪ ਵਿਚ ਲੈ ਕੇ ਜੀਵਨ ਵਿਸਥਾਰ ਵੱਲ ਪੜਾਅ ਕਰਨਾ ਹੈ । ਜਿਸ ਸਦਕਾ ਜੀਵਨ ਰਹੱਸ ਨੂੰ ਜਾਣ ਪ੍ਰਭੂ ਸੰਗ ਜੋੜ ਜੁੜਦਾ ਹੈ। ਸੋ ਮਨ ਨੂੰ ਵਸੀਕਰਣ ਕਰਨ ਲਈ ਹੀ ਸਾਰੇ ਸਾਧਨ ਜੁਟਾਉਣ ਦੀ ਜ਼ਰੂਰਤ ਪੈਂਦੀ ਹੈ। ਮਨ ਰੋਕ, ਪ੍ਰਭੂ ਭਗਤੀ ਅੰਦਰ ਟਿਕਾਣਾ, ਇਹ ਵਿਸ਼ੇਸ਼ਤਾ ਸਤਸੰਗਤਿ ਦੇ ਹਿਸੇ ਆਈ ਹੈ ਜਿਥੇ ਅਕਾਲ ਅਰਾਧਨਾ ਦੇ ਗੋਹਝ ਰਹੱਸ ਨੂੰ ਸਮਝਾਉਣ ਦਾ ਯਤਨ ਹਰ ਤਰ੍ਹਾਂ ਕੀਤਾ ਜਾਂਦਾ ਹੈ ।

ਸਤਸੰਗਤਿ ਕੈਸੀ ਜਾਣੀਐ ॥

ਸੰਗਤ ਪ੍ਰਭੂ ਪਿਆਰਿਆਂ ਦਾ ਮੇਲ ਮਿਲਾਪ ਹੈ, ਜਿਥੇ ਹਰੀ ਦੀ ਸਿਫਤ ਕਰਕੇ ਉਸ ਵਿਚ ਲੀਨ ਹੋਣ ਦਾ ਉਪਦੇਸ਼ ਮਿਲਦਾ ਹੈ। ਸੰਗਤ ਕਰਨ ਦੇ ਨਾਲ ਹੀ ਨਿਤਾਪ੍ਰਤੀ ਗੁਰਬਾਣੀ ਪੜ੍ਹਨ, ਇਸ ਦੀ ਵਿਚਾਰ ਕਰਨ, ਕੀਰਤਨ ਕਰਨ ਅਤੇ ਨਾਮ ਸਿਮਰਣ ਨਾਲ ਵਿਸ਼ੇ ਵਿਕਾਰ ਤੇ ਕਾਬੂ ਪਾਉਣ ਵਾਸਤੇ ਅਧਿਆਤਮਿਕ ਮਾਰਗ ਤੇ ਚੱਲ ਕੇ ਪ੍ਰਭੂ ਪਰਾਪਤੀ ਲਈ ਉਤਸ਼ਾਹ ਮਿਲਦਾ ਹੈ।

ਗੁਰਮਤਿ ਨੇ ਚਾਰ ਪ੍ਰਕਾਰ ਦੀ ਸੰਗਤ ਮੰਨੀ ਹੈ :

੧. ਸੰਗਤ- ਜਿਨ੍ਹਾਂ ਦੇ ਮਿਲਣ ਨਾਲ ਕੋਈ ਪਰਾਪਤੀ ਨਹੀਂ

੨. ਸਾਧ ਸੰਗਤ- ਜਿਨ੍ਹਾਂ ਦੇ ਕੋਲ ਬੈਠਣ ਕਰਕੇ ਜੀਵਨ ਦੀ ਜਾਚ, ਪ੍ਰਯੋਜਨ, ਮਨੁੱਖੀ ਜਾਮੇ ਦੀ ਪਰਾਪਤੀ ਦੇ ਮਾਰਗ ਦਾ ਗਿਆਨ ਮਿਲਦਾ ਹੈ।

੩. ਕੁਸੰਗਤ- ਜਿਨ੍ਹਾਂ ਬਾਰੇ ਗੁਰਬਾਣੀ ਦਾ ਫੁਰਮਾਣ ਹੈ :

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥

(ਅੰਗ ੧੩੭੧)

੪. ਸਤਸੰਗਤਿ- ਜਿਥੇ ਇਕੋ ਹੀ ਅਕਾਲ ਪੁਰਖ ਦੀ ਉਸਤਤੀ ਹੁੰਦੀ ਹੋਵੇ। ਉਸ ਨੂੰ ਹੀ ਸਤਸੰਗਤਿ ਕਹਿੰਦੇ ਹਨ ਜਿਵੇਂ:- ਗੁਰਬਾਣੀ-

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

(ਅੰਗ-੭੨)

ਜਿਥੇ ਕੋਈ ਮਜ਼੍ਹਬ, ਜਾਤ-ਪਾਤ, ਊਚ-ਨੀਚ, ਇਸਤਰੀ-ਪੁਰਸ਼ ਦੇ ਵਿਤਕਰੇ ਤੋਂ ਬਗੈਰ ਸਭ ਇਕੱਠੇ ਜੁਟ ਬੈਠਦੇ ਹਨ। ਕਿਉਂਕਿ ਜਿਥੇ ਬਨਸਪਤੀ ਜੀਵ ਜੰਤੂ ਸੰਗਤ ਦੇ ਪ੍ਰਭਾਵ ਨੂੰ ਕਬੂਲਦੇ ਹਨ ਉਥੇ ਮਨੁੱਖ ਦਾ ਸੁਭਾਅ ਵੀ ਸੰਗਤ ਦਾ ਅਸਰ ਕਬੂਲਦਾ ਹੈ, ਇਹ ਹੀ ਕਾਰਨ ਹੈ ਕਿ ਸਿੱਖ ਧਰਮ ਵਿਚ ਸੰਗਤ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ ਅਤੇ ਹਮੇਸ਼ਾਂ ਹੀ ਸਤਸੰਗਤਿ ਕਰਨ ਦਾ ਹੁਕਮ ਦਿੱਤਾ ਗਿਆ ਹੈ। ਗੁਰੂ ਸਾਹਿਬ ਜੀ ਦਾ ਸੁੰਦਰ ਫੁਰਮਾਣ ਹੈ ਕਿ ਹੇ ਜੀਵ ਤੂੰ ਸਤਸੰਗਤਿ ਵਿਚ ਇਵੇਂ ਜੁੜਿਆ ਰਹਿ ਜਿਵੇ ਕਿ ਸ਼ਹਿਦ ਦੀਆਂ ਮੱਖੀਆਂ :

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

(ਅੰਗ ੪੮੬)

ਸਾਧਸੰਗਤਿ ਰੂਪੀ ਸੱਚੀ ਟਕਸਾਲ ਵਿਚ ਨਾਮ ਬਾਣੀ ਸਿਮਰਨ ਕਰਨ ਨਾਲ ਮਨੁੱਖ ਦੀ ਬਾਹਰ-ਮੁਖੀ ਬਿਰਤੀ ਅੰਤਰ-ਮੁਖੀ ਹੋ ਆਪਣੇ ਵਿਚ ਅਕਾਲ ਪੁਰਖ

ਦੀ ਜੋਤ ਨੂੰ ਅਨੁਭਵ ਕਰਦੀ ਹੈ, ਮਨੁੱਖ ਦੇ ਮਨ ਚੋਂ ਵਿਕਾਰੀ ਅਤੇ ਮਾਇਕੀ ਫੁਰਨੇ ਅਥਵਾ ਵਲਵਲੇ ਆਪ-ਮੁਹਾਰੇ ਸ਼ਾਂਤ ਹੋਣ ਲੱਗ ਪੈਂਦੇ ਹਨ, ਫਿਰ ਦੂਜਿਆਂ ਨੂੰ ਸੁਖੀ ਵੇਖ ਕੇ ਈਰਖਾ ਕਰਨ ਦੀ ਆਦਤ ਖਤਮ ਹੋ ਜਾਂਦੀ ਹੈ, ਜੈਸਾ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ *(ਅੰਗ ੧੨੯੯)*
ਸਾਧਸੰਗਿ ਅਰਾਧਨਾ ਹਰਿ ਨਿਧਿ ਆਪਾਰ ॥
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥ *(ਅੰਗ ੮੧੬)*

ਅਗਰ ਐਸਾ ਵੀ ਮੰਨਣ 'ਚ ਕੋਈ ਹਰਜ ਨਹੀਂ ਹੋਵੇਗਾ ਕਿ ਸੰਗਤ ਸਿੱਖ ਦੀ ਵਾੜ ਹੈ ਅਰਥਾਤ ਕਿਲ੍ਹਾ ਹੈ, ਜਿਸ ਕਰਕੇ ਉਸ ਦਾ ਮਨ ਵਿਸ਼ੇ-ਵਿਕਾਰਾਂ ਵੱਲ ਨਹੀਂ ਜਾਂਦਾ ਅਤੇ ਉਤਸ਼ਾਹ ਨਾਲ ਬਾਣੀ ਸਿਮਰਨ ਕਰਕੇ ਪ੍ਰਭੂ ਦੀ ਪਰਾਪਤੀ ਵੱਲ ਯਤਨਸ਼ੀਲ ਰਹਿੰਦਾ ਹੈ। ਮਨ ਦੀ ਹਉਮੈ ਨੂੰ ਪਰਖਣ ਲਈ ਵੀ ਸੰਗਤ ਇਕ ਪ੍ਰਯੋਗਸ਼ਾਲਾ ਹੈ, ਕਿਉਂਕਿ ਸੰਗਤ ਵਿਚ ਹੀ ਰਹਿ ਕੇ ਜਗਿਆਸੂ ਨਾਮ ਬਾਣੀ ਦੇ ਸਿਮਰਨ ਨਾਲ ਬੋਲ-ਕਬੋਲ ਸਹਾਰਨ ਦੀ ਸ਼ਕਤੀ ਪਰਾਪਤ ਕਰਦਾ ਹੈ। ਸਿੱਖ ਇਤਿਹਾਸ ਇਸ ਦੀ ਗਵਾਹੀ ਭਰਦਾ ਹੈ ਕਿ ਸਤਸੰਗਤਿ ਕਰਨ ਨਾਲ ਵੱਡੇ-ਵੱਡੇ ਚੋਰ-ਡਾਕੂ, ਪਾਪੀ, ਸਾਕਤ, ਵਿਸ਼ੇ-ਵਿਕਾਰੀ ਮਾਇਆਧਾਰੀ ਅਤੇ ਹੰਕਾਰੀ ਉੱਚ ਕੋਟੀ ਦੇ ਗੁਰਸਿੱਖ ਅਤੇ ਭਗਤ ਨਾਮ ਰਸੀਏ ਬਣ ਗਏ, ਪਰ ਅਜੋਕੇ ਸਮੇਂ 'ਚ ਕੌਮੀ ਵਿਤਕਰੇ, ਆਪਸੀ ਪਿਆਰ, ਭ੍ਰਾਤਰੀ ਭਾਵ ਖਤਮ ਹੋਣ ਵਲ ਇਸੇ ਕਰਕੇ ਤੁਰਿਆ ਹੈ। ਅੱਜ ਜਿਸ ਨੂੰ ਥੋੜੀ ਜਿਹੀ ਚੌਧਰ ਕੁਰਸੀ ਮਿਲ ਗਈ, ਉਹ ਕਹਿੰਦਾ ਹੁਣ ਜੇ ਮੈਂ ਗੁਰੂ ਦਰਬਾਰ 'ਚ ਸਤਸੰਗੀ ਦੇ ਰੂਪ ਬੈਠਾ ਤਾਂ ਮੇਰੀ ਬੇਇਜ਼ਤੀ ਹੈ, ਨਿਰਾਦਰੀ ਹੈ। ਦੇਖਣ ਵਾਲੇ ਕਹਿਣਗੇ ਅੱਜ ਕਥਾ ਕੀਰਤਨ ਗੁਰ-ਉਪਦੇਸ਼ ਸੁਣ ਰਿਹਾ ਹੈ। ਬਸ ਉਹ ਕਹਿੰਦਾ ਮੈ ਹੁਣ ਸੰਗਤ 'ਚ ਬੈਠਾ ਸੋਭਾ ਨਹੀਂ ਦਿੰਦਾ। ਤੁਸੀ ਕਿਸੇ ਵੀ ਅਦਾਰੇ 'ਚ ਜਾ ਕੇ ਦੇਖ ਸਕਦੇ ਹੋ ਕਿ ਜ਼ਿੰਮੇਵਾਰ ਪ੍ਰਬੰਧਕ ਦੀਵਾਨ ਹਾਲ 'ਚ ਬੈਠਾ ਨਹੀਂ ਦਿੱਸੇਗਾ ਭਾਵੇਂ ਕੋਈ ਡੇਰੇਦਾਰ ਹੈ, ਭਾਵੇਂ ਕੋਈ ਬੁਲਾਰਾ ਹੈ, ਬਕਤੇ ਦੇ ਰੂਪ 'ਚ ਦਿੱਸ ਜਾਣਗੇ ਪਰ ਸ੍ਰੋਤੇ ਦੇ ਰੂਪ 'ਚ ਨਹੀਂ ਦਿੱਸਣਗੇ। ਅੱਜ ਆਪੋ-ਧਾਪੀ ਦਾ ਕਾਰਨ ਹੀ ਇਹ ਹੈ ਕਿ ਅਸੀਂ ਸਤਸੰਗਤਿ ਕਰਨੀ ਛੱਡ ਦਿੱਤੀ, ਮਨ ਕਰਕੇ ਗੁਰੂ ਦਾ ਡਰ ਭੈ, ਸ਼ਰਧਾ ਭਾਵਨਾ, ਪ੍ਰੇਮ ਤੋਂ ਖਾਲੀ ਹੋ ਕੇ ਹੰਕਾਰੀ ਬਣ ਕੇ ਕੁਰਸੀਆਂ ਨੂੰ ਜੱਫੀ ਪਾ ਕੇ ਬੈਠੇ ਹਾਂ। ਗੁਰੂ ਪਰਮੇਸ਼ਰ ਦਾ ਡਰ ਮਨ ਚੋਂ ਖਤਮ ਕਰ ਲਿਆ ਜੇ ਆਪਾਂ ਸਾਰੇ ਬੁਲਾਰੇ, ਵਿਦਵਾਨ, ਲੀਡਰ, ਡੇਰੇਦਾਰ, ਟਰੱਸਟੀ, ਪ੍ਰਬੰਧਕ ਸਤਸੰਗੀ ਬਣ ਜਾਈਏ ਤਾਂ ਹੋ ਸਕਦਾ ਪਹਿਲੇ ਗੁਰਸਿੱਖਾਂ ਵਾਂਗ ਅਸੀਂ ਵੀ ਤਿਆਗੀ ਵਿਰਾਗੀ ਨਾਮ-ਰਸੀਏ ਬਣ ਕੇ ਜੀਵਨ ਸੁਖ ਅਤੇ ਸ਼ਾਂਤੀ

ਨਾਲ ਬਸਰ ਕਰ ਜਾਈਏ, ਜਾਂ ਕਰ ਸਕੀਏ ਕਿਉਂਕਿ ਭਗਤੀ ਕਰਨ ਵਾਸਤੇ ਵੀ ਗੁਣਾਂ ਦੀ ਜ਼ਰੂਰਤ ਹੈ, ਜੈਸਾ ਕਿ ਟੀਚਰ ਨੇ ਜਿਥੇ ਡਿਪਲੋਮਾ ਡਿਗਰੀ ਹਾਸਲ ਕੀਤੀ ਹੈ ਉਥੇ ਉਸ ਨੂੰ ਬੱਚਿਆਂ ਨੂੰ ਤਾਲੀਮ ਦੇਣ ਦਾ ਢੰਗ ਵੀ ਆਉਣਾ ਚਾਹੀਦਾ ਹੈ। ਜਿਥੇ ਸਾਨੂੰ ਪਰਮਾਤਮਾ ਨੇ ਮਨੁੱਖਾ ਜਾਮਾ ਬਖਸ਼ ਕੇ ਭਗਤੀ ਬੰਦਗੀ ਕਰਨ ਵਾਸਤੇ ਕਿਹਾ ਹੈ ਤੇ ਇਹ ਵੀ ਜ਼ਰੂਰੀ ਹੈ ਕਿ ਸਾਡੇ ਵਿਚ ਬੰਦਗੀ ਕਰਨ ਵਾਸਤੇ ਗੁਣ ਵੀ ਚਾਹੀਦੇ ਹਨ, ਜੈਸਾ ਕਿ ਗੁਰਬਾਣੀ ਦਾ ਫੁਰਮਾਣ ਹੈ :

ਵਿਣੁ ਗੁਣ ਕੀਤੇ ਭਗਤਿ ਨ ਹੋਇ ॥ *(ਜਪੁ ਜੀ)*

ਗੁਰਬਾਣੀ ਦੀ ਕੁੰਜੀ ਦਾ ਖਿਤਾਬ ਪਰਾਪਤ ਕਰਨ ਵਾਲੇ ਮਹਾਨ ਗੁਰਸਿੱਖ ਵਿਦਵਾਨ ਭਾਈ ਗੁਰਦਾਸ ਜੀ ਕਬਿੱਤ ਰਾਹੀਂ ਸੁੰਦਰ ਵਿਚਾਰ ਦੇ ਰਹੇ ਹਨ :

ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ,
ਸਚ ਬਿਨੁ ਸੋਚ ਨ ਜਨੇਊ ਜਤ ਹੀਨ ਹੈ ॥

ਭਾਵ ਅਰਥ :- ਵਾਹਿਗੁਰੂ ਦੇ ਨਾਮ ਬਿਨਾਂ ਕੋਈ ਕਰਮ ਧਰਮ ਲੇਖੇ ਵਿਚ ਨਹੀਂ, ਅਤੇ ਸੁੱਚੇ ਆਚਰਣ ਬਿਨਾਂ ਕੋਈ ਪਵਿੱਤਰ ਨਹੀਂ, ਭਾਵ ਜਤ ਤੋਂ ਬਗੈਰ ਜਨੇਊ ਧਾਰਨਾ ਕਿਸੇ ਲੇਖੇ ਨਹੀਂ :

ਬਿਨੁ ਗੁਰ ਦੀਖਿਆ ਗਿਆਨ, ਬਿਨੁ ਦਰਸਨ ਧਿਆਨ,
ਭਾਉ ਬਿਨੁ ਭਗਤਿ ਨ ਕਥਨੀ ਭੈ ਭੀਨ ਹੈ ॥

ਭਾਵ ਅਰਥ :- ਗੁਰ ਮੰਤਰ ਪਰਾਪਤ ਕੀਤੇ ਬਿਨਾਂ ਕੋਈ ਗਿਆਨ ਨਹੀਂ, ਸਤਿਗੁਰਾਂ ਦੇ ਦਰਸ਼ਨਾਂ ਅਤੇ ਧਿਆਨ ਬਿਨਾਂ ਹੋਰ ਧਿਆਨ ਲੇਖੇ 'ਚ ਨਹੀ ਆ ਸਕਦਾ। ਇਉਂ ਹੀ ਬਿਨਾਂ ਪ੍ਰੇਮ ਤੋ ਭਗਤੀ ਨਹੀਂ ਹੋ ਸਕਦੀ ਅਤੇ ਨਾ ਹੀ ਕਹਿਣੀ ਕਥਨੀ ਸਤਿਕਾਰ ਵਾਲੀ ਭਾਈ ਗੁਰਦਾਸ ਜੀ ਫੁਰਮਾ ਰਹੇ ਹਨ :

ਸਾਂਤਿ ਨ ਸੰਤੋਖ ਬਿਨੁ, ਸੁਖ ਨ ਸਹਜ ਬਿਨੁ,
ਸਬਦ ਸੁਰਤਿ ਬਿਨੁ ਪ੍ਰੇਮ ਨ ਪ੍ਰਧੀਨ ਹੈ ।

ਭਾਵ ਅਰਥ :- ਸਬਰ ਸੰਤੋਖ ਬਿਨਾਂ ਅੰਤਰ ਆਤਮੇ ਸ਼ਾਂਤੀ ਨਹੀਂ ਵੱਸ ਸਕਦੀ, ਸਹਿਜ ਪਦ ਦੀ ਪ੍ਰਾਪਤੀ ਬਿਨਾਂ ਸੱਚਾ ਅਤੇ ਸਦੀਵੀ ਸੁਖ ਨਹੀ ਮਿਲ ਸਕਦਾ, ਇਉਂ ਹੀ ਸ਼ਬਦ-ਸੁਰਤਿ ਦੇ ਮੇਲ ਤੋਂ ਬਿਨਾਂ ਪ੍ਰੇਮ ਵਿਚ ਨਿਪੁੰਨਤਾ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਦਾ ਮੇਲ, ਪਰਾਪਤੀ ਨਹੀਂ ਹੋ ਸਕਦੀ। ਕਬਿੱਤ ਦੀਆਂ ਅਖੀਰਲੀਆਂ ਪੰਗਤੀਆਂ ਵਿਚ ਭਾਈ ਜੀ ਕਹਿੰਦੇ ਹਨ :

ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ,
ਬਿਨੁ ਸਾਧ ਸੰਗਤਿ ਨ ਰੰਗ ਲਿਵਲੀਨ ਹੈ ॥੨੧੫॥

(ਕਬਿੱਤ ੨੧੫)

ਭਾਵ ਪਰਮਾਤਮਾ ਬਗੈਰ ਪ੍ਰੇਮ ਸ਼ਰਧਾ ਪਵਿੱਤਰਤਾ ਧੀਰਜ, ਭਰੋਸੇ ਬਿਨਾਂ ਸਾਧ ਸੰਗਤਿ ਬਿਨਾਂ ਨਾਮ ਰੰਗ 'ਚ ਜੀਵ ਲਿਵਲੀਨ ਭਾਵ ਮਨ ਕਰਕੇ, ਤਨ ਕਰਕੇ ਜੁੜ ਨਹੀ ਸਕੇਗਾ ।

ਭਾਈ ਨੰਦ ਲਾਲ ਜੀ ਏਸੇ ਲਈ ਬੰਦਗੀ ਤੇ ਜ਼ੋਰ ਦੇ ਰਹੇ ਹਨ :

ਦੌਲਤੇ ਜਾਵੇਦ ਬਾਸਦ ਬੰਦਗੀ ।
ਬੰਦਗੀ ਕੁਨ ਬੰਦਗੀ ਕੁਨ ਬੰਦਗੀ ।

ਭਾਵ :- ਸਿਮਰਨ, ਭਗਤੀ, ਸਦੀਵੀ ਦੌਲਤ ਹੈ, ਕਿਉਂਕਿ ਅਹੁਦੇ, ਕਾਰੋਬਾਰ, ਸਰੀਰ, ਧਨ ਦੌਲਤ ਸਭ ਇਥੇ ਹੀ ਰਹਿ ਜਾਣੇ ਹਨ, ਇਸ ਲਈ ਸੱਜਣਾ ਬੰਦਗੀ ਕਰ ਬੰਦਗੀ ਕਰ, ਜੇ ਤੂੰ ਇਹ ਬੰਦਗੀ ਦਾ ਲਿਬਾਸ ਪਹਿਣ ਲਵੇਂ, ਤਾਂ ਤੈਨੂੰ ਸ੍ਰਿਸ਼ਟੀ ਦੀ ਬਾਦਸ਼ਾਹੀ ਪਰਾਪਤ ਹੋ ਜਾਵੇਗੀ ਅਤੇ ਆਕਾਸ਼ ਤੋਂ ਪਾਤਾਲ ਤੱਕ ਸਾਰੀ ਦੌਲਤ ਤੇਰੀ ਹੋ ਜਾਵੇਗੀ ।

ਨਾਮ ਧਨ ਤੋਂ ਬਗੈਰ ਅਸੀਂ ਕੰਗਾਲ ਹਾਂ । ਇਹ ਤਾਂ ਸਾਰਾ ਕੱਚਾ ਧਨ ਹੈ ਜਿਸ ਨੂੰ ਦੇਖ ਕੇ ਖੁਸ਼ ਹੋ ਰਿਹਾ ਹੈ, ਅਤੇ ਜੋ ਨਾਮ ਦੀ ਵੀਚਾਰ ਸਤਸੰਗਤਿ ਚੋਂ ਪਰਾਪਤ ਹੁੰਦੀ ਹੈ, ਉਸ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹਨ :

ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
(ਅੰਗ ੨੯੨

ਸਾਧਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥
ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲੰਭ ਦੇਹ ਕਾ ਕਰਹੁ ਉਧਾਰੁ ॥
ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥
(ਪੰਨਾ ੨੯੩)

ਅਰਥ :- ਇਸ ਤੋਂ ਵਧ ਕੇ ਹੋਰ ਕੋਈ ਵੀਚਾਰ ਬਿਬੇਕ ਨਹੀਂ ਜੇ ਕਿਸੇ ਅਭਿਆਸੀ ਜਨ ਦੇ ਮਨ ਵਿਖੇ ਨਾਮ ਦੀ ਕਮਾਈ ਦੁਵਾਰਾ ਨਾਮੀ ਨਿਰੰਕਾਰ ਦਾ ਹਿਰਦੇ ਅਨੁਭਵ ਹੋਇਆ ਹੈ, ਏਸ ਸਾਰ ਤਤ ਬਿਬੇਕ ਕਮਾਈ ਤੇ ਸਾਧ ਸੰਗਤਿ ਵਿਚ ਜਾ ਕੈ ਜੁੜਨਾ ਅਤੇ ਪ੍ਰਭੂ ਪਰਮਾਨੰਦ ਦੇ ਗੁਣ ਗਾਉਣੇ ਇਹ ਤੱਤ-ਆਨੰਦੀ ਬਿਬੇਕ ਕਰਮ ਹੈ, ਪਿਛਲੀ ਦੁਤੁਕੀ ਅੰਦਰ ਆਏ ਗੁਰ-ਬਚਨਾਂ ਦਾ ਕਮਾਵਣਾ ਅਰਥਾਤ ਸਾਧਸੰਗਤਿ ਵਿਖੇ ਆਨੰਦ-ਪੂਰਬਕ ਗੋਬਿੰਦ ਗੁਣ ਗਾਵਣਾ ਸੱਚਾ ਵਿਚਾਰ ਵਿਵੇਕ ਹੈ :

ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ॥
ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥
ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ॥

ਹਰਿ ਕੀਰਤਨ ਮਹਿ ਊਤਮ ਧੁਨਾ ॥
ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥

(ਅੰਗ ੧੧੮੨)

ਮਿਲਿ ਸੰਤਸੰਗਿ ਬੋਲੀ ਹਰਿ ਬਾਣੀ ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥
ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥

(ਅੰਗ ੯੫)

ਤਥਾ- ***ਨਿਰਗੁਣ ਕਥਾ ਕਥਾ ਹੈ ਹਰਿ ਕੀ ॥***
ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥
ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥

(ਅੰਗ ੧੬੪)

ਤਥਾ- ***ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥***
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥

(ਅੰਗ ੪੮੧)

ਸਿਧ ਗੋਸਟਿ ਵਿਚ ਜੋ ਗੁਰੂ ਨਾਨਕ ਦੇਵ ਜੀ ਦੇ ਨਾਲ ਸਿੱਧਾਂ ਦੇ ਸਵਾਲ ਜਵਾਬ ਹੋਏ ਹਨ, (੧੭) ੧੫੩ ਪ੍ਰਸ਼ਨਾ ਦੇ ਉੱਤਰ ੭੩ ਪਉੜੀਆਂ ਵਿਚ ੬੭੫੦ ਅੱਖਰਾਂ 'ਚ ਸਤਿਗੁਰੂ ਜੀ ਨੇ ਸਿੱਧਾਂ ਦੇ ਕਪਾਟ ਖੋਲ੍ਹੇ ਉਹਨਾਂ ਨੂੰ ਕਹਿਣਾ ਪਿਆ–

ਸਿਧਿ ਬੋਲਨਿ ਸੁਭਿ ਬਚਨਿ, ਧਨੁ ਨਾਨਕ ਤੇਰੀ ਵਡੀ ਵਡਿਆਈ ॥

(ਭਾਈ ਗੁਰਦਾਸ, ਵਾਰ ੧/੪੪)

ਸਤਿਗੁਰਾਂ ਇਸ ਬਾਣੀ ਦੇ ਆਰੰਭ ਵਿਚ ਜੋ ਮੰਗਲਾਚਰਨ ਕੀਤਾ ਤੇ ਪਉੜੀ ਪਹਿਲੀ ਉਚਾਰੀ ਉਸ ਦੇ ਵਿਚ ਸੰਤ ਸਭਾ ਭਾਵ ਸਤਸੰਗਤਿ ਨੂੰ ਹੀ ਵਡਿਆਈ ਬਖਸ਼ੀ ਹੈ :

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥
ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥
ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥

(ਅੰਗ ੯੩੮)

ਅਰਥ:– (ਸਾਡੀ) ਨਮਸਕਾਰ ਉਸ ਸੰਤ ਸਭਾ ਨੂੰ ਹੈ ਜੋ ਰੱਬੀ ਮਜਲਸ (ਸਤਸੰਗਤਿ) ਬਣਾ ਕੇ ਅਡੋਲ ਬੈਠੇ ਹਨ, ਸਾੜੀ ਅਰਦਾਸ ਉਸ ਸੰਤ ਸਭਾ ਅੱਗੇ ਹੈ, ਜਿਸ ਵਿਚ ਸਦਾ ਕਾਇਮ ਰਹਿਣ ਵਾਲਾ ਅਪਰ ਅਪਾਰ ਪ੍ਰਭੂ (ਪ੍ਰਤੱਖ ਵੱਸਦਾ) ਹੈ। ਮੈਂ ਉਸ ਸੰਤ ਸਭਾ ਅੱਗੇ ਸਿਰ ਕੱਟ ਕੇ ਧਰ ਦਿਆਂ, ਤਨ ਅਤੇ ਮਨ ਦੀ

ਭੇਟਾ ਰੱਖ ਦਿਆਂ (ਤਾਂਕਿ) ਸੁਖੈਣ ਹੀ ਪ੍ਰਭੂ ਦੇ ਗੁਣ ਗਾ ਸਕਾਂ (ਕਿਉਂਕਿ) ਨਾਨਕ ! ਸੰਤ ਮਿਲ ਪਏ ਤਾਂ ਰੱਬ ਮਿਲ ਪੈਂਦਾ ਹੈ ।

ਭਾਵ ਸੰਤ ਸਭਾ ਦੀ ਸਵਾਲ ਜਵਾਬ ਕਰਮਵਾਰ ਧੰਨ ਗੁਰੂ ਨਾਨਕ ਸਾਹਿਬ ਜੀ ਨੇ ੧੫੩੯ ਈ: ਨੂੰ ਅੱਚਲ ਵਟਾਲੇ ਤੋ ਮੁਲਤਾਨ, ਮੁਲਤਾਨ ਤੋਂ ਕਰਤਾਰਪੁਰ, ਉਸ ਜਗ੍ਹਾ ਤੇ ਬੈਠ ਕੇ (ਕਰਤਾਰਪੁਰ) ਸਤਿਗੁਰਾਂ ਨੇ ਬਾਣੀ ਸਿਧ ਗੋਸਟਿ ਉਚਾਰੀ ਜੀ ।

ਸੰਗਤ ਦਾ ਪ੍ਰਭਾਵ

ਭਾਈ ਮੂਲਾ ਕ੍ਰੀੜ ਲਾਹੌਰੀਆ

ਇਹ ਲਾਹੌਰ ਦਾ ਸ਼ਾਹੂਕਾਰ ਸੁਦਾਗਰ ਸੀ। ਸਮੇਂ ਦੇ ਚੱਕਰ ਨੇ ਇਸ ਦੀ ਬੁਧੀ ਭ੍ਰਿਸ਼ਟ ਕਰ ਦਿੱਤੀ, ਉਹ ਮਾੜੇ ਕਰਮ ਕਰਨ ਲੱਗ ਪਿਆ, ਸਭ ਤੋਂ ਮਾੜਾ ਕਰਮ ਜੂਆ ਖੇਡਣਾ ਸ਼ੁਰੂ ਕਰ ਦਿੱਤਾ, ਜੁਆਰੀਆਂ ਦੀਆਂ ਟੋਲੀਆਂ ਨਾਲ ਉਠ ਬੈਠਣ ਹੋ ਗਿਆ। ਜੂਏ ਨਾਲ ਜਿੱਤ ਹਾਰ ਤਾਂ ਹੁੰਦੀ ਹੈ, ਜਿਵੇਂ ਕਈ ਜੁਆਰੀਆਂ ਦੀ ਤਰ੍ਹਾਂ ਯੁਧਿਸ਼ਟਰ ਨੇ ਜੂਏ ਵਿਚ ਸਭ ਕੁਝ ਹਾਰ ਦਿੱਤਾ ਸੀ, ਤਿਵੇਂ ਮੂਲਾ ਕ੍ਰੀੜ ਵੀ ਸਾਰੇ ਧਨ ਪਦਾਰਥ ਨੂੰ ਹਾਰ ਕੇ ਕੰਗਾਲ ਹੋ ਗਿਆ, ਘਰ ਦਾ ਮਕਾਨ ਤੇ ਘਰ ਦੇ ਭਾਂਡੇ ਰਹਿ ਗਏ, ਦਲਿੱਦਰੀ ਹੋ ਗਿਆ, ਘਰ ਲੰਮਾ ਪਿਆ ਰਹਿੰਦਾ ਸੀ। ਮੂਲੇ ਨੂੰ ਕਿਹਾ ਜੂਆ ਛੱਡ ਦੇ, ਪਰ ਮੂਲਾ ਨਾ ਮੰਨਿਆ। ਦੇਖਦੇ-ਦੇਖਦੇ ਸਭ ਕੁਝ ਹਾਰ ਗਿਆ, ਬੱਚੇ ਭੁਖੇ ਰਹਿਣ ਲੱਗੇ, ਇਸਤਰੀ ਵੀ ਰੋਣ ਲੱਗੀ, ਪਰ ਗਵਾਂਢ ਇਕ ਨੇਕ ਪਰਵਾਰ ਸੀ, ਗੁਰੂ ਨਾਨਕ ਦੇਵ ਜੀ ਦੀ ਸੰਗਤ ਉਨ੍ਹਾਂ ਨੂੰ ਪਰਾਪਤ ਸੀ, ਉਹ ਸਤਿਗੁਰਾਂ ਦੇ ਦਰਸ਼ਨਾਂ ਲਈ ਕਰਤਾਰਪੁਰ ਜਾਂਦੇ ਰਹਿੰਦੇ ਸੀ। ਉਸ ਪਰਵਾਰ ਨੇ ਮੂਲੇ ਅਤੇ ਉਸ ਦੇ ਬੱਚਿਆਂ ਤੇ ਘਰ ਵਾਲੀ ਦੀ ਹਾਲਤ ਦੇਖ ਕੇ ਕਿਹਾ, ਘਬਰਾਉਣ ਦੀ ਲੋੜ ਨਹੀਂ, ਕੇਵਲ ਇਕ ਕੰਮ ਕਰੋ ਸਾਰਾ ਪਰਵਾਰ ਸਾਡੇ ਨਾਲ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨ ਨੂੰ ਚਲੋ, ਉਨ੍ਹਾਂ ਦੀ ਸੰਗਤ ਕਰਨ ਨਾਲ ਸਭ ਕੁਝ ਠੀਕ ਹੋ ਜਾਵੇਗਾ। ਮੂਲੇ ਦੀ ਘਰ ਵਾਲੀ ਨੂੰ ਤਾਂ ਨੇਕ ਸਾਲਾਹ ਠੀਕ ਲੱਗੀ ਪਰ ਮੂਲਾ ਨਹੀ ਸੀ ਮੰਨਦਾ। ਇਕ ਦਿਨ ਮੂਲਾ ਦੇਰ ਰਾਤ ਘਰ ਆਇਆ, ਸਾਰੇ ਦਿਨ ਦਾ ਆਪ ਵੀ ਭੁੱਖਾ ਸੀ, ਉਸ ਦੀਆ ਆਂਦਰਾਂ ਉਹਦੀ ਮੂਰਖਤਾ ਉਤੇ ਰੋ ਰਹੀਆਂ ਸਨ, ਘਰ ਵਾਲੀ ਨੇ ਸੁੱਕੀਆਂ ਰੋਟੀਆਂ ਅੱਗੇ ਰੱਖ ਦਿੱਤੀਆਂ, ਖਾਣ ਤੋਂ ਉਪਰੰਤ ਘਰ ਵਾਲੀ ਨੇ ਫਿਰ ਕਰਤਾਰਪੁਰ ਜਾਣ ਦੀ ਗੱਲ ਆਖੀ, ਜੂਆ ਖੇਡਣਾ ਮਹਾਂ ਪਾਪ ਹੈ, ਤਬਾਹੀ ਦਾ ਮੂਲ ਹੈ, ਜੂਏ ਨੇ ਪੰਜਾਂ ਪਾਂਡਵਾਂ ਨੂੰ ਬਨਬਾਸ ਭੇਜਿਆ। ਦਰੋਪਦੀ ਦੀ ਨਿਰਾਦਰੀ ਹੋਣ ਤੋਂ ਮਸਾਂ ਬਚੀ, ਜੂਏ ਤੋਂ ਕਿਸੇ ਨੇ ਕੁਝ ਨਹੀਂ ਖੱਟਿਆ, ਕੌਡੀ ਕੌਡੀ ਦੇ ਆਦਮੀ ਟਿਚਰਾਂ ਕਰਦੇ ਹਨ। ਮੂਲੇ, ਜੇ ਤੂੰ ਜੂਆ ਨਹੀ ਛੱਡਣਾ ਐਸੇ ਜੀਵਨ ਤੋਂ ਮਰਨਾ ਚੰਗਾ ਹੈ, ਪਰ ਇੰਨਾ ਕੁਛ ਕਹਿਣ ਤੇ ਵੀ ਮੂਲਾ ਕਰਤਾਰਪੁਰ ਜਾਣ ਲਈ ਨਹੀ ਮੰਨਿਆ ਕਹਿੰਦਾ ਮੈਨੂੰ ੨ ਰੁਪਏ ਕਿਸੇ ਤੋਂ ਲਿਆ ਦੇ, ਮੈਂ ਦਾਅ ਤੇ ਲਾਉਣੇ ਹਨ, ਪਰ ਫਿਰ ਵੀ ਹਾਰ ਗਿਆ, ਕਹਿੰਦਾ ਮੇਰੇ ਭਾਗਾਂ ਵਿਚ ਹਾਰ

ਹੀ ਹਾਰ ਹੈ। ਘਰ ਵਾਲੀ ਨੇ ਫਿਰ ਕਿਹਾ ਮੇਰੀ ਮੰਨੋ ਅਤੇ ਕਰਤਾਰਪੁਰ ਚੱਲੋ, ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਚ ਜੋ ਵੀ ਜਾਂਦਾ ਹੈ ਸ਼ਰਧਾ ਨਾਲ ਉਸ ਦੇ ਬੇੜੇ ਪਾਰ ਹੋ ਜਾਂਦੇ ਹਨ, ਸਾਡੀ ਵੀ ਜ਼ਰੂਰ ਸੁਣਨਗੇ ਮੈਨੂੰ ਪੂਰਾ ਭਰੋਸਾ ਹੈ। ਸਵੇਰੇ ਰਾਮ ਦਿੱਤੀ ਅਤੇ ਕੁਸ਼ੱਲਿਆ ਨੇ ਜਾਣਾ ਹੈ ਆਪਾਂ ਨੂੰ ਵੀ ਜਾਣਾ ਚਾਹੀਦਾ ਹੈ। ਪਹਿਲਾਂ ਤਾਂ ਅੱਗੋ ਵਾਂਗੂੰ ਜਵਾਬ ਸੀ, ਪਰ ਅਖੀਰ ਰੋ ਕੁਰਲਾ ਕੇ ਘਰ ਵਾਲੀ ਨੇ ਮਨਾਇਆ। ਜਦੋਂ ਕਰਤਾਰਪੁਰ ਪਹੁੰਚੇ ਉਥੇ ਅਰਸ਼ੀ ਬਾਣੀ ਦਾ ਕੀਰਤਨ ਹੋ ਰਿਹਾ ਸੀ, ਜਦੋਂ ਦੋਨਾਂ ਜੀਆਂ ਨੇ ਮੱਥਾ ਟੇਕਿਆ ਤਾਂ ਤੁਕ ਆਈ :

ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥

(ਅੰਗ ੧੨੮੮)

ਜਿਵੇ ਤਿੱਖਾ ਤੀਰ ਕਿਸੇ ਦੀ ਹਿਕ ਵਿਚ ਵੱਜ ਕੇ ਉਸ ਨੂੰ ਘਾਇਲ ਕਰ ਦਿੰਦਾ ਹੈ, ਤਿਵੇਂ ਇਹ ਮਹਾਂਵਾਕ ਮੂਲੇ ਦੇ ਸੀਨੇ 'ਚ ਖੁਭ ਗਿਆ—

ਗੁਰਬਾਣੀ ਦਾ ਫੁਰਮਾਣ :

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕੁ ॥

(ਅੰਗ ੧੩੭੫)

ਮੂਲਾ ਬਿਹਬਲ ਹੋ ਕੇ ਚਰਨਾਂ ਤੇ ਢਹਿ ਪਿਆ। ਕਹਿਣ ਲੱਗਾ—ਹੇ ਜਗਤ ਦੇ ਤਾਰਨਹਾਰ ਨਿਰੰਕਾਰੀ ਜੋਤ ਮੇਰੇ ਤੇ ਰਹਿਮ ਕਰੋ, ਮੈਨੂੰ ਬਖਸ਼ੋ। ਸਤਿਗੁਰਾਂ ਨੇ ਮਿਹਰ ਦੀ ਨਿਗ੍ਹਾ ਨਾਲ ਨਿਹਾਲ ਕਰ ਦਿੱਤਾ, ਹੁਕਮ ਕੀਤਾ ਭਾਈ ਹਰ ਰੋਜ਼ ਸਤਸੰਗਤਿ ਕਰਨੀ, ਸੇਵਾ ਸਿਮਰਨ ਨੂੰ ਜੀਵਨ ਦਾ ਅੰਗ ਬਣਾਉਣਾ, ਪਰਮਾਤਮਾ, ਕਰਤਾਰ ਭਲੀ ਕਰੇਗਾ। ਜਿਵੇਂ-ਜਿਵੇਂ ਦੋਨੋਂ ਜੀਅ ਸੇਵਾ ਕਰਦੇ ਹਨ ਉਲਟੀ ਬੁੱਧੀ ਸਿੱਧੀ ਕਰ ਦਿੱਤੀ। ਪੂਰਾ ਇਕ ਮਹੀਨਾ ਸੇਵਾ ਕਰਨ ਤੋਂ ਬਾਅਦ ਆਗਿਆ ਲੈ ਕੇ ਲਾਹੌਰ ਆ ਗਏ, ਹੁਣ ਪੂਰੇ ਸਤਿਸੰਗੀ ਬਣ ਗਏ, ਭਗਤ ਤੇ ਨੇਕ ਪੁਰਸ਼ਾਂ ਕੋਲ ਉਠਣ ਬੈਠਣ ਹੋ ਗਿਆ। ਥੋੜੀ ਜਿਹੀ ਪੂੰਜੀ ਨਾਲ ਛੋਟੀ ਜਿਹੀ ਦੁਕਾਨ ਪਾ ਲਈ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਕਾਰੋਬਾਰ ਸੋਹਣ ਚਲ ਪਿਆ ਹੁਣ ਦੋਨੋਂ ਟਾਇਮ ਨਿੱਤਨੇਮ ਸੇਵਾ ਸਿਮਰਨ 'ਚ ਬਹੁਤ ਸਮਾਂ ਸਫਲ ਹੋਣ ਲੱਗਾ, ਆਏ ਗਏ ਦੀ ਸੇਵਾ ਕਰਨੀ ਮੁਖ ਧਰਮ ਬਣਾ ਲਿਆ, ਨਾਮ ਕਮਾਈ, ਸਤਸੰਗਤਿ ਦਾ ਸਦਕਾ ਪੂਰਨ ਭਗਤ ਸਮਬਿਰਤੀ ਦਾ ਧਾਰਨੀ ਹੋ ਕੇ ਲੋਕ-ਪਰਲੋਕ ਸਵਾਰਿਆ ਗਿਆ, ਇਹ ਸਭ ਕੁਛ ਗੁਰੂ ਜੀ ਦੇ ਚਰਨਾਂ 'ਚੋਂ, ਉਤੇ ਸਤਸੰਗਤਿ 'ਚੋਂ ਪਰਾਪਤਿ ਹੋਇਆ ਜੀ।

ਭਾਈ ਸਮੁੰਦਾ ਜੀ

ਬਾਵਨ ਅਖਰੀ ਮ: ੫ ॥
ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥
ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥
ਕਾ ਕੋ ਮਾਤ ਪਿਤਾ ਸੁਤ ਧੀਆ ॥
ਗ੍ਰਿਹ ਬਨਿਤਾ ਕਿਛੁ ਸੰਗਿ ਨ ਲੀਆ ॥
ਐਸੀ ਸੰਚਿ ਜੁ ਬਿਨਸਤ ਨਾਹੀ ॥
ਪਤਿ ਸੇਤੀ ਅਪੁਨੇ ਘਰਿ ਜਾਹੀ ॥
ਸਾਧਸੰਗਿ ਕਲਿ ਕੀਰਤਨੁ ਗਾਇਆ ॥
ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥

(ਅੰਗ ੨੫੩)

ਭਾਵ ਅਰਥ:- ਧੰਨ ਗੁਰੂ ਅਰਜਨ ਦੇਵ ਜੀ ਇਸ ਪਾਵਨ ਪਵਿੱਤਰ ਬਚਨ ਅੰਦਰ ਜੀਵ ਨੂੰ ਸਿਮਰਨ ਦੀ ਪ੍ਰੇਰਨਾ ਦੇ ਰਹੇ ਹਨ ਕਿ ਹੇ ਭਾਈ ਉਸ ਪ੍ਰਮਾਤਮਾ ਵਾਹਿਗੁਰੂ ਜੀ ਨੂੰ ਹਰ ਵਕਤ ਯਾਦ ਕਰ ਜੋ ਅੰਤ ਵੇਲੇ ਵੀ ਸਹਾਈ ਹੋਣ ਵਾਲਾ, ਜਿਸ ਝੂਠੇ ਸੰਸਾਰ 'ਚ ਖੱਚਤ ਹੋ ਕੇ ਜੀਵ ਨਾਮ ਨਹੀਂ ਜਪਦੇ ਇਹ ਤਾਂ ਚਾਰ ਦਿਨਾਂ ਦੀ ਖੇਡ ਹੈ ਇਸ ਸੰਸਾਰ ਨੂੰ ਸਾਰਿਆਂ ਇਕ ਦਿਨ ਛੱਡ ਜਾਣਾ ਹੈ, ਜੈਸਾ ਕਿ ਗੁਰਬਾਣੀ ਵਿਚ ਬਾਬਾ ਫਰੀਦ ਜੀ ਦਾ ਬਚਨ ਹੈ :

ਸਲੋਕ:- ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥

(ਅੰਗ ੧੩੮੧)

ਬਿਨਾਂ ਨਾਮ ਤੋਂ ਕੁਝ ਵੀ ਨਾਲ ਨਹੀਂ ਜਾਣਾ, ਇਸ ਕਰਕੇ ਸਾਚਾ ਧਨ, ਜੋ-

ਸਾਚਾ ਧਨੁ ਗੁਰਮਤੀ ਪਾਇ ॥ ਕਾਚਾ ਧਨੁ ਫੁਨਿ ਆਵੈ ਜਾਏ ॥

ਨਾਮ ਦਾ ਧਨ ਇਕੱਤਰ ਕਰ ਜੋ ਸਤਸੰਗਤਿ ਕਰਕੇ ਪਰਾਪਤਿ ਹੁੰਦਾ ਹੈ, ਫਿਰ ਆਦਰ ਸਹਿਤ ਸਤਕਾਰ ਨਾਲ ਆਪਣੇ ਪ੍ਰੀਤਮ ਦੇ ਘਰ ਨਿਜਘਰ ਨੂੰ ਜਾਣਾ ਕਰ, ਕਲਜੁਗਿ ਦੇ ਅੰਦਰ ਪਰਮਾਤਮਾ ਦੀ ਮਹਿਮਾ ਉਸਤਤੀ ਸਤਸੰਗਤਿ ਵਿਚ ਜਾ ਕੇ ਕਰ, ਫਿਰ ਤੂੰ ਵਾਰ-ਵਾਰ ਜੂਨਾਂ ਵਿਚ ਨਹੀ ਆਵੇਂਗਾ, ਅਸਲ ਵਿਚ ਭਾਈ ਗੁਰਦਾਸ ਜੀ ਨੇ-ਕਬਿੱਤ ਦੇ ਅੰਦਰ, ਆਉਣਾ ਹੀ ਸੰਸਾਰ ਤੇ ਸਫਲ ਉਨ੍ਹਾ ਦਾ

ਮੰਨਿਆ। ਜਿਹੜੇ ਗੁਰਮਤਿ ਦੇ ਧਾਰਨੀ ਹੋ ਮਨੁ ਤਨੁ ਪਵਿੱਤਰ ਕਰ ਲੈਂਦੇ ਹਨ:

(੧) ਸਫਲ ਜਨਮ ਗੁਰਮੁਖਿ ਹੁਇ ਜਨਮ ਜੀਤਿਓ,
ਚਰਨ ਸਫਲ ਗੁਰ ਮਾਰਗ ਰਵਨ ਕੈ ॥

ਭਾਵ:- ਗੁਰਮੁਖਾਂ ਦਾ ਜੀਵਨ ਤਾਂ ਜਨਮ ਸਫਲ ਹੈ ਜੋ ਜੀਵਨ ਦੀ ਬਾਜ਼ੀ ਗੁਰਮਤਿ ਕਮਾ ਕੇ ਜਿੱਤ ਗਏ ਹਨ। ਚਰਨ ਭਾਵ ਪੈਰ ਉਹਨਾਂ ਦੇ ਸਫਲ ਹਨ ਜੋ ਸਤਸੰਗਤਿ 'ਚ ਚੱਲ ਕੇ ਆਉਂਦੇ ਹਨ, ਗੁਰੂ ਮਾਰਗ ਦੀਆਂ ਲੀਹਾਂ ਤੇ ਚੱਲ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

(੨) ਲੋਚਨ ਸਫਲ ਗੁਰ ਦਰਸ ਵਲੋਕਨ ਕੈ,
ਮਸਤਕ ਸਫਲ ਰਜ ਪਦ ਗਵਨ ਕੈ ॥

ਭਾਵ:- ਅੱਖੀਆਂ ਸਫਲ ਹੋ ਜਾਂਦੀਆਂ ਹਨ ਗੁਰੂ ਦੇ ਦਰਸ਼ਨ ਦੀਦਾਰੇ ਕਰਨ ਨਾਲ, ਮਸਤਕ ਮੱਥਾ ਪਵਿੱਤਰ ਹੋ ਜਾਂਦਾ ਹੈ ਸਤਿਗੁਰਾਂ ਦੇ ਚਰਨਾਂ 'ਚ ਨਮਸਕਾਰ ਕਰਕੇ।

(੩) ਹਸਤ ਸਫਲ ਨਮ ਸਤਿਗੁਰ ਬਾਣੀ ਲਿਖੇ,
ਸੁਰਤਿ ਸਫਲ ਗੁਰ-ਸਬਦ ਸ੍ਰਵਨ ਕੈ ॥

ਭਾਵ:- ਹੱਥ ਸਫਲ ਹੋ ਜਾਂਦੇ ਹਨ ਗੁਰਬਾਣੀ ਨਾਮ ਮਹਿਮਾ ਲਿਖ ਕੇ ਸੁਰਤਿ ਸਫਲ ਹੋ ਜਾਂਦੀ ਹੈ, ਗੁਰਸ਼ਬਦ ਅਤੇ ਵਿਆਖਿਆ ਸੁਣ ਕੇ ਸ੍ਰਵਨਨ (ਕੰਨ) ਸਫਲ ਹੋ ਜਾਂਦੇ ਹਨ

(੪) ਸੰਗਤ ਸਫਲ ਗੁਰਸਿਖ ਸਾਧ ਸੰਗਮ ਕੈ,
ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭਵਨ ਕੈ ॥੯੧॥

ਗੁਰਸਿੱਖਾਂ ਦੀ ਸੰਗਤ ਸਫਲ ਹੈ, ਜਿਥੇ ਬੈਠ ਕੇ ਪ੍ਰੇਮ ਨਾਲ ਤਿੰਨਾਂ ਲੋਕਾਂ ਦੇ ਪਤੀ ਪਰਮਾਤਮਾ ਦੇ ਚਰਨਾਂ ਨਾਲ ਜੁੜ ਜਾਈਦਾ ਹੈ। ਹੁਣ ਆਉ ਦੇਖੀਏ ਇਕ ਮਾਇਆਧਾਰੀ ਸੂਮ ਮਾਨੁੱਖ ਦਾ ਜੀਵਨ ਗੁਰਮੁਖਾਂ ਦੀ ਸੰਗਤ ਨੇ ਕਿਵੇਂ ਬਦਲਿਆ ਇਸ ਮਾਨੁੱਖ ਦੇਹ ਕਰਕੇ ਨਾਮ ਸੀ ਸਿੱਖ ਬਣਨ ਤੋਂ ਪਹਿਲਾਂ, ਜੀਵਨ ਮਾਇਆ-ਵਾਦੀ ਸੀ। ਉਹ ਧਨ ਇਕੱਠਾ ਕਰਦਾ। ਇਸਤਰੀ ਵਾਸਤੇ ਲੀੜੇ ਕੱਪੜੇ ਗਹਿਣੇ ਤੇ ਖੁਸ਼ੀਆਂ ਦਾ ਸਾਮਾਨ ਲਿਆਉਂਦਾ, ਧੀਆਂ ਪੁੱਤਰਾਂ ਨਾਲ ਮੋਹ ਸੀ, ਕਦੇ ਕਿਸੇ ਧਾਰਮਿਕ ਅਸਥਾਨ ਤੇ ਨਾ ਜਾਂਦਾ, ਇਸ ਨੂੰ ਪਰਮਾਤਮਾ ਬਾਰੇ ਬਿਲਕੁਲ ਕੋਈ ਗਿਆਨ ਨਹੀ ਸੀ, ਨਾ ਇਹ ਸਵਾਲ ਉਸ ਦੇ ਮਨ 'ਚ ਕਦੇ ਫੁਰਿਆ ਹੀ ਸੀ, ਬੱਸ ਕਿਤੇ ਚਾਰ ਛਿੱਲੜ ਗੁਆਚ ਜਾਂਦੇ ਤਾਂ ਉਸ ਦੀ ਆਤਮਾ ਦੁਖੀ ਹੁੰਦੀ। ਉਹ ਦੋ-ਦੋ ਦਿਨ ਰੋਟੀ ਨਾ ਖਾਂਦਾ। ਧਨ ਇਕੱਠਾ ਕਰਨਾ ਉਹਦਾ ਪਰਮ ਧਰਮ ਸੀ। ਕੋਈ ਪੂਰਬਲਾ ਕਰਮ ਜਾਗਿਆ, ਇਕ ਦਿਨ ਭੁਲੇਖੇ ਨਾਲ ਗੁਰਮੁਖਾਂ ਦੀ ਸੰਗਤ

ਵਿਚ ਬੈਠ ਗਿਆ। ਇਕ ਗੁਰਮੁਖਿ ਨੇ ਉਪਰੋਕਤ ਸ਼ਬਦ ਪੜ੍ਹਿਆ ਤੇ ਨਾਲ ਹੀ ਸ਼ਬਦ ਦੀ ਵਿਆਖਿਆ ਕੀਤੀ। ਸ਼ਬਦ ਦੇ ਭਾਵ ਨੇ ਸਮੁੰਦੇ ਦੀ ਆਤਮਾ ਉੱਤੇ ਕਾਬੂ ਪਾ ਲਿਆ, ਉਸ ਦੀ ਬੁੱਧੀ ਜਾਗ ਪਈ। ਉਹ ਸੋਚਣ ਲੱਗਾ ਜੋ ਕੁਝ ਮੈਂ ਕਰ ਰਿਹਾ ਉਹ ਚੰਗਾ ਹੈ ਜਾਂ ਜੋ ਸ਼ਬਦ ਦੀ ਵੀਚਾਰ 'ਚ ਸਤਿਗੁਰੂ ਜੀ ਕਹਿ ਰਹੇ ਹਨ ਉਹ ਠੀਕ ਹੈ। ਉਹ ਉਦਾਸ ਜਿਹਾ ਹੋ ਗਿਆ, ਘਰ ਜਾ ਕੇ ਰੋਟੀ ਖਾਣ ਨੂੰ ਦਿਲ ਨਾ ਕਰੇ ਰਾਤ ਨੀਂਦ ਨ ਪਵੇ, ਅੱਧੀ ਰਾਤ ਦਾ ਸਮਾਂ ਹੋ ਗਿਆ ਜੋ ਪਹਿਲਾਂ ਘੂਕ ਸੁੱਤਾ ਹੁੰਦਾ ਸੀ, ਸੋਚੀਂ ਪਿਆਂ ਮਾਇਆ ਇਕੱਠੀ ਕਰਨੀ ਚੰਗੀ ਹੈ ਜਾਂ ਨਹੀਂ। ਇਸਤਰੀ ਧੀਆਂ ਪੁੱਤਰਾਂ ਦੇ ਸੰਬੰਧ ਕਿਥੋਂ ਤਕ ਹਨ, ਉਸ ਦੀਆਂ ਅੱਖਾਂ ਮੂਹਰੇ ਝਾਕੀਆਂ ਆ ਰਹੀਆਂ ਹਨ, ਇਕ ਝਾਕੀ ਵੀ ਆ ਗਈ ਕਿ ਕੋਈ ਮਰ ਗਿਆ ਉਸ ਦੇ ਸਾਕ ਸੰਬੰਧੀ ਉਸ ਨੂੰ ਸਾੜ ਕੇ ਘਰ ਆ ਗਏ। ਚਾਰ ਦਿਨ ਤੋਂ ਬਾਅਦ ਉਸ ਦਾ ਕੋਈ ਨਾਮ ਨਹੀਂ ਲੈ ਰਿਹਾ। ਸਮੁੰਦੇ ਨੂੰ ਆਪਣਾ ਪ੍ਰਵਾਰ ਯਾਦ ਆਇਆ, ਉਹ ਬੀਮਾਰ ਹੋ ਜਾਂਦਾ ਹੈ। ਬੀਮਾਰੀ ਵੇਲੇ ਸਾਰੇ ਸਾਕ ਸੰਬੰਧੀ ਉਸ ਦੇ ਕੋਲ ਆਉਂਦੇ ਹਨ। ਪਹਿਲਾਂ ਪਹਿਲਾਂ ਮਿਲਦੇ ਕਰਦੇ। ਬੀਮਾਰੀ ਲੰਮੀ ਹੋਣ ਕਰਕੇ ਸਾਰਿਆਂ ਦਾ ਹਿਤ ਘਟਦਾ ਜਾਂਦਾ ਹੈ ਆਖਰ ਜਮਦੂਤ ਉਸ ਦੀ ਜਾਨ ਲੈਣ ਆਉਂਦੇ, ਭਿਆਨਕ ਸ਼ਕਲਾਂ ਦੇਖ ਕੇ ਭੈ-ਭੀਤ ਹੋ ਜਾਂਦਾ ਹੈ, ਇਸਤਰੀ ਨੂੰ ਕਹਿੰਦਾ ਮੇਰੀ ਸਹਾਇਤਾ ਕਰ, ਮੈਨੂੰ ਜਮਾਂ ਕੋਲੋ ਬਚਾ, ਉਹ ਰੋਂਦੀ ਸਿਰ ਫੇਰ ਦਿੰਦੀ ਹੈ, ਜਮ ਉਸ ਦੀ ਰੂਹ ਨੂੰ ਮਾਰਦੇ ਕੁਟਦੇ ਧਰਮ ਰਾਜ ਕੋਲ ਲੈ ਜਾਂਦੇ ਹਨ, ਧਰਮ ਰਾਜਾ ਕਹਿੰਦਾ-ਇਹ ਮਹਾਂ ਪਾਪੀ ਹੈ। ਇਸ ਨੇ ਸਾਰੇ ਜੀਵਨ ਵਿਚ ਸਿਮਰਨ ਨਹੀਂ ਕੀਤਾ, ਨੇਕੀ ਨਹੀਂ ਖੱਟੀ, ਇਸ ਮਹਾਂ ਪਾਪੀ ਨੂੰ ਨਰਕ ਵਿਚ ਸੁੱਟੋ ਜਿਥੇ ਇਹ ਕਈ ਜਨਮ ਸੜਦਾ ਰਹੇਗਾ ਸੁਣੋ-ਸੁਣੋ, ਇਹ ਮਹਾਂ ਪਾਪੀ ਹੈ। ਧਰਮ ਰਾਜ ਦਾ ਹੁਕਮ ਸੁਣ ਕੇ ਜਮ ਉਸ ਨੂੰ ਅੱਗ ਨਰਕ ਵਲ ਧੂਹ ਤੁਰੇ, ਜਦੋਂ ਨਰਕ ਦੇ ਲਾਗੇ ਪਹੁੰਚੇ ਸਮੁੰਦੇ ਦੀ ਰੂਹ ਨੇ ਦੇਖਿਆ ਬਹੁਤ ਭਿਆਨਕ ਅੱਗ ਬਲ ਰਹੀ ਹੈ, ਸੇਕ ਦੂਰ-ਦੂਰ ਤਕ ਜਾਂਦਾ ਸੀ, ਲਾਗੇ ਪੁੱਜਣ ਤੋ ਪਹਿਲਾਂ ਹੀ ਸਭ ਸੜ ਜਾਂਦੇ ਸੀ, ਸਮੁੰਦੇ ਨੇ ਦੇਖਿਆ ਕਿ ਕਈ ਮਹਾਂ ਪਾਪੀ ਉਸ ਨਰਕ ਭਠ ਵਿਚ ਸੜ ਰਹੇ ਹਨ, ਕੁਰਲਾ ਰਹੇ ਹਨ, ਸਮੁੰਦਾ ਦਹਿਲ ਗਿਆ, ਜਦੋਂ ਜਮ ਚੁੱਕ ਕੇ ਸੱਟਣ ਲੱਗੇ ਸਮੁੰਦੇ ਦੀ ਧਾਅ ਨਿਕਲ ਗਈ, ਉਸਦੀ ਡਾਡ ਨਾਲ ਹੀ ਅੱਖ ਖੁੱਲ੍ਹ ਗਈ, ਉਹ ਤ੍ਰਬਕ ਕੇ ਉਠਿਆ, ਉਸ ਨੇ ਦੇਖਿਆ ਨਰਕ 'ਚ ਨਹੀਂ ਉਹ ਘਰ ਬੈਠਾ ਹੈ, ਮਰਿਆ ਨਹੀ, ਜੀਊਂਦਾ ਹੈ, ਕਲੇਜਾਂ ਜ਼ੋਰ ਨਾਲ ਧੜਕ ਰਿਹਾ ਸੀ। ਸਾਹ ਆਉਣਾ ਮੁਸ਼ਕਲ ਸੀ, ਪਸੀਨੇ ਨਾਲ ਭਿੱਜਾ ਪਿਆ ਹੈ, ਮੰਜੀ ਤੋਂ ਉਠਿਆ ਰਾਤ ਸੀ ਅਸਮਾਨ ਤੇ ਤਾਰੇ ਸਨ, ਘਰ ਦੇ ਗੁਆਂਢੀ ਸੁੱਤੇ ਸਨ, ਸਾਰੇ ਪਾਸੇ ਚੁਪ ਸੀ। ਹਨੇਰੇ ਵਿਚ ਘਰੋਂ ਨਿਕਲਿਆ,

ਜਿਸ ਤਰ੍ਹਾਂ ਕੋਈ ਚੋਰ ਨਿਕਲਦਾ ਹੈ, ਦੱਬੇ ਪੈਰ ਧੜਕਦੇ ਦਿਲ ਕਾਹਲੀ-ਕਾਹਲੀ ਉਸ ਟਿਕਾਣੇ ਪੁੱਜਾ ਜਿਥੇ ਗੁਰਮੁਖ ਆਏ ਹੋਏ ਸਨ। ਗੁਰਮੁਖ ਅੰਮ੍ਰਿਤ ਵੇਲਾ ਕਰ ਕੇ ਜਾਗ ਰਹੇ ਸਨ, ਇਸ਼ਨਾਨ ਕਰਕੇ ਰੱਬੀ ਭਜਨ ਸ਼ੁਰੂ ਕਰ ਰਹੇ ਸਨ, ਘਬਰਾਇਆ ਸਮੁੰਦਾ ਉਨ੍ਹਾਂ ਦੇ ਕੋਲ ਬੈਠਾ। ਬੈਠੇ-ਬੈਠੇ ਦਿਨ ਚੜ੍ਹ ਗਿਆ, ਦਿਨ ਚੜ੍ਹੇ ਸਮਾਪਤੀ ਤੋਂ ਬਾਅਦ ਚਰਨੀਂ ਡਿੱਗ ਪਿਆ, ਇਉਂ ਕੁਰਲਾਉਣ ਤੇ ਬੇਨਤੀਆਂ ਕਰਨ ਲੱਗਾ ਮੈਨੂੰ ਆਪਣੇ ਗੁਰੂ ਕੋਲ ਲੈ ਚੱਲੋ ਮੈਂ ਪਾਪੀ ਹਾਂ, ਮੈਨੂੰ ਨਰਕਾਂ ਦਾ ਡਰ ਹੈ ਮੈ ਕਿਵੇਂ ਬਖਸ਼ਿਆਂ ਜਾਵਾਂ। ਮੈਨੂੰ ਸਵਰਗ ਦਾ ਰਾਹ ਦੱਸੋ, ਨਰਕਾਂ ਦੀ ਭਿਆਨਕ ਅੱਗ ਤੋਂ ਬਚਾਉ। ਸੰਤ ਜਗਤ ਦੇ ਰੱਖਯਕ ਹੁੰਦੇ ਹਨ, ਭੁੱਲਿਆਂ ਨੂੰ ਰਾਹੇ ਪਾਉਂਦੇ ਹਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ, ਨਗਰ 'ਚੋਂ ਸਾਮਾਨ ਇਕੱਠਾ ਕਰ ਰਹੇ ਸਨ, ਉਨ੍ਹਾਂ ਕਿਹਾ ਪੁਰਸ਼ਾ, ਸਵੇਰੇ ਸਾਡੇ ਨਾਲ ਚੱਲੀਂ ਜਗਤ ਰੱਖਯਕ ਗੁਰੂ ਜੀ ਹਨ। ਉਹਨਾਂ ਦੇ ਦਰਸ਼ਨ ਕਰੀਂ ਤੇਰਾ ਉਧਾਰ ਹੋ ਜਾਵੇਗਾ। ਸਤਿਗੁਰਾਂ ਦੇ ਚਰਨਾਂ 'ਚ ਚੱਕ ਰਾਮਦਾਸਪੁਰ (ਅੰਮ੍ਰਿਤਸਰ) ਪਹੁੰਚਿਆ, ਚਰਨਾਂ ਤੇ ਢਹਿ ਪਿਆ, ਬੇਨਤੀ ਕੀਤੀ, ਅੰਦਰ ਦੀਆਂ ਜਾਣਨ ਵਾਲੇ ਗੁਰੂ ਦੇਖਿਆ, ਸਮੁੰਦੇ ਦੀ ਆਤਮਾ ਪਛਤਾ ਰਹੀ ਹੈ, ਨੇਕੀ ਧਰਮ ਜੀਵ ਨੂੰ ਮਾਨੁੱਖ ਜਾਮਾ ਸੇਵਾ ਸਿਮਰਨ, ਨੇਕੀ, ਧਰਮ ਨੂੰ ਕਮਾਉਣ ਲਈ ਦਿੱਤਾ ਹੈ, ਸਤਸੰਗਤਿ ਕਰੋ, ਸੇਵਾ ਸਿਮਰਨ ਨੂੰ ਜੀਵਨ ਦਾ ਅੰਗ ਬਣਾਉ, ਅਵੱਸ਼ ਹੀ ਜੀਵਨ ਸਫਲ ਪਿਛਲੇ ਅਉਗਣ ਬਖਸ਼ੇ ਜਾਣਗੇ। ਗੁਰਮਤਿ ਦੇ ਰਾਹ ਤੁਰਿਆਂ ਭਗਤਾਂ 'ਚ ਨਾਂ ਗਿਣਿਆ ਗਿਆ, ਸਵਰਗ ਪ੍ਰਾਪਤ ਹੋਏ। ਨਾਲ ਹੀ ਸਤਿਗੁਰੂ ਜੀ ਨੇ ਆਪ ਇਸ ਸਮੁੰਦੇ ਜੁਆਰੀਏ ਸਮੁੰਦੇ ਨੂੰ ਸਨਮੁੱਖ ਅਤੇ ਬੇਮੁਖ ਦੇ ਲੱਛਣ ਦੱਸੇ ਕਿ ਪਰਮਾਰਥ ਦਾ ਸਮਝਾ ਉਪਦੇਸ਼ ਕੀਤਾ ਜੋ ਇਕ ਧਰਮ ਆਤਮਾ ਪੁਰਸ਼ ਬਣ ਗਿਆ।

ਸੰਗਤ ਅਤੇ ਇਸ ਦਾ ਪ੍ਰਭਾਵ

੧. ਸੰਗਤ:- ਦੋ ਚੀਜ਼ਾਂ ਦਾ ਮਿਲਾਪ ਅਤੇ ਜਿਸ ਕਰਕੇ ਜੀਵਨ ਵਿਚ ਕੋਈ ਲਾਭ ਜਾਂ ਹਾਨੀ ਹੋਵੇ, ਉਹ ਸੰਗਤ ਹੈ।

੨. ਸਾਧ ਸੰਗਤ:- ਜਿਨ੍ਹਾਂ ਗੁਰਮੁਖਾਂ ਨਾਲ ਮਿਲ ਕੇ ਪਰਉਪਕਾਰ, ਭਜਨ, ਸਿਮਰਨ, ਕਥਾ ਕੀਰਤਨ, ਨਿਸ਼ਕਾਮ ਸੇਵਾ ਵਿਚ ਲੱਗ ਕੇ ਜੀਵਨ ਉੱਚਾ ਸੁੱਚਾ ਕਰਣੀ 'ਚ ਨਿਮ੍ਰਤਾ ਨਿਮਰਲਤਾ ਹੋਵੇ।

੩. ਸਤਸੰਗਤਿ:- ਜਿਨ੍ਹਾਂ ਨਾਲ ਮਿਲ ਕੇ (ਸਤ) ਸੱਚ-ਸਰੂਪ ਦੀ ਭਲੀ ਪ੍ਰਕਾਰ (ਸੰ) (ਗਤਿ) ਪ੍ਰਾਪਤੀ ਹੋਵੇ ਉਸ ਦਾ ਨਾਮ ਸਤਸੰਗਤਿ ਹੈ, ਇਸ ਦੇ ਲੱਖਣ ਹਜ਼ੂਰ ਨੇ ਇਉਂ ਦੱਸੇ ਹਨ :

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ (ਅੰਗ ੭੨)

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ (ਅੰਗ ੧੬੦)

ਧੰਨ ਹੈ ਐਸੀ ਸਤਸੰਗਤਿ ਜਿਥੋਂ ਹਰੀ ਪਰਮੇਸ਼ਰ ਦੇ ਨਾਮ ਦਾ ਰਸ, ਬ੍ਰਹਮਾਨੰਦ ਦਾ ਰਸ, ਜੀਵਨ ਜੁਗਤਿ ਪਰਾਪਤਿ ਹੋਈ।

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥ (ਅੰਗ ੨੯)

੪. ਜਿਨ੍ਹਾਂ ਕੁਸੰਗੀਆਂ ਨਾਲ ਮਿਲ ਕੇ ਪੁਰਖ ਚੰਗੇ ਸੁਭਾਅ ਨੂੰ ਭੁਲ ਕੇ ਆਪਣੇ ਕੁਲ ਦੀ ਲਾਜ ਛੱਡ ਦੇਵੇ ਸ਼ੁਭ ਗੁਣਾਂ ਨੂੰ ਛੱਡ ਦੇਵੇ, ਨਿਖਿਧ ਕਰਨ ਲੱਗ ਜਾਵੇ ਉਹ ਕੁਸੰਗਤ ਹੈ, ਜਿਸ ਤੋਂ ਸਤਿਗੁਰਾਂ ਨੇ ਪ੍ਰਾਣੀ ਨੂੰ ਇਸ ਤੋਂ ਵਰਜਿਆ ਹੈ, 'ਕਬੀਰ ਸਾਕਤ ਸੰਗੁ ਨ ਕੀਜੀਐ ? ਇਸ ਪ੍ਰਕਾਰ ਜੋ ਚਾਰ ਪ੍ਰਕਾਰ ਦੀ ਸੰਗਤ ਹੈ:-

ਗੁਰਮੁਖ ਜੋ ਪ੍ਰਾਣੀ ਸਾਧ ਸੰਗਤਿ ਅਤੇ ਸਤਸੰਗਤਿ ਕਰਕੇ ਜੀਵਨ ਜੁਗਤਿ ਹਾਸਲ ਕਰ ਲੈਂਦਾ ਹੈ ਉਸ ਨੂੰ ਸਤਿਗੁਰਾਂ ਨੇ ਗੁਰਮੁਖ ਦੀ ਭਾਵ ਗੁਰ+ਮੁਖ ਦੀ ਪਦਵੀ ਦਿੱਤੀ ਹੈ, ਉਸ ਪੁਰਖ ਦੀ ਇਹ ਨਿਸ਼ਾਨੀ ਹੈ ਕਿ ਉਹ ਗਿਆਨ ਪਰਾਪਤ ਕਰਕੇ ਆਪਣੇ ਆਪ ਨੂੰ ਸਰੀਰ ਨਹੀਂ ਮੰਨਦਾ। ਉਹ ਜਾਣਦਾ ਹੈ ਕਿ ਉਹ ਆਤਮਾ ਹੈ। ਗੁਰਮੁਖ ਦਾ ਮਾਤਾ ਪਿਤਾ ਉਹ ਪੁਰਸ਼ ਨਹੀਂ ਨਾ ਹੀ ਇਸਤਰੀ ਹੈ ਜੀਹਦੇ ਮੇਲ ਤੋਂ ਇਹ ਬਣਿਆ ਹੈ, ਗੁਰਮੁਖ ਜਾਣਦਾ ਹੈ ਕਿ ਉਸ ਦਾ ਅਸਲ ਮਾਤਾ ਪਿਤਾ ਵਾਹਿਗੁਰੂ ਅਕਾਲ ਪੁਰਖ ਹੈ, ਉਸ ਦੇ ਦੁਨਿਆਵੀ ਮਾਤਾ ਪਿਤਾ ਕੇਵਲ ਵਾਹਿਗੁਰੂ ਦਾ ਉਸ ਨੂੰ ਸੰਸਾਰ ਵਿਚ ਲਿਆਉਣ ਦਾ ਇਕ ਜ਼ਰੀਆ ਵਸੀਲਾ ਸੀ।

ਗੁਰਮੁਖ ਵਾਹਿਗੁਰੂ ਦਾ ਪੁੱਤਰ ਸਮਝਦਾ ਹੈ, ਕਿਉਂਕਿ ਪਰਮਾਤਮਾ ਰੂਪ ਮਾਤਾ ਪਿਤਾ ਨੇ ਉਸ ਦੀ ਸੰਸਾਰ ਯਾਤਰਾ ਦਾ ਸਾਰਾ ਪ੍ਰਬੰਧ ਕੀਤਾ ਹੈ। ਮਾਤਾ ਦੇ ਗਰਭ

'ਚ ਉਸ ਨੇ ਹੀ ਪ੍ਰਤਿਪਾਲਣਾ ਕੀਤੀ ਹੈ ਜੈਸਾ ਕਿ :

ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥

(ਅੰਗ ੨੬੬)

ਮਾਤਾ ਪਿਤਾ ਰਿਸ਼ਤੇਦਾਰ ਦੋਸਤ ਮਿੱਤਰ ਸ਼ੁਭ ਚਿੰਤਕ ਇਹਨ੍ਹਾਂ ਸਾਰਿਆਂ ਨੂੰ ਵਾਹਿਗੁਰੂ ਨੇ ਹੀ ਪਰੇਰਿਆ ਹੈ, ਹੱਸਦਾ ਖੇਡਦਾ ਸਭ ਵਿਚ ਵਾਹਿਗੁਰੂ ਦੀ ਪ੍ਰੇਰਨਾ ਦੇਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਦੀ ਰੌਸ਼ਨੀ ਵਿਚ ਚੱਲਣਾ, ਗੁਰਮੁਖ ਆਪਣੀ ਸੰਸਾਰ ਯਾਤਰਾ ਦੀ ਸਫਲਤਾ ਵਾਸਤੇ ਆਪਣੀ ਦੁਨਿਆਵੀ ਮਾਤਾ ਦੇ ਦੁਧ ਜਿਤਨਾ ਜ਼ਰੂਰੀ ਸਮਝਦਾ ਹੈ, ਉਹ ਨੇਕੀ ਕਰਦਾ ਹੈ, ਉਪਕਾਰ ਕਰਦਾ ਹੈ, ਸਾਰੇ ਸੰਸਾਰ ਦੇ ਜੀਵਾਂ ਨਾਲ ਪਿਆਰ ਕਰਦਾ ਹੈ ਇਬਾਦਤ ਕਰਦਾ ਭਜਨ ਕਰਦਾ ਹੈ ਉਸ ਨੂੰ ਪਤਾ ਲੱਗ ਜਾਂਦਾ ਹੈ। ਕਿ ਮੌਤ ਵਾਸਤਵ ਵਿਚ ਕੋਈ ਚੀਜ਼ ਨਹੀਂ, ਇਸ ਲਈ ਮੌਤ ਤੋਂ ਨਿਰਭੈ ਹੋ ਜਾਂਦਾ ਹੈ, ਉਹ ਜਾਣਦਾ ਹੈ ਕਿ ਉਸ ਦਾ ਪਿਤਾ ਕਰਨ ਕਾਰਨ ਸਮਰੱਥ ਹੈ ਅਤੇ ਉਸ ਜੀਵ ਦੀ ਫਿਲਮ ਉਸ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਬਣ ਚੁਕੀ ਹੈ, ਅਤੇ ਟਾਈਮ-ਟਾਈਮ ਤੇ ਉਸ ਦੇ ਸਾਹਮਣੇ ਸੀਨ ਆਉਂਦੇ ਰਹਿੰਦੇ ਹਨ, ਇਸ ਲਈ ਉਹ ਦੁਖ ਸੁਖ ਦੀਆਂ ਝਾਕੀਆਂ ਵਿਚੋਂ ਅਡੋਲ ਲੰਘਦਾ ਹੈ, ਅਤੇ ਹਰ ਘਟਨਾ ਵਿਚ ਪੂਰੀ ਦਿਲਚਸਪੀ ਲੈਂਦਾ ਹੈ ਗੁਰੂ ਗਿਆਨ ਦੇ ਆਸਰੇ ਉਹ ਬਦੀ ਦੀ ਅਸਲੀਅਤ ਨੂੰ ਸਮਝ ਜਾਂਦਾ ਹੈ। ਉਹ ਜਾਣਦਾ ਹੈ ਕਿ ਬਦੀ (ਪਾਪ-ਦੁਖ-ਬੀਮਾਰੀ-ਮੌਤ) ਵਾਸਤਵ ਵਿਚ ਕੁਝ ਵੀ ਨਹੀਂ, ਕੇਵਲ ਅਗਿਆਨੀਆਂ ਨੂੰ ਭਾਸਦੀ ਹੈ, ਸੱਚ ਲਗਦੀ ਹੈ ਅਤੇ ਡਰਾਂਦੀ ਹੈ। ਜਿਸ ਮਨ ਵਿਚ ਵਾਹਿਗੁਰੂ ਉਸ ਦੀ ਯਾਦ ਅਤੇ ਉਸ ਦੇ ਗੁਣ ਵੱਸਣ, ਉਸ ਮਨ ਦੀ ਦੁਨੀਆਂ ਵਿਚ ਬਦੀ ਕਿਸੇ ਤਰ੍ਹਾਂ ਵੀ ਨਹੀ ਰਹਿ ਸਕਦੀ। ਇਸ ਲਈ ਗੁਰਮੁਖ ਆਪਣੇ ਪਿਤਾ ਵਾਹਿਗੁਰੂ ਨੂੰ ਸਵਾਸ-ਗਿਰਾਸ ਯਾਦ ਰੱਖਦਾ ਹੈ, ਊਠਤ ਬੈਠਤ, ਸੋਵਤ

ਜਾਗਤ ਵਾਹਿਗੁਰੂ ਦੇ ਰੰਗ ਵਿਚ ਰਤਿਆ ਰਹਿੰਦਾ ਹੈ, ਗੁਰਮੁਖ ਨੂੰ ਪਤਾ ਹੈ ਕਿ ਕਾਲ ਵਾਸਤਵ ਵਿਚ ਕੋਈ ਚੀਜ਼ ਨਹੀਂ। ਇਸ ਲਈ ਉਹ ਆਪਣੇ ਜੀਵਨ ਦੇ ਹਰ ਹਿਸੇ ਵਿਚ ਜਵਾਨ ਰਹਿੰਦਾ ਹੈ। ਉਸ ਦੀ ਜਿਸਮਾਨੀ ਅਤੇ ਮਾਨਸਿਕ ਸ਼ਕਤੀ ਬੁਢੇਪੇ ਵਿਚ ਜਵਾਨਾਂ ਵਾਂਗ ਕੰਮ ਕਰਦੀ ਹੈ। ਤਥਾ -

ਗੁਰਮੁਖਿ ਬੁਢੇ ਕਦੇ ਨਾਹੀ, ਜਿਨ੍ਾ ਅੰਤਰਿ ਸੁਰਤਿ ਗਿਆਨੁ ॥

(ਅੰਗ ੧੪੧੮)

ਇਸ ਲਈ ਸਦਾ ਆਰੋਗ ਤੇ ਜਵਾਨ ਰਹਿੰਦਾ ਹੈ, ਕਿਉਂਕਿ ਗੁਰਮੁਖ ਸੰਸਾਰ ਯਾਤਰਾ ਨੂੰ ਇਕ ਸਫਰ ਸਮਝਦਾ ਹੈ, ਇਸ ਵਾਸਤੇ, ਇਸ ਸਫਰ ਨੂੰ ਵਾਹਿਗੁਰੂ ਜੀ ਦੀਆਂ ਦਾਤਾਂ ਨਾਲ ਸੁਹਾਵਣਾ ਅਤੇ ਦਿਲਚਸਪ ਬਣਾ ਲੈਂਦਾ ਹੈ।

ਨੇਕੀ ਤੇ ਉਪਕਾਰ ਦਾ ਝੰਡਾ ਝੁਲਾਂਦਾ ਹੋਇਆ ਗੁਰਮੁਖ ਜਦ ਸੰਸਾਰ ਯਾਤਰਾ ਸਫਰ ਨੂੰ ਖਤਮ ਕਰਦਾ ਹੈ, ਤਾਂ ਇਕ ਪਰਦੇਸੀ ਦੀ ਤਰ੍ਹਾਂ ਜਿਸ ਨੂੰ ਆਪਣੇ ਵਤਨ ਜਾਣ ਦੀ ਡਾਢੀ ਖੁਸ਼ੀ ਹੁੰਦੀ ਹੈ ਇਹ ਇਸ ਸੰਸਾਰ ਨੂੰ ਆਪਣੀ ਖੁਸ਼ੀ ਨਾਲ ਆਪਣੇ ਮਾਲਕ ਵਾਹਿਗੁਰੂ ਦੇ ਪਾਸ ਜਾਣ ਦੇ ਚਾਅ ਨਾਲ ਇਸ ਸਰੀਰ ਨੂੰ ਤਿਆਗ ਦਿੰਦਾ ਹੈ, ਕਿਉਂਕਿ ਉਸ ਨੂੰ ਗਿਆਨ ਹੋ ਚੁਕਿਆ ਹੁੰਦਾ ਹੈ।

ਭੈ ਵਿਚਿ ਜੰਮਨਿ ਭੈ ਰਹਿਨਿ ਭੈ ਵਿਚਿ ਮਰਿ ਗੁਰੁ ਸਿਖ ਜੀਵੰਦੇ।
ਗੁਰ ਮੁਖ ਸੁਖ ਫਲੁ ਪਿਰਮੁ ਚਖੰਦੇ ॥੧੭॥

(ਵਾਰ ੨੮/੧੭)

ਜਿਸ ਵਾਹਿਗੁਰੂ ਜੀ ਦੇ ਹੁਕਮ 'ਚ ਆਇਆ, ਹੁਕਮ 'ਚ ਰਿਹਾ ਹੁਕਮ 'ਚ ਜਾਣ ਕਰ ਖੁਸ਼ੀ ਹੈ, ਜਿਸ ਵਾਹਿਗੁਰੂ ਪਿਤਾ ਪਾਸ ਉਹ ਜਾ ਰਿਹਾ ਹੈ, ਉਹ ਉਸ ਦਾ ਮਾਤਾ-ਪਿਤਾ, ਬੰਧਪ, ਭਰਾਤਾ, ਰਾਖਾ ਤੇ ਸਹਾਰਾ ਹੈ, ਸੰਸਾਰ ਯਾਤਰਾ ਦੀ ਸਫਲਤਾ, ਕੇਵਲ ਗੁਰੂ ਦੀ ਚਰਨਾਂ ਸਤਸੰਗਤਿ ਕਰਕੇ ਪਰਾਪਤ ਹੋਈ ਕਿਉਂਕਿ :

ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥
ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥

(ਅੰਗ ੫੯੯)

ਇਸ ਕਰਕੇ ਜੀਵਨ ਚਾਨਣ ਵਾਸਤੇ ਹਰ ਪ੍ਰਾਣੀ ਸਤਸੰਗਤਿ ਨੂੰ ਆਪਣਾ ਜੀਵਨ ਅੰਗ ਪ੍ਰਾਣਾਂ ਦਾ ਆਧਾਰ ਬਣਾਵੇ :

ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥

(ਅੰਗ ੬੮੭)

ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥

ਧੰਨੁ ਧੰਨੁ ਸੋ ਗੁਰਸਖਿ ਕਹੀਐ, ਜਿਸੁ ਹਰਿ ਨਾਮਿ ਸੁਣਿਆ ਮਨਿ ਅਨਦੁ ਭਇਆ ॥
ਧੰਨੁ ਧੰਨੁ ਸੋ ਗੁਰਸਖਿ ਕਹੀਐ, ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥

(ਅੰਗ ੫੯੩)

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥

(ਅੰਗ ੫੯੩)

ਧਾਰਮਿਕ ਅਸਥਾਨ ਅਤੇ ਸਤਸੰਗਤਿ

ਧਰਮ-ਅਸਥਾਨ, ਜੀਵਨ ਸਿਖਿਆ ਲਈ ਸਥਾਪਤਿ ਕੀਤੇ ਗਏ ਸਨ, ਇਨ੍ਹਾਂ ਦਾ ਸਿੱਧਾ ਪ੍ਰਯੋਜਨ ਮਨੁੱਖ ਨੂੰ ਸਹੀ ਪਾਸੇ ਪ੍ਰੇਰਿਤ ਕਰਨਾ ਸੀ। ਭਾਰਤ ਵਿਚ ਤੀਰਥ ਇਸੇ ਮੰਤਵ ਲਈ ਸਨ, ਇਸ ਤੋਂ ਇਲਾਵਾ ਹੋਰ ਸੈਂਕੜੇ ਮੰਦਰ ਵੀ ਮਨੁੱਖ ਦੀ ਅਧਿਆਤਮਕ ਤ੍ਰਿਪਤੀ ਲਈ ਹੀ ਬਣਾਏ ਗਏ ਸਨ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਸਾਰ ਦੇ ਭਲੇ ਲਈ ਮਨੁੱਖੀ ਜਾਮਾ ਧਾਰਿਆ ਭਾਵ ਨਿਰਗੁਨ ਤੋ ਸਰਗੁਨ ਸਰੂਪ 'ਚ ਆਏ, ਜਿਥੇ-ਜਿਥੇ ਗਏ ਲੋਕਾਈ ਨੇ ਅਰਜ਼ੋਈਆਂ ਕੀਤੀਆਂ। ਸਤਿਗੁਰੂ ਜੀ ਭਾਵੇਂ ਸਾਰੇ ਪਦਾਰਥ ਸਾਡੇ ਕੋਲ ਹਨ, ਪਰ ਮਹਾਰਾਜ ਮਨੂਏ ਨੂੰ ਸ਼ਾਂਤੀ ਨਹੀਂ, ਐਸੀ ਕ੍ਰਿਪਾ ਕਰੋ ਮਨ ਸ਼ਾਂਤ ਹੋ ਜਾਵੇ। ਸਾਹਿਬ ਗੁਰੂ ਨਾਨਕ ਮਹਾਰਾਜ ਜੀ ਨੇ ਬੇਨਤੀ ਪ੍ਰਵਾਨ ਕਰਦਿਆਂ ਬਚਨ ਕੀਤੇ, ਭਾਈ ਹਰ ਨਗਰ ਸ਼ਹਿਰ 'ਚ ਧਰਮਸ਼ਾਲਾ ਬਣਾਉ, ਉਸ ਵਿਚ ਜਾਤ ਪਾਤ ਦਾ ਅਤੇ ਊਚ-ਨੀਚ ਦਾ, ਗਰੀਬ-ਅਮੀਰ ਦਾ ਭੇਦ ਭਾਵ ਦੂਰ ਕਰਕੇ ਇਕ ਜਗ੍ਹਾ ਬੈਠ ਕੇ ਉਸ ਨਿਰੰਕਾਰ ਵਾਹਿਗੁਰੂ ਜੀ ਦਾ ਸਿਮਰਨ ਵਡਿਆਈ ਉਸਤਤਿ ਮਹਿਮਾ ਨੂੰ ਗਾਉਣਾ ਅਤੇ ਸੁਨਣਾ ਹੈ, ਇਹ ਦੋਨੋਂ ਟਾਈਮ ਦਾ ਨਿੱਤਨੇਮ ਬਣਾਉ ਮਨ ਨੂੰ ਸ਼ਾਤੀ ਸਦੀਵੀ ਸੁਖ ਪਰਾਪਤ ਹੋਵੇਗਾ।

ਪਰ ਅੱਜ ਦੇ ਪੰਥਕ ਅਖਵਾਉਣ ਵਾਲੇ ਲੀਡਰ-ਪ੍ਰਬੰਧਕ, ਸਾਧ ਇਸ ਧਰਮ-ਸ਼ਾਲਾ ਭਾਵ ਗੁਰਦੁਆਰਾ ਸਾਹਿਬਾਂ ਨੂੰ ਰਾਜਨੀਤਕ ਅਤੇ ਸਿਆਸਤ ਦੀ ਪੂਰੀ-ਪੂਰੀ ਰੰਗਤ ਚਾੜ੍ਹ ਕੇ ਬੜੇ ਖੁਸ਼ ਪਰਤੀਤ ਹੁੰਦੇ ਹਨ। ਕੁਰਸੀਆਂ ਵਾਸਤੇ, ਚੌਧਰਾਂ ਵਾਸਤੇ ਪਤਾ ਨਹੀਂ ਕਿੰਨੇ ਗੁਰਦੁਆਰੇ ਸਾਹਿਬਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਦਸਤਾਰਾਂ ਉਤਰੀਆਂ, ਗੋਲੀਆਂ, ਕਿਰਪਾਨਾਂ, ਡਾਂਗਾਂ ਚਲਦੀਆਂ ਹਨ। ਇਹ ਸਭ ਕੁਝ ਇਸ ਵਾਸਤੇ ਹੀ ਹੁੰਦਾ ਹੈ ਇਹਨਾਂ ਮਨੁੱਖਾਂ ਨੂੰ ਧਾਰਮਿਕ ਅਸਥਾਨ ਬਾਰੇ ਗਿਆਨ ਹੀ ਨਹੀਂ ਕਿ ਇਹਨਾਂ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਕਿਸ ਵਾਸਤੇ ਰੱਖੀ।

ਮਾਫ ਕਰਨਾ ਦੇਸ਼ ਵਿਦੇਸ਼ ਵਿਚ ਲਿਖਾਰੀ ਨੂੰ ਜਾਣ ਦਾ ਸਿੱਖੀ ਪਰਚਾਰ ਹਿੱਤ ਮੌਕਾ ਮਿਲਿਆ ਇਸ ਤਰ੍ਹਾਂ ਪ੍ਰਬੰਧ ਦੇਖ ਕੇ ਬੜੇ ਹੈਰਾਨ ਹੋਈਦਾ ਹੈ ਜਿਸ ਤਰ੍ਹਾਂ ਕੋਈ (ਬਿਜਨਸਮੈਨ) ਵਪਾਰੀ ਆਦਮੀ ਕਾਰਖਾਨਾ ਜਾਂ ਅੰਗਰੇਜ਼ੀ ਫੈਕਟਰੀ ਲਾਉਂਦਾ ਹੈ। ਉਹ ਕੇਵਲ ਪੈਸਾ ਕਮਾਉਣ ਵਾਸਤੇ ਕਰਦਾ ਹੈ। ਪੈਸੇ ਵੱਟਣ ਨਾਲ ਵਧੀਆ ਫੈਕਟਰੀਆਂ ਕਾਰਖਾਨੇ ਦਫਤਰਾਂ ਨੂੰ ਵੱਡੀਆਂ ਬਿਲਡਿੰਗ 'ਚ ਬਦਲ ਦਿੰਦਾ ਹੈ,

ਗੁਰਦੁਆਰੇ ਸਾਹਿਬ ਦੀ ਗੋਲਕ ਦਾ ਪੂਰਾ-ਪੂਰਾ ਧਿਆਨ ਰਹਿੰਦਾ ਹੈ, ਇਹ ਕਿਵੇਂ ਵਧੇ, ਘਟਣ ਨਾਲ ਪ੍ਰਬੰਧਕਾਂ 'ਚ ਚਿੰਤਾ ਪਾਈ ਜਾਂਦੀ ਹੈ, ਜੇ ਕੇਵਲ ਪੈਸੇ ਵਾਸਤੇ ਹੀ ਧਾਰਮਿਕ ਅਸਥਾਨ ਬਣਾਨੇ ਹਨ, ਮਾਫ ਕਰਨਾ ਇਹ ਜਿਥੇ ਰੱਬੀ ਪ੍ਰਾਪਤੀਆਂ ਕੀਤੀਆਂ ਜਾ ਰਹੀਆਂ ਹਨ, ਮੂਲ ਤੱਤ ਤੋਂ ਬਹੁਤ ਦੂਰ ਜਾ ਚੁਕੇ ਹਾਂ, ਜੇ ਥੋੜਾ ਜਿਹਾ ਵੀ ਪ੍ਰਬੰਧਕ ਧਿਆਨ ਦੇਣ ਤੇ ਪੈਸਿਆਂ ਵਾਂਗੂ ਜ਼ਰੂਰ ਨੋਟ ਕਰਨਗੇ ਕਿ ਕਿੰਨੇ ਕੁ ਪ੍ਰਾਣੀਆਂ ਨੇ ਗੁਰਮਤਿ ਦਾ ਗਿਆਨ ਪਰਾਪਤ ਕੀਤਾ ਅਤੇ ਸਾਡਾ ਗੁਰਦੁਆਰਾ ਸਾਹਿਬ ਆਉਣ ਨਾਲ ਕਿੰਨਾ ਕੁ ਜੀਵਨ ਬਦਲਿਆ ਹੈ। ਜਵਾਬ ਤਾਂ ਇਹ ਦਾਸ ਨੂੰ ਲੱਗਦਾ ਹੈ, ਜੀਵਨ ਤਾਂ ਭਾਵੇਂ ਬਹੁਤੇ ਗੁਰਦੁਆਰਾ ਆਉਣ ਨਾਲ ਨਹੀਂ ਬਦਲੇ ਪਰ ਅਸੀ ਗੁਰਦੁਆਰਿਆਂ ਨੂੰ ਜ਼ਰੂਰ ਬਦਲ ਦਿੱਤਾ ਹੈ, ਰਾਮਗੜ੍ਹੀਆਂ ਨੇ ਗੁਰੂ ਆਪਣੇ ਨਾਂ ਲੁਆ ਲਿਆ, ਰਵਿਦਾਸ ਭਗਤਾਂ ਨੇ, ਆਪਣੇ ਨਾਂ ਲੁਆ ਲਿਆ, ਜੱਟਾਂ ਨੇ ਆਪਣੇ ਨਾਂ ਬਦਲ ਲਿਆ। ਗੁਰਮੁਖਾਂ ਬਦਲਣਾ ਜੀਵਨ ਸੀ, ਅਸੀਂ ਜਿਸ ਜਾਤ-ਪਾਤ, ਮਜ਼੍ਹਬ ਦੀਆਂ ਦੀਵਾਰਾਂ ਗੁਰਦੁਆਰਾ ਸਾਹਿਬ ਆ ਕੇ ਢਾਉਣੀਆਂ ਸਨ, ਅਸੀ ਮਜ਼ਬੂਤ ਕਰ ਬੈਠੇ, ਇਸੇ ਕਰਕੇ ਗੁਰਦੁਆਰੇ ਸਾਹਿਬ ਬੇਅੰਤ ਅਰਬਾਂ ਰੁਪਏ ਲਾਗਤ ਨਾਲ ਬਣਾ ਲਏ, ਪਰ ਜੋ ਸਿੱਖਣਾ ਸੀ ਉਹ ਨਹੀਂ ਸਿੱਖ ਰਹੇ। ਜਿਸ ਮੰਤਵ ਨੂੰ ਮੁਖ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਇਹ ਧਰਮਸ਼ਾਲਾਂ ਬਣਾਈਆਂ ਸਨ। ਚੌਧਰਾਂ ਦੇ ਰੂਪ 'ਚ ਅੱਜ ਦੇ ਮਨੁੱਖ ਨੇ ਇਹਨਾਂ ਨੂੰ ਬਦਲ ਕੇ ਰੱਖ ਦਿੱਤਾ। ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਜ਼ੋਰ ਲਾਉਂਦੇ-ਲਾਉਂਦੇ ਚਲੇ ਗਏ, ਕਿਸੇ ਪ੍ਰਬੰਧਕ ਨੇ ਇਕ ਨਾ ਮੰਨੀ। ਉਹਨਾਂ ਨੇ ਇਸ ਵਿਸ਼ੇ ਤੇ ਕਿਤਾਬ ਵੀ ਲਿਖੀ। ਦੇਸ਼ ਬਿਦੇਸ਼ ਦੇ ਪ੍ਰਬੰਧਕੀ, ਢਾਂਚੇ, ਚੌਧਰੀ ਉਹਨਾਂ ਨੂੰ ਵੀ ਇਕ ਸਾਧਾਰਨ ਬੁਲਾਰਾ ਹੀ ਸਮਝਦੇ ਰਹੇ। ਇਹੋ ਜਿਹੇ ਯੋਗ ਪੁਰਸ਼ ਵਾਰ-ਵਾਰ ਕੌਮਾਂ ਨੂੰ ਨਹੀਂ ਮਿਲਦੇ। ਇਹ ਕੌਮ ਦੀ ਬਦਕਿਸਮਤੀ ਹੈ ਕਿ ਐਸੇ ਵਿਦਵਾਨਾਂ ਤੋਂ ਵੀ ਕੋਈ ਸੇਧ ਨਹੀ ਲੈ ਰਹੇ। ਪਰ ਯਾਦ ਰੱਖਣਾ ਅਗਰ ਕਿਸੇ ਪ੍ਰੇਮੀ ਦੇ ਮਨ 'ਚ ਕੌਮੀ ਦਰਦ ਹੈ ਤਾਂ ਇਹਨਾਂ ਅਸਥਾਨਾਂ ਦੀ ਅਸਲੀਅਤ ਨੂੰ ਪਛਾਣੋ ਨਹੀਂ ਤਾਂ ਜਦ ਧਰਮ ਕੋਈ ਵੀ ਭੇਖ ਮਾਤਰ ਬਣ ਕੇ ਰਹਿ ਜਾਵੇ ਇਹ ਵੀ ਇਕ ਤਰ੍ਹਾਂ ਪਰੋਹਤ, ਪਾਠੀ, ਰਾਗੀ ਸੇਵਾਦਾਰ, ਗ੍ਰੰਥੀ, ਕਥਾ ਵਾਲੇ ਇਹ ਪੂਰੀ ਜਮਾਤ ਆਮਦਨੀ ਦਾ ਹੀ ਸਾਧਨ ਬਣਾ ਲੈਣ ਫਿਰ ਕੌਮ ਦਾ ਭਵਿੱਖ ਜ਼ਰੂਰ ਗੰਧਲਾ ਹੋ ਜਾਵੇਗਾ। ਬ੍ਰਾਹਮਣ ਪੁਜਾਰੀਆਂ ਵਾਂਗੂੰ ਕਿ ਭਗਵਾਨ ਮੇਰੇ ਵਾਲੇ ਦੇਵ ਅਸਥਾਨ ਤੇ ਹੀ ਨਿਵਾਸ ਰੱਖਦਾ ਹੈ। ਅਸੀ ਵੀ ਇਹ ਹੀ ਸੋਚੀਏ ਕਿ ਸਾਡੇ ਗੁਰਦੁਆਰੇ ਸਾਹਿਬ ਹੀ ਸਾਰੇ ਆਉਣ। ਕੇਵਲ ਪ੍ਰੋਗਰਾਮਾਂ ਨੂੰ ਮੁਖ ਰੱਖ ਕੇ ਕਮੇਟੀ ਗੋਲਕ ਨੂੰ ਮੁਖ ਰੱਖੇ ਅਸਲ ਨੂੰ ਕੌਣ ਪਛਾਣੇਗਾ? ਆਪਣੇ ਗਲਤ ਪ੍ਰਚਾਰ ਨਾਲ ਸਰਬ-ਵਿਆਪਕ ਹਸਤੀ ਨੂੰ ਆਪਣੇ-ਆਪਣੇ ਘਰ

ਵਿਚ ਸੀਮਿਤ ਦੱਸਿਆ ਤੇ ਉਸੇ ਪ੍ਰਚਾਰ ਦੀ ਥਾਂ ਬਹੁਤੇ ਅਸਥਾਨ 'ਚ ਭ੍ਰਿਸ਼ਟਾਚਾਰ ਪ੍ਰਧਾਨ ਹੋ ਗਿਆ। ਧਰਮ ਦੀ ਦੁਰਵਰਤੋਂ ਕਦੇ ਚੰਗੇ ਸਿੱਟੇ ਨਹੀ ਕੱਢ ਸਕਦੀ, ਸੋ ਕਿਸੇ ਵਿਸ਼ੇਸ਼ ਥਾਂ ਤੂੰ ਪਵਿੱਤਰ ਤੇ ਬਾਕੀ ਨੂੰ ਅਪਵਿੱਤਰ ਮੰਨਣਾ ਧਰਮ ਦੀ ਮੂਲਧਾਰਾ ਦੇ ਵਿਰੁੱਧ ਹੈ। ਗੁਰੂਆਂ ਦਾ ਵੀਚਾਰ ਸਪੱਸ਼ਟ ਹੈ :

ਜਹ ਬੈਸਾਲਹਿ ਤਹ ਬੈਸਾ ਸੁਆਮੀ
ਜਹ ਭੇਜਹਿ ਤਹ ਜਾਵਾ ॥
ਸਭ ਨਗਰੀ ਮਹਿ ਏਕੋ ਰਾਜਾ
ਸਭੇ ਪਵਿਤੁ ਹਹਿ ਥਾਵਾਂ ॥੧॥

(ਅੰਗ ੯੯੩)

ਇਹ ਇਕ ਮਜ਼ਬ ਦੀ ਗੱਲ ਨਹੀਂ, ਕਰੀਬ ਸਾਰੇ ਮਜ਼ਬਾਂ ਵਿਚ ਹੀ ਅਜੇਹਾ ਵਰਤਾਰਾ ਚੱਲਦਾ ਰਿਹਾ ਹੈ। ਗੁਰੂ ਸਾਹਿਬਾਂ ਦੇ ਜ਼ਮਾਨੇ ਤਿੰਨ ਮੁਖ ਮੱਤ ਸਨ-ਭਾਵ ਜਦੋਂ ਸਤਿਗੁਰੂ ਜੀ ਸਰਗੁਨ ਸਰੂਪ ਭਾਵ ਪੰਜਾਂ ਤੱਤਾਂ ਦਾ ਸਰੀਰ ਕਰਕੇ ਸੰਸਾਰ 'ਚ ਮੌਜੂਦ ਸਨ-ਹਿੰਦੂ ਮੱਤ, ਇਸਲਾਮ ਮੱਤ, ਤੇ ਜੋਗ ਮੱਤ ਇਨ੍ਹਾਂ ਤਿੰਨਾਂ ਮੱਤਾਂ ਦੇ ਆਗੂਆਂ ਬਾਰੇ ਗੁਰੂ ਨਾਨਕ ਪਾਤਸ਼ਾਹ ਦਾ ਨਿਰਣਾ ਹੈ :

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥੨॥
ਤੀਨੇ ਓਜਾੜੇ ਕਾ ਬੰਧੁ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥

ਤਿਲੰਗ ਮ: ੧ ਅੰਗ. ੭੨੨

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥

(ਅੰਗ ੫੬)

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥

(ਅੰਗ ੯੬੦)

ਜੋਗੀ :-

ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥

ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ

(ਅੰਗ ੯੫੧)

ਕਾਜ਼ੀ :-

ਕਾਜੀ ਹੋਇ ਕੈ ਬਹੈ ਨਿਆਇ ॥ ਫੇਰੈ ਤਸਬੀ ਕਰੇ ਖੁਦਾਇ ॥
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥

(ਅੰਗ ੯੫੧)

ਠੀਕ ਅੱਜ ਦੇ ਧਾਰਮਿਕ ਬਕਤੇ ਤੇ ਪੂਰੀ ਢੁਕਦੀ ਹੈ :

ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ ॥

(ਅੰਗ ੮੮੭)

ਮੁਕਦੀ ਗੱਲ ਜੇ ਕਿਸੇ ਦੇਸ਼ ਦੇ ਧਾਰਮਿਕ ਆਗੂ ਭਟਕੇ ਹੋਣ, ਧਰਮ ਗ੍ਰੰਥ ਵੀ ਸਹੀ ਅਗਵਾਈ ਦੇਣ ਜੋਗੇ ਨਾ ਹੋਣ ਤੇ ਧਰਮ ਕਰਮ ਭਰਮ ਬਣ ਕੇ ਉਂਜ ਭੁਲੇਖਿਆਂ ਵਿਚ ਗ੍ਰੰਥਿ ਹੋਵਣ, ਫਿਰ ਆਮ ਜਨਤਾ ਦੇ ਉਧਾਰ ਦਾ ਕੀ ਰਸਤਾ ਰਹਿ ਜਾਂਦਾ ਹੈ ? ਇਸ ਹਾਲਤ ਵਿਚ ਨਵੇਂ ਮਾਰਗ ਦੀ ਤਲਾਸ਼ ਸਮੇਂ ਦੀ ਲੋੜ ਹੈ। ਇਸ ਕਰਕੇ ਸੁਜਾਨ ਸੰਤਾਂ ਭਗਤਾਂ ਅਤੇ ਗੁਰੂਆਂ ਉਹ ਰਸਤਾ ਦਿਖਾਇਆ ਜਿਸ ਨੂੰ ਗੁਰਮਤਿ ਕਿਹਾ ਜਾਂਦਾ ਹੈ ਤੇ ਉਹ ਨਾਮ ਤੇ ਸੇਵਾ ਦਾ ਮਾਰਗ ਹੈ, ਨਾਕਿ ਕੇਵਲ ਕੁਰਸੀਆਂ ਹੱਥ ਆਉਣ ਲਈ ਸਭ ਕੁਛ ਕਰਨ ਦਾ ਮਾਰਗ ਹੈ, ਗੁਰਦੇਵ ਜੀ ਦੇ ਬਚਨ ਗੁਰਦੁਆਰਾ ਸਾਹਿਬ ਲਈ ਇਉਂ ਹਨ :

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ, ਹਛਾ ਹੋਇਸੀ ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥

(ਅੰਗ ੭੩੦)

ਤਥਾ :-

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥
ਗੁਰ ਪਰਸਾਦਿ ਕਿਨੈ ਵਿਰਲੈ ਜਾਣੀ॥
ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਣਨਾ
ਆਏ ਤੇ ਪਰਵਾਨਾ ਜੀਉ ॥੧॥

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥
ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥
ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ
ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥
ਸਾਧਸੰਗਿ ਖਿਨ ਮਾਹਿ ਉਧਾਰੇ ॥
ਕਿਲਵਿਖ ਕਾਟਿ ਹੋਆ ਮਨੁੰ ਨਿਰਮਲੁ
ਮਿਟਿ ਗਏ ਆਵਣ ਜਾਣਾ ਜੀਉ ॥੩॥
ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥
ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ
ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥

ਜੇ ਤਾਂ ਇਹ ਗੁਣ ਜੋ ਸਤਿਗੁਰਾਂ ਨੇ ਗੁਰਦੁਵਾਰਾ ਸਾਹਿਬ ਆਉਣ ਤੇ ਪਰਾਪਤ ਹੋਏ ਦੱਸੇ ਹਨ ਕੁਝ ਨਾ ਕੁਝ ਜੀਵਨ 'ਚ ਤਬਦੀਲੀ ਆ ਰਹੀ ਹੈ ਤਾਂ ਠੀਕ ਹੈ, ਨਹੀਂ ਤਾਂ ਗੁਰਮੁਖੋ ! ਇਨ੍ਹਾਂ ਧਾਰਮਿਕ ਅਸਥਨਾ ਦਾ ਕੋਈ ਲਾਭ ਨਹੀਂ ਇਸ ਕਰਕੇ ਵੀਚਾਰਨ ਦੀ ਲੋੜ ਹੈ, ਇਹ ਅਸਥਾਨਾਂ ਕਿਸ ਵਾਸਤੇ ਬਣੇ ਸਨ, ਅਸੀਂ ਕਿਸ ਵਾਸਤੇ ਇਸਤੇਮਾਲ ਕਰ ਰਹੇ ਹਾਂ, ਕਿਤੇ ਸਹੀ ਵਰਤੋਂ ਦੀ ਜਗਾਂ, ਦੁਰਵਰਤੋਂ ਤਾਂ ਨਹੀਂ ਹੋ ਰਹੀ ।

ਗੁਰਮਤਿ ਸਿਧਾਂਤਕ ਪ੍ਰਕ੍ਰਿਆ ਨਿਯਮਾਵਲੀ

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥

ਮ: ੫, ਘਰ ੩-(ਅੰਗ ੧੩੦੦)

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਵਚਨ ਹਨ :

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥

(ਅੰਗ ੧੩੦੦)

ਭਾਵ:- ਜਿਹੜਾ ਵੀ ਪ੍ਰਾਣੀ ਹਰੀ ਪਰਮਾਤਮਾ ਦਾ ਕੀਰਤਨ, ਭਾਵ ਮਹਿਮਾ, ਜੱਸ ਉਪਮਾ, ਵਡਿਆਈ ਕਰੇਗਾ, ਅਤੇ ਸੁਣੇਗਾ, ਗਰੀਬ-ਨਿਵਾਜ਼ ਬਖਸ਼ਿਸ਼ ਕਰਦੇ ਹਨ ਉਸ ਜੀਵ ਦੀ ਦੁਰਮਤਿ ਭਾਵ ਮਾੜੀ ਦੇਖਣੀ ਸੋਚਣੀ ਕਰਨੀ ਸਭ ਖਤਮ ਹੋ ਜਾਵੇਗੀ। ਜੇ ਸੁਣਨ ਅਤੇ ਸੁਣਾਉਨ ਵਾਲਿਆਂ ਵਿਚ ਇਹ ਦੁਰਮਤਿ ਬਰਕਰਾਰ ਹੈ ਤਾਂ ਇਸ ਦਾ ਮਤਲਬ ਸਹੀ ਢੰਗ ਨਾਲ ਨਾ ਸੁਣੀ ਗਈ ਹੈ ਅਤੇ ਨਾ ਹੀ ਸੁਣਾਈ ਗਈ ਹੈ, ਕੋਈ ਹੋਰ ਹੀ ਭਾਵ ਨੂੰ ਲੈ ਕੇ ਸੁਣਦਾ ਸੁਣੌਂਦਾ ਰਿਹਾ। ਸਤਿਗੁਰੂ ਜੀ ਕਹਿੰਦੇ ਹਨ ਕਿ ਸਤਸੰਗਤਿ ਕਰਨ ਨਾਲ ਤਾਂ ਸੱਚ ਦਾ ਧਾਰਨੀ ਹੋਣਾ ਚਾਹੀਦਾ ਸੀ, ਜੈਸੇ :

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥

(ਅੰਗ ੧੨੮੦)

ਫਿਰ ਤਾਂ ਸਤਸੰਗਤਿ ਕਰਨ ਨਾਲ ਇਹ ਗੁਣ ਜ਼ਰੂਰੀ ਸਨ :

(੧) ਹੋਰਤੁ ਰੰਗ ਨ ਰਚੀਐ ਸਭ ਕੂੜ ਦਿਸੰਦਾ ॥
(੨) ਹੋਰਤੁ ਸਾਦਿ ਨ ਲੱਗੀਐ ਹੋਇ ਵਿਸ ਲਗੰਦਾ ॥
(੩) ਹੋਰਤੁ ਰਾਗ ਨ ਰੀਝੀਐ ਸੁਣ ਸੁਖ ਨ ਲਹੰਦਾ ॥
(੪) ਹੋਰੁ ਬੁਰੀ ਕਰਤੂਤ ਹੈ ਲਗੈ ਫਲੁ ਮੰਦਾ ॥
(੫) ਹੋਰਤੁ ਪੰਥਿ ਨ ਚਲੀਐ ਠੱਗੁ ਚੋਰੁ ਮਹੰਦਾ ॥
(੬) ਪੀਰ ਮੁਰੀਦਾਂ ਪਿਰਹੜੀ, ਸੱਚੁ ਸੱਚ ਮਿਲੰਦਾ ॥

(ਭਾਈ ਗੁਰਦਾਸ ਪਉੜੀ ॥ ਵਾਰ ੨੭)

ਭਾਵ ਬਗੈਰ ਨਾਮ ਤੋਂ ਸਭ ਕੂੜ ਦਿੱਸਣਾ ਸੀ, ਨਾਮ ਰਸ ਤੋਂ ਬਗੈਰ ਸਾਰੇ

ਰਸ ਜ਼ਹਿਰ ਪਰਤੀਤ ਹੋਣੇ ਸੀ, ਦੁਨੀਆਂ ਦੇ ਨਾਚ ਗਾਣੇ, ਗੀਤ ਰਾਗ, ਜੋ ਹਨ, ਉਨ੍ਹਾਂ 'ਚ ਮਨ ਨੇ ਨਹੀਂ ਲੱਗਣਾ ਸੀ, ਕਿਉਂਕਿ ਨਾਮ ਮਹਿਮਾ ਸ਼ਬਦ ਕੀਰਤਨ ਤੋਂ ਬਗੈਰ ਕੋਈ ਰਾਗ ਨੱਚਣਾ, ਟੱਪਣਾ, ਗਾਉਣਾ ਸੁਖਦਾਇਕ ਨਹੀਂ ਹੋ ਸਕਦਾ ਸੀ, ਮਾੜੇ ਕੰਮ ਕਰਕੇ ਮਾੜਾ ਹੀ ਬਨਣਾ ਪੈਣਾ ਹੈ, "ਜੈਸਾ ਬੀਜੈ ਸੋ ਲੁਣੈ", (ਗੁਰਬਾਣੀ)। ਜੈਸੀ ਕਰਮਾਂ ਰੂਪੀ ਖੇਤੀ ਬੀਜਾਂਗੇ, ਵੈਸਾ ਹੀ ਫਲ ਮਿਲੇਗਾ, ਬਗੈਰ ਗੁਰਮਤਿ ਦੇ ਮਾਰਗ ਤੋਂ ਬਾਕੀ ਰਸਤੇ ਚੋਰਾਂ ਠੱਗਾਂ ਦੇ ਹੀ ਹਨ, ਇਸ ਤੋਂ ਬਚਣਾ ਸੀ, ਫਿਰ ਪਰਮੇਸ਼ਰ ਵਾਹਿਗੁਰੂ ਨਾਲ ਸੱਚ ਦੇ ਮਾਰਗ ਤੇ ਚੱਲ ਕੇ ਪਤੀ ਪਰਮਾਤਮਾ ਦੀ ਪਰਾਪਤੀ ਹੋ ਸਕਦੀ ਹੈ, ਇਸ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸਦਾਚਾਰ ਦੀ ਨੀਂਹ ਪੱਕਿਆਂ ਕਰਨ ਲਈ ਔਗੁਣਾਂ ਦੇ ਤਿਆਗ ਉਤੇ ਉਤਨਾ ਹੀ ਜ਼ੋਰ ਦਿੱਤਾ ਗਿਆ ਹੈ ਕਿ ਜਿਤਨਾ ਗੁਣ ਸੰਗ੍ਰਹਿ ਉਤੇ। ਜਿਤਨਾ ਚਿਰ ਮੈਲੇ ਧੱਬੇ ਧੋਏ ਨਾ ਜਾਣ ਕੋਈ ਕੱਪੜਾ ਪਹਿਨਣ ਯੋਗ ਨਹੀ ਬਣਦਾ। ਕਿਉਂਕਿ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ (ਅੰਗ ੫੫੮)
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁ ਜੀ)
ਮਨੁ ਮੈਲਾ ਇਵ ਸੁਧ ਹੈ ਹਰਿ ਨਾਮੁ ਧਿਆਏ ॥ (੭੬੧)
ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ (ਅੰਗ ੭੫੫)

ਇਸ ਲਈ ਮੈਲ ਲਾਹੁਣਾ ਪਹਿਲੀ ਸ਼ਰਤ ਹੈ ਤਥਾ ਥਾਂ-ਥਾਂ ਆਦੇਸ਼ ਹੈ :

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥
ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥

ਮ: ੨ ਅੰ: ੪੧੮

ਜੇ ਕੋਈ ਕਦੇ ਐਸੇ ਮਨੁੱਖ ਮਿਲ ਵੀ ਪੈਣ ਤੂੰ ਸਾਂਝ ਗੁਣਾਂ ਦੀ ਕਰਨੀ ਹੈ, ਫੁਰਮਾਣ :

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ ॥ *(ਅੰਗ ੭੬੬)*
ਗੁਣਾ ਕੀ ਰਾਸਿ ਸੰਗੂਹੈ ਅਵਗਣ ਕਢੈ ਵਿਡਾਰਿ ॥ *(ਅੰਗ ੧੦੮੭)*

ਹੁਣ ਦੇਖੀਏ ਕਿ ਅਉਗਣ ਕੀ ਹੈ, ਅਉਗਣ ਕਰਦਿਆਂ ਹਰ ਵੇਲੇ ਪਛਤਾਵਾ ਜਾਂ ਦੁੱਖ ਹੁੰਦਾ ਹੈ ਤੇ ਫਾਇਦਾ ਕੋਈ ਨਹੀਂ ਔਗੁਣ ਇਕ ਕਿਸਮ ਦੀ ਜੰਜੀਰ ਹੈ, ਜੋ ਮਨੁਖ ਨੂੰ ਬੰਨ੍ਹ ਛੱਡਦੀ ਹੈ, ਤੇ ਸੁਤੰਤਰ ਵਿਚਰਨ ਜੋਗਾ ਨਹੀਂ ਛਡਦੀ। ਸਦਾਚਾਰ ਦੀ ਭਾਸ਼ਾ ਵਿਚ ਜੋ ਔਗੁਣ ਹੈ, ਉਹੋ ਹੀ ਧਰਮ ਦੀ ਸੰਕੇਤਾਵਲੀ ਵਿਚ ਪਾਪ ਹੈ, ਪਾਪੀ ਹਰ ਸੂਰਤ ਵਿਚ ਘਬਰਾਉਂਦਾ ਤੇ ਡਰਦਾ ਹੈ, ਉਹ ਚੈਨ ਦੀ ਹਾਲਤ ਵਿਚ ਨਹੀ ਹੁੰਦਾ, ਭਾਰਤੀ ਆਚਾਰ ਸੰਹਿਤਾ ਵਿਚ ਪੰਜ ਵਿਕਾਰ ਮੁਖ ਮੰਨੇ ਗਏ ਹਨ, ਇਹ ਵੱਡੇ ਪਾਪ ਹਨ ਜਿਨ੍ਹਾਂ ਤੋਂ ਬਚਣ ਲਈ ਕੇਵਲ ਸਤਸੰਗਤਿ ਹੀ ਹੈ ਜੋ ਇਸ

ਨੂੰ ਬਚਾ ਲਵੇ, ਕਾਮ ਕ੍ਰੋਧ ਲੋਭ, ਮੋਹ, ਅਹੰਕਾਰ, ਗੁਰਬਾਣੀ ਦੁਆਰਾ। ਜੈਨ ਮੱਤ ਵਿਚ ਵੀ ਪੰਚ ਮਹਾਂ ਬ੍ਰਤ ਧਾਰਨ ਦਾ ਉਪਦੇਸ਼ ਹੈ, ਉਹ ਵੀ ਲਗਭਗ ਇਨ੍ਹਾਂ ਦੀ ਰੋਕਥਾਮ ਦਾ ਹੀ ਇਕ ਜਤਨ ਹੈ :

੧) ਬ੍ਰਹਮਚਰਯ	ਕਾਮ ਤੋਂ ਬਚਣ ਲਈ
੨) ਅਹਿੰਸਾ	ਕ੍ਰੋਧ ਤੋਂ ਬਚਣ ਲਈ
੩) ਅਸਤੇਯ	ਲੋਭ ਤੋਂ ਬਚਣ ਲਈ
੪) ਅਪਰਿਗ੍ਰਹ	ਮੋਹ ਤੋਂ ਬਚਣ ਲਈ
੫) ਸਤਯ	ਝੂਠ ਤੋਂ ਬਚਣ ਲਈ

ਗੁਰਬਾਣੀ:- ਸ਼ਾਦੀ ਭਰਦੀ ਹੈ:-

ਇਸ ਦੇਹੀ ਅੰਦਰਿ ਪੰਚ ਚੋਰ ਵਸਹਿ, ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

(ਅੰਗ ੬੦੦)

ਮਨੁੱਖ ਤਾਂ ਸੱਚਾ ਧਰਮੀ.ਹੋ ਸਕਦਾ ਹੈ, ਜੇਕਰ ਇਨ੍ਹਾਂ ਦੀ ਲਪੇਟ ਵਿਚ ਨਾ ਆਵੇ। ਜੇਕਰ ਇਨ੍ਹਾਂ ਪੰਜਾਂ ਵਿਚੋਂ ਕਿਸੇ ਦੀ ਵੀ ਅੰਸ਼-ਮਾਤਰ ਮਨ ਵਿਚ ਰਹੇ, ਤਾਂ ਉਹ ਸਾਰੇ ਜੀਵਨ ਨੂੰ ਗੰਦਾ ਕਰ ਦਿੰਦੀ ਹੈ, ਇਨ੍ਹਾਂ ਬੁਰਿਆਈਆਂ ਤੋਂ ਇਲਾਵਾ ਗੁਰਬਾਣੀ ਵਿਚ ਹੋਰ ਔਗੁਣਾਂ ਤੋਂ ਬਚਣ ਦਾ ਉਪਦੇਸ਼ ਹੈ। ਕਈ ਇਨ੍ਹਾਂ ਵਿਕਾਰਾਂ ਦੇ ਹੀ ਸੰਗੀ ਸਾਥੀ ਹਨ ਤੇ ਕਈ ਇਨ੍ਹਾਂ ਦੇ ਮੰਦੇ ਪ੍ਰਭਾਵ ਵਜੋਂ ਜਨਮ ਲੈਂਦੇ ਹਨ, ਜਿਵੇਂ ਕ੍ਰੋਧ ਕਾਰਨ ਹਿੰਸਾ, ਵਾਦ ਵਿਵਾਦ ਤੇ ਫਿਕਾ ਬੋਲਣ ਦੇ ਔਗੁਣ ਉਪਜਦੇ ਹਨ, ਮੋਹ ਕਾਰਨ ਮਮਤਾ ਜ਼ੋਰ ਫੜਦੀ ਹੈ, ਜੋ ਦਵੈਤ ਭਾਵ ਜਾਂ ਦੁਬਿਧਾ ਦੇ ਰੋਗ ਨੂੰ ਵਧਾਉਂਦੀ ਹੈ। ਲੋਭੀ ਆਦਮੀ ਹੱਕ ਨਾ-ਹੱਕ ਦੀ ਪਛਾਣ ਭੁੱਲ ਕੇ ਦੂਜੇ ਦਾ ਮਾਲ ਹਥਿਆਉਣਾ ਬੁਰਾ ਨਹੀ ਮੰਨਦਾ, ਚੋਰੀ ਝੂਠ ਉਸ ਦੀ ਲਾਜ਼ਮੀ ਆਦਤ ਹੋ ਜਾਂਦੀ ਹੈ। ਜੋ ਅਹੰਕਾਰ ਦਾ ਸ਼ਿਕਾਰ ਹੋ ਗਿਆ ਉਸ ਨੂੰ ਸਿਸ਼ਟਾਚਾਰ ਜਾਂ ਨੇਕੀ ਦੀ ਯਾਦ ਨਹੀ ਰਹਿੰਦੀ, ਜਬਰ ਧੱਕਾ ਤੇ ਅਨਿਆਂ ਉਸ ਦਾ ਸੁਭਾਅ ਹੋ ਜਾਂਦਾ ਹੈ, ਇਸ ਤਰ੍ਹਾਂ ਇਕ ਵੱਡੇ ਔਗੁਣ ਵਿਚੋਂ ਕਈ ਹੋਰ ਤਰ੍ਹਾਂ ਦੇ ਨਿੱਕੇ ਔਗੁਣ ਪੈਦਾ ਹੁੰਦੇ ਤੇ ਜ਼ਿੰਦਗੀ ਨੂੰ ਅੰਦਰੋ-ਅੰਦਰ ਘੁਣ ਵਾਂਙ ਖਾਂਦੇ ਰਹਿੰਦੇ ਹਨ। ਤਮਾਮ ਬੁਰਿਆਈਆਂ ਤੋਂ ਮਨੁੱਖ ਨੂੰ ਸਾਵਧਾਨ ਕੀਤਾ ਹੈ, ਤੇ ਅਚੇਤ ਪਾਪ ਤੋਂ ਵੀ ਬਚਣ ਲਈ ਪ੍ਰੇਰਿਆ ਹੈ, ਤਾਂਕਿ ਜੀਵਨ ਉੱਚ ਆਚਾਰ ਦੀ ਪ੍ਰਾਪਤੀ ਕਰ ਸਕੇ। ਉੱਚਾ ਆਚਾਰ ਬਣਾਉਣ ਲਈ ਕੇਵਲ ਗੁਣ ਗ੍ਰਹਿਣ ਕਰਨੇ ਹੀ ਕਾਫੀ ਨਹੀਂ ਸਗੋਂ ਆਪਣੇ ਆਪ ਅੰਦਰ ਜੋ ਔਗੁਣ ਜਾਂ ਬੁਰਿਆਈਆਂ ਹਨ, ਉਨ੍ਹਾਂ ਨੂੰ ਕੱਢਣਾ ਬੜਾ ਹੀ ਜ਼ਰੂਰੀ ਹੈ। ਕਿਸੇ ਬਸਤਰ ਦੀ ਮੈਲ ਕੱਢੇ ਬਿਨਾਂ ਉਸ ਨੂੰ ਨਵਾਂ ਰੰਗ ਕਿਵੇਂ ਚਾੜ੍ਹਿਆ

ਜਾਵੇ ਇਸ ਕਰਕੇ ਮੈਲ ਉਤਰਨਾ ਪਹਿਲਾਂ ਜ਼ਰੂਰੀ ਕੰਮ ਹੈ।

ਗੁਰਬਾਣੀ :-

ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥

(ਅੰਗ ੧੦੨੬)

ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥

(ਅੰਗ-੧੦੨੬)

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ, ਕਾਮੁ ਕ੍ਰੋਧੁ ਚੰਡਾਰ ॥

(ਅੰਗ ੧੨੫੫)

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥

(ਅੰਗ ੩੭੭)

ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਇਲਾਵਾ ਹੋਰ ਵੀ ਔਗੁਣਾਂ ਅਤੇ ਵਿਕਾਰਾਂ ਤੋਂ ਬਚਣਾ ਹੈ। ਹੇਠ ਲਿਖੇ ਗੁਣ ਔਗੁਣ ਵੀਚਾਰੋ—

ਔਗੁਣ	**ਗੁਰਬਾਣੀ**	**ਗੁਣ**	**ਅੰਗ**
੧. ਕਾਮ	ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥	ਜਤ ਸਤ ਸੰਜਮ	੨੭੪
੨. ਕ੍ਰੋਧ	ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥	ਸਹਿਨਸ਼ੀਲਤਾ, ਖਿਮਾ	੯੩੨
੩. ਲੋਭ	ਹੇ ਲੋਭਾ ਲੰਪਟ ਸੰਗ ਸਿਰਮੋਰਹ	ਦਾਨ, ਤਿਆਗਿ	੧੩੫੮
੪. ਮੋਹ-	ਮਾਇਆ ਐਸੀ ਮੋਹਨੀ,		
	ਜੇਤੇ ਜੀਅ ਤੇਤੇ ਡਹਕਾਈ ॥	ਵੈਰਾਗ	੧੧੬੦
੫. ਅਹੰਕਾਰ	ਹਰਿ ਜੀਉ ਅਹੰਕਾਰੁ ਨ ਭਾਵਈ	ਨਿੰਮ੍ਰਤਾ, ਗਰੀਬੀ	੧੦੮੯
੬. ਹਉਮੈ	ਹਉਮੈ ਨਾਵੈ ਨਾਲਿ ਵਿਰੋਧੁ ਹੈ	ਪ੍ਰਭੂ-ਸ਼ਰਣ (ਹੁਕਮ)	੫੬੦
੭. ਦੁਬਿਧਾ			
(ਦੂਜਾ ਭਾਵ)	ਦੁਬਿਧਾ ਨ ਪੜਉ ਹਰਿ ਬਿਨੁ		
	ਹੋਰੁ ਨ ਪੂਜਉ	ਸਮ-ਦ੍ਰਿਸ਼ਟੀ	੬੩੪
੮. ਆਸਾ ਤ੍ਰਿਸ਼ਨਾ	ਆਸਾ ਮਨਸਾ ਬੰਧਨੀ ਭਾਈ	ਸਬਰ ਸੰਤੋਖ	੬੩੫
੯. ਮਮਤਾ-ਮਨ	ਜੈਸੇ ਬਚਰਹਿ ਕੂੰਜ ਮਨ		
	ਮਾਇਆ ਮਮਤਾ ਰੇ	ਨਿਰਲੇਪਤਾ	੧੩੭੧
੧੦. ਦ੍ਵੈਖ	ਜਿਨ ਪ੍ਰੇਮ ਕੀਓ, ਤਿਨ ਹੀ		
	ਪ੍ਰਭ ਪਾਇਓ, (ਦਸਮ ਗ੍ਰੰਥ)	ਪ੍ਰੇਮ	

ਔਗੁਣ	ਗੁਰਬਾਣੀ	ਗੁਣ	ਅੰਗ
੧੧. ਧਾਤੂ	ਗੁਰ ਕੀ ਮੂਰਤਿ		
	ਮਨ ਮਹਿ ਧਿਆਨੁ ॥	ਲਿਵ, ਧਿਆਨ	੮੬੪
੧੨. ਚਤੁਰਾਈ	ਚਤੁਰਾਈ ਨ ਚਤੁਰ ਭੁਜ		
	ਪਾਈਐ ॥	ਨਿਸ਼ਕਪਟਤਾ, ਭੋਲਾਪਣ	੩੨੪
੧੩. ਅਗਿਆਨ	ਜੈਸਾ ਮਾਨੀਐ ਹੋਇ ਨ		
	ਤੈਸਾ ਅੰਧੇਰਾਪਨ	ਗਿਆਨ ਪ੍ਰਕਾਸ਼	੬੫੭
੧੪. ਭਰਮ	ਮਾਧਵੇ ਕਿਆ ਕਹੀਐ		
	ਭ੍ਰਮੁ ਐਸਾ ॥	ਬਿਬੇਕ	੬੫੭
੧੫. ਭੈ	ਭੈ ਕਾਹੂ ਕਉ ਦੇਤ		
	ਨਹਿ ਭੈ ਮਾਨਤ ਆਨ ॥	ਨਿਰਭੈਤਾ	੪੨੭
੧੬. ਕਪਟ ਪ੍ਰਪੰਚ	ਬਹੁ ਪਰਪੰਚ ਕਰਿ		
	ਪਰ ਧਨੁ ਲਿਆਵੈ ॥	ਨਿਸ਼ਕਪਟਤਾ	੬੫੬
੧੭. ਈਰਖਾ	ਪਰ ਕਾ ਬੁਰਾ ਨ ਰਾਖਹੁ ਚੀਤਿ ॥	ਸੁਹਿਰਦਤਾ	੩੮੬
੧੮. ਨਿੰਦਾ	ਨਿੰਦਾ ਭਲੀ ਕਿਸੇ ਕੀ ਨਾਹੀ	ਸੁਹਿਰਦਤਾ	੭੫੫
੧੯. ਹਿੰਸਾ	ਹਿੰਸਾ ਹਉਮੈ ਗਤੁ ਗਏ		
	ਨਾਹੀ ਸਹਸਾ ਸੋਗੁ ॥		
	ਅਹਿੰਸਾ, ਕਥਾ	ਦਇਆ	੨੧
੨੦. ਚੋਰੀ	ਬਹੁ ਪਰਪੰਚ ਕਰਿ		
	ਪਰ ਧਨੁ ਲਿਆਵੈ ॥	ਕਿਰਤ-ਵਿਰਤਿ	੬੫੬
੨੧. ਵਿਬਚਾਰ	ਜੈਸਾ ਸੰਗਿ ਬਿਸੀਅਰ ਸਿਉ ਹੈ		
	ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥	ਸੀਲ, ਸਤ	੪੦੩
੨੨. ਕੂੜ	ਕੂੜੁ ਬੋਲਿ ਮੁਰਦਾਰੁ ਖਾਇ ॥	ਸੱਚ	੧੩੯
੨੩. ਆਲਸ	ਚਿਤਵਰਤ ਪਾਪ ਨ ਆਲਕੁ		
	ਆਵੈ ॥	ਉੱਦਮ	੧੧੪੩
੨੪. ਚਿੰਤਾ	ਨਾਨਕ ਚਿੰਤਾ ਮਤਿ ਕਰਹੁ.	ਅਚਿੰਤ ਤਾਈ	੯੫੫
੨੫. ਹਠ	ਮਨਹਠਿ ਕਿਨੈ ਨ ਪਾਇਓ	ਨਿਰਮਾਣਤਾ	੮੬
੨੬. ਪਾਖੰਡ-ਭੇਖ	ਇਕਿ ਪਾਖੰਡੀ ਨਾਮਿ ਨ ਰਾਚਹਿ		੯੯੦
	ਛੋਡਹਿ ਅੰਨੁ ਕਰਹਿ ਪਾਖੰਡ	ਈਮਾਨਦਾਰੀ ਕਰਨੀ	੭੩
੨੭. ਸੁਆਰਥ	ਸੁਆਰਥੁ ਸੁਆਉ ਨ ਕੋ ਕਰੇ	ਪਰਉਪਕਾਰ	੭੦

ਔਗੁਣ	ਗੁਰਬਾਣੀ	ਗੁਣ	ਅੰਗ
੨੮. ਜੂਠ ਅਪਵਿਤ੍ਰਤਾ	ਪਹਿਲਾ ਸੁਚਾ ਆਪਿ ਹੋਇ	ਸੁੱਚ ਸ਼ੁਧੀ	੪੭੩
੨੯. ਬਦਨੀਤੀ	ਜੇ ਬਦੀ ਕਰੇ ਤਾ ਤਸੂ ਨ ਛੀਜੈ ॥	ਨੇਕ ਨੀਤੀ	੬੬੨
੩੦. ਅਕ੍ਰਿਤਘਣਤਾ	ਅਕਿਰਤਘਣਾ ਕਾ ਕਰੇ ਉਧਾਰੁ ॥	ਕ੍ਰਿਤੱਗਤਾ	੮੯੮
੩੧. ਢੀਠਤਾ	ਲਾਜ ਮਰੈ ਜੋ ਨਾਮੁ ਨ ਲੈਵੈ ॥	ਲਾਜ ਸ਼ਰਮ	੧੧੪੮
੩੨. ਕ੍ਰਿਪਣਤਾ	ਸੂਮਹਿ ਧਨੁ ਰਾਖਨ ਕਉ ਦੀਆ ॥	ਉਦਾਰਤਾ	੪੭੯
੩੩. ਕਾਇਰਤਾ	ਜੋ ਸੂਰਾ ਤਿਸ ਹੀ ਹੋਇ ਮਰਣਾ ॥		
	ਜੋ ਭਾਗੈ ਤਿਸੁ ਜੋਨੀ ਫਿਰਣਾ ॥	ਬੀਰਤਾ	੧੦੧੯
੩੪. ਕਠੋਰਤਾ	ਧੌਲੁ ਧਰਮੁ ਦਇਆ ਕਾ ਪੂਤੁ ॥	ਕੋਮਲਤਾ	੩
੩੫. ਪਰਾਧੀਨਤਾ	ਫਰੀਦਾ ਬਾਰਿ ਪਰਾਇਐ ਬੈਸਣਾ	ਸੁਤੰਤ੍ਰਤਾ	੧੩੮੦
੩੬. ਰਸ-ਕਸ	ਬਿਖੈ ਬਨੁ ਫੀਕਾ ਤਿਆਗਿ		
	ਰੀ ਸਖੀਏ	ਸੰਜਮ	੮੦੨
੩੭. ਵਾਦ-ਵਿਵਾਦ	ਬਿਨੁ ਬਾਦ ਵਿਰੋਧਹਿ ਕੋਈ		
	ਨਾਹੀ ॥ ਜਾਂ 'ਮੂਰਖੈ ਨਾਲਿ		
	ਨ ਲੁਝੀਐ'	ਸ਼ਾਂਤੀ	੧੦੨੪
੩੮. ਕਾਹਲ ਚੰਚਲਤਾ	ਏ ਮਨ ਚੰਚਲਾ ਚਤੁਰਾਈ		
	ਕਿਨੈ ਨ ਪਾਇਆ ॥	ਧੀਰਜ, ਸਹਿਜ	੯੧੮
੩੯. ਬੇਪ੍ਰੀਨਤੀ-			
(ਨਾਸਤਿਕਤਾ)	ਪਰਤੀਤਿ ਹੀਐ ਆਈ ਜਿਨ ਜਨ		
	ਕੈ ਤਿਨ੍ ਕਉ	ਸ਼ਰਧਾ ਵਿਸ਼ਵਾਸ ਸਿਦਕ	੧੪੦੨
੪੦. ਕੁਸੰਗਤਿ	ਸਾਕਤ ਸੰਗੁ ਨ ਕੀਜੀਐ	ਸਤਿ ਸੰਗਤਿ	੧੩੬੯

ਮਨੁੱਖ ਕਈ-ਕਈ ਹੇਠਲੀਆਂ ਜੂਨਾਂ ਤੋਂ ਹੁੰਦਾ ਆਇਆ ਪਸ਼ੂ ਕੀੜੇ ਮਕੌੜੇ ਨਿਖਿਧ ਜੂਨਾਂ 'ਚੋਂ ਆਇਆ ਕਰਕੇ ਅਣਮਨੁੱਖੀ ਔਗੁਣ ਕਦੇ ਦੇ ਸਮਾਏ ਹੋਏ ਹਨ, ਜਿਨ੍ਹਾਂ ਨੂੰ ਲੋੜ ਅਨੁਸਾਰ ਸੋਧ ਸੁਧਾਈ ਤੇ ਮਰਯਾਦਾ-ਬੱਧ ਦੀ ਜ਼ਰੂਰਤ ਹੈ। ਕਈ ਇਨ੍ਹਾਂ ਵਿਚ ਪਸ਼ੂ ਬਿਰਤੀਆਂ ਹਨ, ਜਿਵੇ ਅਸੀਂ ਆਖਦੇ ਹਾਂ, ਕੁੱਤੇ ਵਾਂਙ ਲਾਲਚੀ, ਲੂੰਬੜ ਵਾਂਙ ਚਲਾਕ, ਸੰਢੇ ਵਾਂਙ ਖੋਰੀ ਦੇਵੈਖੀ ਸੂਰ ਵਾਂਙ ਪੇਟੂ (ਖਾਣ-ਸੂਰਾ) ਗੁਰਵਾਕ ਹੈ

ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥ *(ਅੰਗ ੨੬੭)*

ਹਰ ਪ੍ਰਵਿਰਤੀ ਅੰਦਰਲੀ ਧੜਕਣ ਹੈ, ਪਰ ਇਹ ਸਰਗਰਮੀ ਕਿਸੇ ਮਰਯਾਦਾ ਵਿਚ ਹੋਣੀ ਜ਼ਰੂਰੀ ਹੈ। ਕਾਮ ਸ਼ਕਤੀ ਸਾਰੀ ਸ੍ਰਿਸ਼ਟੀ ਦੀ ਰਚਨਾ ਲਈ ਜ਼ਿੰਮੇਵਾਰ ਹੈ ਪਰ ਜੇ ਇਹ ਬੇ ਕਾਬੂ ਹੋਵੇ ਤਾਂ ਸਮਾਜਕ ਮਰਯਾਦਾ ਕਾਇਮ ਨਹੀ ਰਹਿੰਦੀ ਤੇ ਨਾ ਹੀ ਵਿਅਕਤੀ ਦਾ ਆਚਾਰ ਸਵੱਛ ਰਹਿੰਦਾ ਹੈ, ਇਸੇ ਤਰ੍ਹਾਂ ਕ੍ਰੋਧ ਜਾਂ ਰੋਹ ਦਾ ਅੰਸ਼ ਜਦੋਂ ਕਿਸੇ ਭਲੇ ਕੰਮ ਲਈ ਉਭਾਰ ਵਿਚ ਆਉਂਦਾ ਹੈ ਤਾਂ ਬੀਰਤਾ ਹੋ ਨਿਬੜਦਾ ਹੈ, ਜੇ ਐਵੇਂ ਆਪਣਾ ਸੰਤੁਲਨ ਗੁਆ ਕੇ ਮਨ ਭੜਕਾਹਣ ਵਿਚ ਆਵੇ ਤਾਂ ਆਪਣਾ ਆਪ ਸੜ ਫੂਕ ਬਹਿੰਦਾ ਹੈ।

ਇਸ ਤਰ੍ਹਾਂ ਗੁਣ ਔਗੁਣ ਬਾਹਰੋਂ ਨਹੀਂ ਆਉਂਦੇ, ਕੇਵਲ ਮਨੁੱਖੀ ਸ਼ਕਤੀਆਂ ਤੇ, ਭਾਵਨਾਵਾਂ ਦੀ ਸੁਯੋਗ ਵਰਤੋਂ ਹੀ ਇਨ੍ਹਾਂ ਨੂੰ ਗੁਣ ਬਣਾਉਂਦੀ ਹੈ ਤੇ, ਕੁਵਰਤੋਂ ਔਗੁਣਾਂ ਦਾ ਰੂਪ ਦੇ ਦਿੰਦੀ ਹੈ। ਇਹ ਜਾਚ ਗੁਰੂ ਜੀ ਦਸਦੇ ਹਨ, ਕਿਵੇਂ ਔਗੁਣਾਂ ਨੂੰ ਗੁਣਾਂ ਦਾ ਰੂਪ ਦੇਣਾ ਹੈ-

ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥
ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ ॥

(ਅੰਗ ੯੩੬)

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥ *(ਅੰਗ ੩੩੫)*

ਸਤਸੰਗਤਿ ਮਹਿ ਹਰਿ ਹਰਿ ਵਸਿਆ

ਸਤਸੰਗਤਿ ਮਹਿ ਹਰਿ ਹਰਿ ਵਸਿਆ
ਮਿਲਿ ਸੰਗਤਿ ਗੁਨ ਜਾਨ ॥
ਵਡੈ ਭਾਗਿ ਸਤਸੰਗਤਿ ਪਾਈ
ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ (ਅੰਗ ੧੩੩੫)

ਭਾਵ:- ਹਰੀ ਦਾ ਵਾਸਾ ਪਰਤਖਿ ਰੂਪ 'ਚ ਸਤਸੰਗਤਿ ਵਿਚ ਹੈ ਹਰੀ ਦੇ ਗੁਣਾਂ ਨੂੰ ਜਾਣਨ ਲਈ ਸਤਸੰਗੀ ਹੋਣਾ ਪਵੇਗਾ। ਸਤਸੰਗੀ ਉਹਨਾਂ ਨੂੰ ਕਿਹਾ ਜਾਂਦਾ ਹੈ ਜੋ ਸੁਰਤੀ ਵਿਰਤੀ ਟਿਕਾ ਕੇ ਗੁਰੂ ਦੀ ਗੋਦ 'ਚ ਬੈਠ ਕੇ ਹਰਿ ਜਸੁ ਕੀਰਤਨ ਕਥਾ ਦਾ ਆਨੰਦ ਮਾਣਦੇ ਹਨ, ਜਿਨ੍ਹਾਂ ਨੇ ਹਰੀ ਦੀ ਕੀਰਤੀ ਨੂੰ ਰੂਹ ਦੀ ਖ਼ੁਰਾਕ ਬਣਾ ਲਿਆ ਹੈ ਭਾਵ ਦੇਸ਼ ਕਾਲ (ਸਮਾਂ) ਸਰੀਰ ਘਰ ਵਾਰ ਧੀਆਂ ਪੁੱਤਰਾਂ ਨੂੰ ਭੁਲ ਕੇ ਇਕੋ ਯਾਦ ਪ੍ਰਮਾਤਮਾ ਦੀ ਬਣ ਜਾਏ ਉਸ ਨੂੰ ਸਤਸੰਗਤਿ ਕਹਿੰਦੇ ਹਨ, ਜਿਹਨਾਂ ਦਾ ਧਿਆਨ ਘੜੀ ਵਲ ਹੀ ਰਹੇ, ਭਾਈ ਘੜੀ ਦੀ ਸੂਈ ਕਦੇ ਖੜੀ ਨਹੀਂ ਹੋਈ ਐਸੀ ਘੜੀ ਜੋ ਸਦਾ ਚਲਾਇਮਾਨ ਰਹਿੰਦੀ ਹੈ ਮਨ ਨੂੰ ਕਿਵੇਂ ਇਕਾਗਰ ਅਟੱਲ ਪਦਵੀ ਬਖਸ਼ੇਗੀ, ਨਹੀਂ ਇਸ ਤੋਂ ਉਪਰ ਉਠਣਾ ਪਵੇਗਾ ਫਿਰ ਹਰੀ ਦਾ ਗਿਆਨ ਫਿਰ ਹਰੀ ਦੀ ਪਰਾਪਤੀ ਪਹਿਲਾਂ ਜਿਸ ਸ਼ਹਿਰ ਦਾ ਗਿਆਨ ਨਹੀਂ ਸੋਧ ਨਹੀਂ ਐਡਰੈਸ ਨਹੀਂ ਉਥੇ ਜੀਵ ਕਿਵੇਂ ਪਹੁੰਚੇਗਾ, ਨਹੀਂ ਪਹੁੰਚ ਸਕਦਾ ਭਾਵੇਂ ਲਖ ਵਾਰ ੮੪ ਲੱਖ ਜੂਨਾਂ 'ਚ ਆ ਕੇ ਮਨੁੱਖ ਜਾਮਾ ਮਿਲਦਾ ਰਹੇ। ਜਿੰਨਾ ਚਿਰ ਸਤਸੰਗਤਿ ਨਹੀਂ, ਹਰੀ ਦਾ ਗਿਆਨ ਨਹੀਂ, ਜਿੰਨਾ ਚਿਰ ਪਰਮਾਤਮਾ ਦਾ ਗਿਆਨ ਨਹੀਂ ਉਨਾ ਚਿਰ ਪਰਾਪਤੀ ਨਹੀਂ, ਜਦੋਂ ਸਤਸੰਗਤਿ ਕਰਕੇ ਐਸੀ ਅਵਸਥਾ ਬਣ ਜਾਵੇ-

ਜੈਸੀ ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੪ ਅੰਦਰ ਦੱਸ ਰਹੇ ਹਨ :-

(੧) *ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।*
(੨) *ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।*
(੩) *ਸਾਧਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।*
(੪) *ਚਰਣ ਕਵਲ ਵਿਚਿ ਭਵਰੁ ਹੋਇ ਸੁਖ ਰੈਣਿ ਵਿਹਾਵੈ।*
(੫) *ਗੁਰ ਉਪਦੇਸਿ ਨ ਵਿਸਰੈ ਬਾਬੀਹਾ ਧਿਆਵੈ।*

(੬) ਪੀਰ ਮੁਰੀਦਾ ਪਿਰਹੜੀ ਦੁਬਿਧਾ ਨਾ ਸੁਖਾਵੈ ॥੧੪॥

ਭਾਵ:- ਭਾਈ ਗੁਰਦਾਸ ਜੀ ਇਸ ਵਾਰ ਵਿਚ ਦੱਸਦੇ ਹਨ ਮਿਲਾਪ ਪਰਮਾਤਮਾ ਦਾ ਕਿਵੇਂ ਹੋਵੇਗਾ, ਦ੍ਰਿਸਟਾਂਤ ਪੰਛੀਆਂ ਦਾ ਹੈ ਉਪਦੇਸ਼ ਮਾਨੁਖ ਨੂੰ ਹੈ, ਕਹਿੰਦੇ ਜਿਸ ਤਰ੍ਹਾਂ ਪਤੰਗਾ ਦੀਵੇ ਦੀ ਲਾਟ ਤੇ ਆਸ਼ਕ ਹੈ ਪਿਆਰ ਕਰਦਾ ਲਾਟ ਦੇਖ ਕੇ ਜੋਤੀ ਜੋਤ ਭਾਵ ਖਤਮ ਹੋ ਜਾਂਦਾ ਹੈ, ਹਿਰਨ ਘੰਡੇਹੇੜੇ ਦੇ ਨਾਦ ਦਾ ਆਸ਼ਕ ਹੈ ਸੁਣ ਕੇ ਮੋਹਤ ਆਪਾ ਭੁਲ ਜਾਂਦਾ ਹੈ।

ਪਾਣੀ ਵਿਚ ਮੱਛੀ, ਪੂਰਾ ਆਨੰਦ ਲੈਂਦੀ ਹੈ ਭਵਰਾ ਫੁਲ ਦੀ ਸੁਗੰਧੀ ਦਾ ਆਸ਼ਕ ਹੈ ਜਾਨ ਦੀ ਪਰਵਾਹ ਨਹੀਂ ਕਰਦਾ, ਬਾਬੀਹਾ ਸ੍ਵਾਂਤੀ ਬੂੰਦ ਲਈ ਪ੍ਰਿਉ-ਪ੍ਰਿਉ ਕਰਦਾ ਰਹਿੰਦਾ ਹੈ, ਠੀਕ ਇਸ ਤਰ੍ਹਾਂ ਜੀਵ ਪ੍ਰਭੂ ਦਾ ਸੱਚਾ ਆਸ਼ਕ ਬਣ ਕੇ ਉਸ ਦੀ ਪਰਾਪਤੀ ਲਈ ਕੋਈ ਪਰਵਾਹ ਪਦਾਰਥ ਸਰੀਰ ਮੋਹ ਮਮਤਾ ਤੋਂ ਉੱਪਰ ਉਠ ਕੇ ਉਸ ਦੀ ਪਰਾਪਤੀ ਲਈ ਦਿਨ ਰਾਤ ਇਕ ਕਰ ਕੇ ਨਾਮ ਅਭਿਆਸ ਕਮਾਈ ਕਰੇ ਸਤਸੰਗਤਿ ਨਾ ਛੱਡੇ ਕਿਸੇ ਵੀ ਕੀਮਤ ਤੇ ਇਕ ਦਿਨ ਜ਼ਰੂਰ ਦੁਬਿਧਾ ਅਹੰਕਾਰ ਮੇਰ ਤੇਰ ਨੂੰ ਛੱਡ ਪਰਮਾਤਮਾ ਨੂੰ ਮਿਲੇਗਾ ਮਿਲਾਪ ਤੋਂ ਵਾਅਦ ਜੋ ਜ਼ਿੰਦਗੀ ਹੈ ਉਸ ਦਾ ਅਨੰਦ ਤਾਂ ਅੱਖਰਾਂ 'ਚ ਵਖਿਆਣ ਹੀ ਨਹੀਂ ਹੋ ਸਕਦਾ, ਇਹਨਾਂ ਸੁਖ ਅਨੰਦ ਪ੍ਰਭੂ ਮਿਲਾਪ ਵਿਚ ਹੈ, ਪਰ ਅੱਜ ਮਨੁੱਖ ਪਰਮਾਤਮਾ ਨੂੰ ਮਿਲਣਾ ਤਾਂ ਚਾਹੁੰਦਾ ਹੈ, ਪਰ ਸਿਧਾਂ ਵਾਂਗੂੰ ਮੈ ਮੇਰੀ ਨਹੀ ਛੱਡਦਾ ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਨ੍ਹਾਂ ਨੇ ਭੁਲੇ ਭਟਕੇ ਜੀਵਾਂ ਨੂੰ ਸੀਧਾ ਮਾਰਗ ਦੱਸਿਆ ਕਿਉਂਕਿ ਮਨੁੱਖ ਦੇ ਰਾਹ ਵਿਚ ਸਭ ਤੋਂ ਵੱਡੀ ਰੋਕ ਪ੍ਰਾਪਤੀ ਦਾ ਅਹੰਕਾਰ ਹੈ। ਇਸੇ ਨੂੰ ਅਪਣੱਤ ਕਹਿੰਦੇ ਹਨ, ਅਪਣੱਤ ਪਈ ਤਾਂ ਨਾਮ ਗਿਆ, ਨਾਮ ਗਿਆ ਤਾਂ ਖੇੜਾ ਗਿਆ ਖੇੜੇ ਰਹਿਤ ਜੀਵਨ ਭੱਠ ਹੈ, ਆਪ ਜੀ ਨੇ ਸਿਧਾਂ ਨੂੰ ਇਹਨਾਂ ਰਾਹਾਂ ਤੋਂ ਰੋਕਿਆ। ਸਿਧਾਂ ਡਿਗੀਆਂ ਸੁਰਤਾਂ ਵਾਲੇ ਉਹ ਹੀ ਕੁਝ ਕਰ ਰਹੇ ਸਨ, ਜੋ ਅੱਜ ਕਲ ਹਿਪੀਜ਼ ਕਰਦੇ ਹਨ। ਨਸ਼ਾ ਪੀ ਕੇ ਸੁਰਤ ਚੜ੍ਹਾ ਲੈਣੀ ਤੇ ਫਿਰ ਉਸ ਨਸ਼ੇ ਦੇ ਲੋਰ ਵਿਚ ਚਿੱਤਰ ਚਿੱਤਰਨੇ ਤੇ ਪਾਸ ਖਲੋਤਿਆਂ ਨੂੰ ਕਹਿਣਾ ਕਿ ਉਹ ਦੂਜੇ ਜਹਾਨ ਪੁਜ ਗਏ ਹਨ। ਬਾਬਾ ਨਾਨਕ ਸਤਿਗੁਰੂ ਸਭ ਕਿਛ ਜਾਣ ਕਰਕੇ ਇਹ ਪਾਖੰਡ ਚੰਗਾ ਨਾ ਲੱਗਾ, ਨਾਨਕ ਮਤੇ ਪੁੱਜ ਕੇ ਸੰਬਾਦ ਅਰੰਭ ਹੋਇਆ ਮਹਿਮਾ ਪ੍ਰਕਾਸ਼ ਅਨੁਸਾਰ :

ਬਿਰਛ ਕੇ ਤਲੇ ਦਿਆਲ ਆਸਨ ਕੀਆ।
ਬਜੇ ਰਬਾਬ ਅਨਾਹਦ ਧੁਨਿ ਕੀਰਤਨ ਰੱਖਿਆ।

ਸਿਧਾਂ ਗੁਰੂ ਜੀ ਅੱਗੇ ਸ਼ਰਾਬ ਦਾ ਪਿਆਲਾ ਰੱਖਿਆ ਮਹਾਰਾਜ ਨੇ ਉਤਰ ਦਿੱਤਾ :

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ (ਅੰਗ ੫੫੩)

ਇਹ ਤਾਂ ਬੁਰਿਆਈਆਂ ਖੱਟਣ ਦਾ ਸਹਿਲਾ ਰਾਹ ਹੈ। ਨਸ਼ਾ ਪੀ ਕੇ ਮੱਤ ਵਿਗੜਦੀ ਹੈ। ਨਸ਼ੇ 'ਚ ਬੁਰਿਆਈਆਂ, ਉਤਰੇ ਤੇ ਸਰੀਰ ਟੁਟਦਾ ਹੈ। ਅਸਲ ਵਸਤੂ ਵਿਸਮਾਦ ਹੈ ਅਤੇ ਉਹ ਆਉਂਦੀ ਹੈ ਧਿਆਨ ਨਾਲ, ਧਿਆਨ ਜੁੜਦਾ ਹੈ ਗਿਆਨ ਨਾਲ ਗਿਆਨ ਮਿਲਦਾ ਹੈ ਸਤਸੰਗਤਿ ਵਿਚ ਗੁਰੂ ਵਾਲੇ ਬਣ ਕੇ ਇਕਾਗਰ ਚਿੱਤ ਹੋ ਜਾਂਦਾ ਹੈ, ਸਤਸੰਗਤਿ ਇਕ ਐਸੀ ਵਾੜਿ ਹੈ ਜੋ ਹਮੇਸ਼ਾਂ ਕਰਨ ਨਾਲ ਜੀਵ ਨੂੰ ਵਿਸ਼ੇ ਵਿਕਾਰਾਂ ਤੋਂ ਪੂਰਨ ਤੋਰ ਤੇ ਮੁਕਤ ਕਰ ਦਿੰਦੀ ਹੈ ॥ ਕਿਉਂਕਿ ਉਥੇ ਕੇਵਲ ਸ਼ਬਦ ਹੀ ਸ਼ਬਦ ਹੈ ਕੋਈ ਰਿਸਤਾਂ ਦੁਨਿਆਵੀ ਨਹੀਂ, ਕੇਵਲ ਗੁਰੂ ਤੇ ਸੰਗਤ ਇਕ ਪਿਤਾ ਬਾਕੀ ਸਭ ਬੱਚੇ ਦੇ ਰੂਪ। ਗੁਰੂ ਬਾਪ ਦੀ ਗੋਦ ਦਾ ਆਨੰਦ ਪਰਾਪਤ ਕਰਦੇ ਹਨ, ਕਦੇ ਵੀ ਕਿਸੇ ਨੇ ਬੁਲਾਰੇ ਤੋਂ ਇਹ ਨਹੀਂ ਸੁਣਿਆ ਹੋਵੇਗਾ, ਕਿ ਮੇਰੇ ਰਿਸ਼ਤੇਦਾਰੋ ਸੁਣੋ ਨਹੀਂ ਕੇਵਲ ਇਹ ਹੀ ਸੁਣਿਆ ਹੋਵੇਗਾ ਖਾਲਸਾ ਸਾਧ ਸੰਗਤ ਜੀ, ਕਿਉਂਕਿ ਉਥੇ ਕੋਈ ਦੁਨਿਆਵੀ ਰਿਸ਼ਤਾ ਨਹੀਂ ਰਹਿੰਦਾ ਕੇਵਲ ਇਕ ਹੀ ਰਿਸ਼ਤਾ-ਗੁਰੂ ਅਤੇ ਸਿੱਖ ਦਾ ਐਸੇ ਗੁਰਮੁਖਾਂ ਦੀ ਸੰਗਤਿ ਹੀ ਪਤੀ ਪਰਮਾਤਮਾ ਦਾ ਮਿਲਾਪ ਦਾ ਸਾਧਨ ਹੈ ਇਹ ਸਾਧਨ ਨਹੀਂ ਵਰਤਿਆ ਵਿਛੜੇ ਹੀ ਆਏ ਵਿਛੋੜੇ 'ਚ ਮੌਤ ਆ ਜਾਵੇ ਮਨੁੱਖ ਜਾਮੇ ਦਾ ਕੋਈ ਲਾਭ ਨਹੀਂ :

ਜਿਉ ਆਇਆ, ਤਿਉ ਜਾਵਹਿ ਬਉਰੇ
ਜਿਉ ਜਨਮੇ ਤਿਉ ਮਰਣੁ ਭਇਆ ॥ (ਅੰਗ ੯੦੬)

ਭਾਈ ਗੁਰਦਾਸ ਜੀ ਸਤਸੰਗਤਿ ਅਤੇ ਪਰਮਾਤਮਾ ਦੀ ਪਰਾਪਤੀ ਵਾਰੇ ਕਬਿੱਤ ਵਿਚ ਦੱਸ ਰਹੇ ਹਨ :

(੧) ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ,
ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ ॥
(੨) ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੂ,
ਗ੍ਰਿਹ ਅਉ ਨਿਖਤ੍ਰ ਕੀ ਨ ਸੰਕਾ ਉਰਧਾਰੀ ਹੈ ॥
(੩) ਜਾਨਤ ਨ ਸਗਨ ਲਗਨ ਆਨ ਦੇਵ ਸੇਵ,
ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ ॥
(੪) ਸਿੱਖ ਸੰਤ ਬਾਲਕ ਸ੍ਰੀ ਗੁਰੂ ਪ੍ਰਤਿਪਾਲਕ ਹੋਇ,
ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ ॥ (ਕਬਿੱਤ ੪੪੮)

ਭਾਵ:- ਜਿਸ ਤਰ੍ਹਾਂ ਗੁਰਮੁਖਾਂ ਦੀ ਸੰਗਤ ਜੀਵ ਨੂੰ ਪਰਮਾਤਮਾ ਦਾ ਮਿਲਾਪ ਕਰਾ ਦਿੰਦੀ ਹੈ, ਅਤੇ ਪਤੀਬ੍ਰਤਾ ਇਸਤਰੀ ਆਪਣੇ ਪਤੀ ਤੇ ਭੋਰਸਾ ਪਰਮੇਸ਼ਰ ਜਾਣ ਸੇਵਾ ਕਰ ਕੇ ਹਰ ਪ੍ਰਕਾਰ ਦੀ ਦੁਬਿਧਾ ਨਾਸ ਕਰ ਦਿੰਦੀ ਹੈ, ਗੁਰੂ ਦਾ ਸਿੱਖ

ਕਿਸੇ ਜੋਤਿਸ਼ ਦਿਨ ਦਿਹਾੜਾਂ ਦਾ ਬੀਚਾਰ ਨਹੀਂ ਕਰਦਾ ਅਤੇ ਨਾ ਹੀ ਗ੍ਰਹਿ ਨਿਛੱਤਰ ਦੀ ਕਿਸੇ ਪ੍ਰਕਾਰ ਦੀ ਸੰਕਾ ਕਰਦਾ ਹੈ। ਗੁਰਮੁਖ ਸ਼ਗਨ ਅਪਸ਼ਗਨ ਨਹੀਂ ਮੰਨਦਾ, ਦੇਵੀ ਦੇਵਤੇ ਮੜ੍ਹੀ ਮਸਾਣੀ ਨੂੰ ਨਹੀਂ ਪੂਜਦਾ, ਕੇਵਲ ਪਿਆਰ ਨੇਹੁ ਉਸ ਦਾ ਸ਼ਬਦ ਦੇ ਨਾਲ ਹੈ, ਜਦੋਂ ਅਸੀ ਮਨ ਕਰਕੇ ਬਾਲਕ ਗੁਰੂ ਦੇ ਬਣ ਗਏ ਸੁੱਚੇ ਸੱਚੇ ਸਿੱਖ ਬਣ ਗਏ, ਫਿਰ ਸ੍ਰੀ ਗੁਰੂ ਸਾਡੀ ਰੱਖਿਆ ਕਰਦਾ ਹੈ, ਜੀਵਨ ਮੁਕਤੀ ਦੇ ਦਿੰਦਾ ਹੈ, ਹਰ ਵਕਤ ਰੱਬੀ ਬੀਚਾਰ ਦਾ ਧਾਰਨੀ ਜੀਵ ਹੋ ਜਾਂਦਾ ਹੈ।

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣੁ ਸਦਾ ਵਖਾਣੀਐ ॥
ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥

(ਅੰਗ ੧੨੮੦)

ਭਾਵ-ਗੁਰਬਾਣੀ ਅਨੁਸਾਰ ਵੀ ਜੀਵ ਦੇ ਪ੍ਰਭ ਮਿਲਾਪ ਦਾ ਰਸਤਾ ਕੇਵਲ ਸਤਸੰਗਤਿ ਹੀ ਹੈ, ਪਰ ਐਸੀ ਨਹੀਂ ਜਿਸ ਤਰ੍ਹਾਂ ਅੱਜ ਕਰ ਰਹੇ ਹਾਂ, ਉਹ ਸਤ-ਸੰਗਤਿ ਜੋ ਅੱਜ ਤੋਂ ੨੫-੩੦ ਸਾਲ ਪਹਿਲਾਂ ਪੁਰਾਣੇ ਬਜ਼ੁਰਗ ਜਾਣਦੇ ਹਨ ਜਦੋਂ ਕਿਸੇ ਪਰੇਮੀ ਨੇ ਪਿੰਡ 'ਚ ਜਾਂ ਗੁਰਦੁਆਰਾ ਸਾਹਿਬ ਸ੍ਰੀ ਅਖੰਡਪਾਠ ਆਰੰਭ ਹੁੰਦੇ ਸਨ ਸਿਆਣੇ ਬਜ਼ੁਰਗ ਕਹਿੰਦੇ ਸੁਣੀਦੇ ਸੀ ਕਿ, ਕੰਮ ਜ਼ਲਦੀ ਜਲਦੀ ਮੁਕਾ ਲਉ ਫਿਰ ਫਲਾਣੇ ਨੇ ਜੋ ਅਖੰਡਪਾਠ ਆਰੰਭ ਕਰਾਇਆ ਹੈ ਆਪਾਂ ਸਾਰਿਆਂ ਨੇ ਸੁਨਣ ਜਾਣਾ ਹੈ ਇਹ ਦਾਸ ਨੇ ਅੱਖੀ ਵੇਖਿਆ, ਰਾਤ ਦੇ ੧੧-੧੨ ਵਜੇ ਤਕ ਪਾਠ ਸੰਗਤ ਸੁਣਦੀ ਸੀ ਕਥਾ ਕੀਰਤਨ ਦੂਰ-ਦੂਰ ਜਾ ਕੇ ਸੁਣਨਾ ਜਦੋਂ ਕੁਝ ਸੁਣਦੇ ਸੀ ਇਤਫਾਕ ਵੀ ਸੀ, ੨੦-੨੫ ਮੈਂਬਰ ਘਰਾਂ 'ਚ ਆਮ ਹੁੰਦੇ ਸਨ ਇਕੱਠਿਆਂ ਬੈਠ ਕੇ ਲੰਗਰ ਛੱਕਣਾ, ਬੀਬੀਆਂ ਲੰਗਰ ਤਿਆਰ ਜੋੜਾ ਉਤਾਰ ਕੇ ਕਰਦੀਆਂ ਸਨ ਜਥੇਬੰਦੀਆਂ 'ਚ ਨਿੱਤ ਲੜਾਈ ਨਹੀਂ ਸੀ—ਆਪਸੀ ਪਿਆਰ ਇਤਫਾਕ ਬਹੁਤ ਸੀ, ਪਰ ਜ਼ਦੋਂ ਸਤਸੰਗਤਿ ਨਹੀਂ ਰਹੀਂ, ਗੁਰਬਾਣੀ ਦਾ ਪਾਠ ਤਾਂ ਘਰ ਵਾਲਾ ਵੀ ਨਹੀਂ ਸੁਣਦਾ ਹੋਰ ਕਿਸੇ ਨੇ ਕੀ ਸੁਣਨਾ ਸਾਰੇ ਕਰਮ ਧਰਮ ਹੋਰ ਸਭ ਕੁਝ ਰਸਮ ਰਿਵਾਜ ਬਣ ਕੇ ਰਹਿ ਗਏ, ਸਹਿਨਸ਼ਕਤੀ ਖਤਮ ਹੋ ਗਈ, ਆਪਸੀ-ਆਪਸੀ ਭਾਈਆਂ ਦਾ ਮਿਲ ਬੈਠਣਾ ਮੁਸ਼ਕਿਲ ਹੋ ਗਿਆ, ਕਮੇਟੀਆਂ ਪਾਰਟੀਆਂ 'ਚ ਚੌਧਰ ਦੀ ਲੜਾਈ ਕੋਈ ਕਿਸੇ ਦੀ ਗੱਲ ਨਹੀ ਸਹਾਰਦਾ, ਇਹ ਸਭ ਕੁਝ ਸਤ-ਸੰਗਤਿ ਤੋਂ ਦੂਰ ਹੋ ਕੇ ਹੋਇਆ ਹੈ ਅੱਜ ਕਈਆਂ ਪੰਥ ਦਰਦੀਆਂ ਨੂੰ ਦੁਖ ਹੈ ਕੌਮ ਦਾ ਭਵਿੱਖ ਧੁੰਧਲਾ ਦਿਸ ਰਿਹਾ ਹੈ ਇੰਨੀਆਂ ਕੁਰਬਾਨੀਆਂ, ਅਣਮਨੁੱਖੀ ਤਸੀਹੇ ਸਹਿ ਕੇ ਵੀ ਹਜ਼ਾਰਾਂ ਸਿੰਘ ਬਜ਼ੁਰਗ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੈਠੇ ਹਨ, ਕੋਈ ਪੁਛਦਾ ਨਹੀਂ ਤਿੰਨ ਦਹਾਕੇ ਭਾਵ ੩੦ ਸਾਲ ਹੋਣ ਨੂੰ ਆਏ ਹਨ। ਇਹ ਸਾਰਾ ਕੰਮ ਉਦੋਂ ਹੀ ਹੋ ਸਕਦਾ ਹੈ ਜਦੋਂ ਅਸੀਂ ਸਾਰੇ ਗੁਰੂ-ਚਰਨਾਂ 'ਚ ਬੈਠ ਕੇ ਸਿੱਖੀ ਦੀ ਅਸਲੀਅਤ

ਨੂੰ ਪਛਾਣੀਏ, ਇਕ ਨਿਸ਼ਾਨ ਸਾਹਿਬ ਥੱਲੇ ਆ ਕੇ ਭੇਦ-ਭਾਵ ਹਉਮੈ ਹੰਕਾਰ ਨੂੰ ਤਿਆਗ ਕੇ ਇਕਜੁਟ ਹੰਭਲਾ ਮਾਰੀਏ। ਗੁਰਮਖੋ ਹਰ ਪਾਸੇ ਜਿੱਤ ਦੇ ਨਗਾਰੇ ਵੱਜਣਗੇ, ਮੰਜ਼ਲ ਤੁਹਾਡੇ ਪੈਰ ਚੁੰਮੇਗੀ, ਗੁਰੂ ਪਾਤਸ਼ਾਹ ਆਪਣੇ ਅੰਗ ਸੰਗ ਹੋਣਗੇ ਪਰ ਪਹਿਲਾਂ ਸਾਨੂੰ ਗੁਰੂ ਚਰਨਾਂ ਨਾਲ ਜੁੜਨਾ ਪਵੇਗਾ। ਹਰ ਸਿੱਖ ਹਰ ਸਿੱਖ ਦੇ ਦੁਖ ਨੂੰ ਮਹਿਸੂਸ ਕਰੇ, ਹਰ ਸਿੰਘ ਹਰ ਸਿੰਘ ਨੂੰ ਆਪਣਾ ਭਰਾ ਸਮਝੇ, ਕਲਗੀਧਰ ਨੂੰ ਪਿਤਾ ਸਮਝੇ, ਫਿਰ ਹਉਮੈ ਹੰਕਾਰ ਨਹੀਂ ਰਹੇਗਾ, ਕਿਉਂਕਿ ਪਰਮਾਤਮਾ ਦਾ ਨਾਮ ਤਾਂ ਜਮਾਂ ਦੀ ਫਾਹੀ ਕੱਟ ਦਿੰਦਾ ਹੈ ਪਰ ਨਾਮ ਦੀ ਕਮਾਈ ਜ਼ਰੂਰੀ ਹੈ, ਪਾਵਨ ਬਚਨ-

ਰਾਮ ਨਾਮੁ ਸਭ ਕਾ ਤਾਰੁਕੁ ਲਗਿ ਸੰਗਿਤ ਨਾਮੁ ਧਿਆਵੈਗੋ ॥
ਨਾਨਕ ਰਾਖੁ ਰਾਖੁ ਪ੍ਰਭ ਮੇਰੇ, ਸਤਸੰਗਤਿ ਰਾਖਿ ਸਮਾਵੈਗੋ ॥੧੩॥

ਹਰੀ ਚੰਦ ਦੀ ਰਾਣੀ ਸੰਗਤ ਦੀ ਅਰਦਾਸ ਤੀਸਰੀ ਖੜਾਂਵ ਉਸੇ ਤਰ੍ਹਾਂ ਦੀ ਘਸੀ ਹੋਈ ਪੈਦਾ ਕਰ ਦਿੱਤੀ ਸੀ, ਇੰਨਾ ਸੰਗਤਿ ਦੀ ਅਰਦਾਸ 'ਚ ਬਲ ਹੈ ਤਾਕਤ ਹੈ, ਕਿਉਂਕਿ ਸੰਗਤਿ ਪਰਮਾਤਮਾ ਦਾ ਸਰਗੁਨ ਸਰੂਪ ਹੈ—

ਸੰਤਨ ਸੰਤ ਸਾਧ ਮਿਲਿ ਰਹੀਐ,
ਗੁਣ ਬੋਲਹਿ ਪਰਉਪਕਾਰੇ॥
ਸੰਤੈ ਸੰਤੁ ਮਿਲੈ ਮਨੁ ਬਿਗਸੈ,
ਜਿਉ ਜਲ ਮਿਲਿ ਕਵਲ ਕਮਲ ਸਵਾਰੇ॥੯੮੩॥

ਇਸ ਕਰਕੇ ਭਾਈ-ਹਰ ਮਾਈ-ਭਾਈ-ਬੱਚਾ-ਬੱਚੀ-ਬਜ਼ੁਰਗ ਨੂੰ ਚਾਹੀਦਾ ਹੈ, ਹਰ ਰੋਜ਼ ਦੇ ਸਤਸੰਗੀ ਬਣਨ ਤਾਂ ਤੇ ਜੋ ਭਵਿੱਖ ਸਾਨੂੰ ਧੁੰਧਲਾ ਦਿੱਸ ਰਿਹਾ ਹੈ ਜ਼ਰੂਰ ਚੜ੍ਹਦੀ ਕਲਾ ਹੋ ਜਾਵੇਗੀ, ਆਪੇ ਦਾ ਗਿਆਨ ਬ੍ਰਹਮ ਦਾ ਗਿਆਨ ਉਦਮ-ਪਰਿਆਸ-ਅਰਦਾਸਿ-ਇਕ ਦਿਨ ਜ਼ਰੂਰ ਪਰਮਾਤਮਾ ਦਾ ਮਿਲਾਪ ਜੀਵ ਨਾਲ ਕਰਾ ਦੇਵੇਗੀ।

ਧਿਆਇਦਿਆ ਤੂੰ ਪ੍ਰਭੂ ਮਿਲ, ਨਾਨਕ ਉਤਰੀ ਚਿੰਤ ॥੫੨੨॥

ਕੌਮ ਪ੍ਰਤੀ ਪ੍ਰੇਮ ਅਤੇ ਸਤਿਸੰਗਤ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ ੧੪੧੨)
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਅੰਗ ੧੧੦੫)
ਜਿਸ ਧਜ ਸੇ ਕੋਈ ਮਕਤਲ ਮੇਂ ਗਯਾ,
ਦਾਨਾ ਚੂੰ ਅੰਦਰ ਜ਼ਿਮੀ ਪਿਨਹਾਂ ਸ਼ਵਦ
ਸਿਰਰਿ ਊ ਸਰਸਬਜ਼ੀਏ ਬੁਸਤਾਂ ਸ਼ਵਦ । (ਮੌਲਾਨਾ ਰੂਮੀ)
ਕਤਲਿ ਹੁਸੈਨ ਦਰ ਅਸਲ, ਮਰਗਿ ਯਜ਼ੀਦ ਥਾਂ
ਇਸਲਾਮ ਜ਼ਿੰਦਾ ਹੋਤਾ ਹੈ, ਹਰ ਕਰਬਲਾ ਕੇ ਬਾਦ । (ਇਕਬਾਲ)
ਜਹਾਂ ਮੇਂ ਅਹਲਿ ਈਮਾਂ ਸੂਰਤ ਏ ਮਿਸਲ ਖੁਰਸ਼ੀਦ ਜੀਤੇ ਹੈ,
ਇਧਰ ਡੂਬੇ, ਉਧਰ ਨਿਕਲੇ, ਉਧਰ ਡੂਬੇ, ਇਧਰ ਨਿਕਲੇ । (ਇਕਬਾਲ)
ਯਹ ਜਾਂ ਤੋ ਆਨੀ ਜਾਨੀ ਹੈ, ਇਸ ਜਾਂ ਕੀ ਕੋਈ ਬਾਤ ਨਹੀਂ ।
ਵਹੁ ਸ਼ਾਨ੍ਹ ਸਲਾਮਤ ਰਹਤੀ ਹੈ (ਫ਼ੈਜ਼)

ਜਿਥੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਥੇ ਬਿਰਧ ਮਾਤਾ ਮਾਤਾ ਗੁਜਰ ਕੌਰ ਦੀ ਸ਼ਹਾਦਤ ਉਥੇ ਮਾਤਾ ਪਿਤਾ ਦਾਦੀ ਦੀ ਗੋਦ 'ਚ ਪਲੇ ਚਾਰ ਸਾਹਿਬਜ਼ਾਦੇ ਜਿਨ੍ਹਾਂ ਨੂੰ ਬਚਪਨ 'ਚ ਹੀ ਆਤਮਿਕ ਗਿਆਨ ਕੁਰਬਾਨੀ ਦਾ ਜਜ਼ਬਾ ਜ਼ੁਲਮ ਕਰਨ ਵਾਲਿਆਂ ਦੀ ਹਰ ਕਿਸਮ ਦੀ ਪੇਸ਼ਕਸ਼ ਨੂੰ ਜੁੱਤੀ ਦੀ ਨੋਕ ਤੇ ਠੁਕਰਾਉਣ ਵਾਲਿਆਂ ਜੋਧਿਆਂ ਨੂੰ ਵੀ ਇਹ ਸਭ ਸਤਸੰਗਤਿ ਚੋਂ ਹੀ ਪਰਾਪਤਿ ਹੋਇਆ ਗਿਆਨ ਹੈ, ਜੋ ਸਰੀਰ ਧਰਮ ਦੀ ਖਾਤਰ ਲੱਗ ਜਾਏ ਇਸ ਤੋਂ ਵੱਡੀ ਪਰਾਪਤੀ ਲਈ ਹਜ਼ਾਰਾਂ ਜਨਮ ਫਿਰ ਸੈਂਕੜੇ ਸਾਲ ਪਦ ਦੀ ਪਰਾਪਤੀ ਲਈ ਹਜ਼ਾਰਾਂ ਜਨਮ ਫਿਰ ਸੈਕੜੇ ਸਾਲ ਰਿਸ਼ੀਆਂ-ਮੁਨੀਆਂ ਨੇ ਇਹ ਪਦਵੀ ਪ੍ਰਾਪਤ ਕਰਨ ਲਈ ਲਾਏ ਪਰ ਫਿਰ ਵੀ ਕਿਸੇ ਨਾ ਕਿਸੇ ਕਾਰਨ ਮਾਇਆ ਨੇ ਲਪੇਟ 'ਚ ਲੈ ਹੀ ਲਿਆ । ਕਲਗੀਧਰ ਮਹਾਰਾਜ ਜੀ ਨੇ

ਸਿੰਘਾਂ ਨੂੰ ਕਿਹਾ ਸੀ, ਜੋ ਕੌਮ ਦੀ ਖਾਤਰ ਆਪਾ ਕੁਰਬਾਨ ਕਰਦਾ ਹੈ, ਉਸ ਨੂੰ ਪਰਮ ਪਦ ਦੀ ਪਰਾਪਤੀ ਹੁੰਦੀ ਹੈ। ਕਹਿਣ ਤੋਂ ਭਾਵ ਧਰਮ ਦੀ ਖਾਤਰ ਕੁਰਬਾਨ ਹੋਣ ਲਈ ਵੀ ਜਜ਼ਬਾ ਸੰਗਤ ਕਰਨ ਨਾਲ ਆਉਂਦਾ ਹੈ, ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਢਾਢੀ ਪਰੰਪਰਾ ਆਰੰਭ ਕਰਕੇ ਬੀਰ ਰਸ ਦੀਆਂ ਵਾਰਾਂ ਇਸੇ ਕਰਕੇ ਆਰੰਭ ਕੀਤੀਆਂ ਸਨ ਅੱਜ ਤੱਕ ਜਿਨ੍ਹਾ ਨੇ ਧਰਮ ਖਾਤਰ ਜਾਨਾਂ ਵਾਰੀਆਂ ਉਨ੍ਹਾਂ ਦੇ ਜੀਵਨ ਪੜ੍ਹਨ ਨਾਲ ਪਤਾ ਲੱਗੇਗਾ ਕਿ ਸ਼ਹੀਦ ਹੋਣ ਵਾਲਾ ਜੋਧਿਆਂ ਦੀ ਵਾਰ ਸੁਣਦਾ ਸੀ, ਸਾਹਿਬਜ਼ਾਦਿਆਂ ਦੀ ਸ਼ਹਾਦਤ ਸੁਣ ਕੇ ਇਸ ਦੇ ਅੰਦਰ ਸਿੱਖੀ ਸਪਿਰਟ ਭਰ ਗਈ ਦੁਸ਼ਟਾਂ ਨੂੰ ਸੋਧਣ ਦਾ ਮਨ ਬਣਿਆ ਅਖੀਰ ਮੰਜ਼ਿਲ ਤੇ ਪਹੁੰਚਿਆ:- ਕਿਉਂਕਿ ਸਭ ਤੋਂ ਪਹਿਲਾਂ ਬੱਚੇ ਦਾ ਜੀਵਨ, ਮਾਤਾ ਪਿਤਾ ਦੇ ਸੰਸਕਾਰ ਤੋ ਆਰੰਭ ਹੁੰਦਾ ਹੈ ਕਿਉਂਕਿ, ਮਨੁੱਖ ਦੇ ਜੀਵਨ 'ਚ ਜੋ ਯੋਗ ਦਾਨ ਮਾਤਾ ਦਾ ਹੁੰਦਾ ਹੈ ਹੋਰ ਕਿਸੇ ਪ੍ਰਾਣੀ ਦਾ ਨਹੀਂ ਹੋ ਸਕਦਾ। ਜੇ ਮਾਤਾ ਪਿਤਾ ਪਰਵਾਰ ਸਤਸੰਗੀ ਹੈ ਤੇ ਉਨ੍ਹਾਂ ਦੀ ਕੁੱਖ 'ਚ ਜਨਮ ਲੈਣ ਵਾਲਾ ਬੱਚਾ ਵੀ ਸਤਸੰਗੀ ਹੋਵੇਗਾ। ਜੇ ਮਾਤਾ ਪਿਤਾ ਸਤਸੰਗੀ ਨਹੀਂ, ਨਿੱਤਨੇਮੀ ਨਹੀਂ, ਕਦੇ ਗੁਰਦੁਆਰਾ ਸਾਹਿਬ ਜਾਂ ਕਥਾ ਕੀਰਤਨ ਨਹੀਂ ਸੁਣਿਆ ਅਤੇ ਨਾ ਹੀ ਹੱਥੀਂ ਸੇਵਾ ਕੀਤੀ, ਐਸੇ ਘਰ ਵਿਚ ਆਉਣ ਵਾਲਾ ਜੀਵ ਕਿਵੇਂ ਸੇਵਾ ਸਿਮਰਨ ਕੁਰਬਾਨੀ ਜਜ਼ਬਾ ਰੱਖ ਸਕਦਾ ਹੈ, ਬਿਲਕੁਲ ਨਹੀ।

ਬੱਚਿਆਂ ਦੇ ਜਨਮ ਦਿਨ ਮਨਾਏ ਜਾਂਦੇ ਹਨ। ਚੰਗੀ ਗੱਲ ਹੈ। ਰਾਗੀ ਸਿੰਘ ਕਥਾ ਵਾਚਕ ਪ੍ਰਬੰਧਕ ਉਨ੍ਹਾਂ ਨੂੰ ਬਹੁਤ ਵਡਿਆਉਂਦੇ ਹਨ, ਸ਼ਬਦ ਪੜ੍ਹਿਆ ਜਾਂਦਾ ਹੈ ਗੁਰੂ ਅਰਜਨ ਦੇਵ ਜੀ ਦੀ ਮੁਬਾਰਕੋ ਰਸਨਾ ਤੋਂ ਉਚਾਰਿਆ

ਪੂਤਾ ਮਾਤਾ ਦੀ ਆਸੀਸ ॥

ਪਰ ਸਤਿਗੁਰੂ ਜੀ ਦੀ ਇਹ ਅਸੀਸ ਗੁਰੂ ਰਾਮਦਾਸ ਮਹਾਰਾਜ ਦੀ ਤੋਂ ਅਤੇ ਮਾਤਾ ਭਾਨੀ ਜੀ ਤੋਂ ਮੰਗ ਰਹੇ ਹਨ :

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ॥

(ਅੰਗ ੪੯੬)

ਜਿਸ ਬੱਚੇ ਦੇ ਮਾਤਾ ਪਿਤਾ ਦੇ ਕੋਲ ਅਸੀਸ ਹੈ ਉਹ ਹੀ ਦੇਣਗੇ, ਜੇ ਮਾਤਾ ਪਿਤਾ ਸਿਖੀ ਦੀ ਅਸੀਸ ਤੋਂ ਵਾਂਝੇ ਹਨ ਸੇਵਾ ਸਿਮਰਨ ਤੋਂ ਵਾਂਝੇ ਹਨ ਦੱਸੋ ਉਹ ਆਪਣੇ ਬੱਚੇ ਨੂੰ ਕਿਵੇਂ ਅਸੀਸ ਦੇ ਸਕਦੇ ਹਨ, ਜਿਹੜੀ ਚੀਜ਼ ਵਸਤੂ ਮਾਤਾ ਪਿਤਾ ਕੋਲ ਹੈ ਉਹ ਹੀ ਪੁੱਤਰ ਪੁੱਤਰੀ ਨੂੰ ਮਿਲ ਸਕਦੀ ਹੈ, ਇਸ ਕਰਕੇ ਸ਼ਬਦ ਦੇ ਕੀ ਭਾਵ ਹਨ ਪ੍ਰਬੰਧਕਾਂ ਨੂੰ ਵੀ ਧਿਆਨ ਦੇਣ ਦੀ ਲੋੜ ਹੈ। ਇਸ ਗੱਲ ਦਾ ਧਿਆਨ ਨਹੀਂ ਰੱਖਣਾ ਚਾਹੀਦਾ ਜਿਸ ਕੋਲੋਂ ਮਾਇਆ ਗੁਰਦੁਆਰੇ ਸਾਹਿਬ ਲਈ ਜ਼ਿਆਦਾ ਮਿਲੇ ਉਸ ਦੀ ਹੀ ਵਡਿਆਈ ਕਰੀ ਜਾਣੀ। ਕੇਵਲ ਮਨੋਰਥ ਜੀਵਨ ਗਿਆਨ

ਦਾ ਹੋਣਾ ਚਾਹੀਦਾ ਹੈ, ਠੀਕ ਹੈ ਲੰਗਰ ਬਿਲਡਿੰਗਾਂ ਮਾਇਆਂ ਬਿਨਾਂ ਨਹੀਂ ਤਿਆਰ ਹੁੰਦੀਆਂ ਪਰ ਐਸਾ ਵੀ ਨਹੀਂ ਹੋਣਾ ਚਾਹੀਦਾ ਕਿ ਇਹ ਹੀ ਸੋਚਿਆ ਜਾਵੇ ਕਿ ਮਾਇਆ ਕਿਵੇਂ, ਇਕੱਠੀ ਕੀਤੀ ਜਾਵੇ, ਮਾਇਆ ਤਾਂ ਸਤਿਗੁਰਾਂ ਦੀ ਅਤੇ ਨਾਮ ਰਸੀਆਂ ਗੁਰਮੁਖਾਂ ਦੇ ਚਰਨਾਂ ਦੀ ਦਾਸੀ ਹੈ ਇਹ ਤਾਂ ਕਾਰਜ ਸਤਿਗੁਰਾਂ ਦੇ ਹਨ ਹੁੰਦੇ ਆਏ ਹਨ ਹੁੰਦੇ ਰਹਿਣਗੇ, ਸਾਨੂੰ ਜੋ ਫਿਕਰ ਕਰਨਾ ਚਾਹੀਦਾ ਹੈ, ਖੈਰ ਗੱਲ ਕਰ ਰਿਹਾ ਹਾਂ ਸਤਸੰਗਤਿ ਜੀ ਆਪਣੇ ਵਿਸ਼ੇ ਤੇ ਆਈਏ, ਜਿਥੇ ਹੋਰ ਸਾਰੇ ਸ਼ਹੀਦ ਪੂਜਣ ਯੋਗ ਹਨ, ਉਥੇ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਸ਼ਹੀਦ ਇਹਨਾਂ ਜੋਧਿਆਂ ਦੀ ਕੁਰਬਾਨੀ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਚਮਕਦੀ ਰਹੇਗੀ, ਇਹਨਾਂ ਜੋਧਿਆਂ ਦਾ ਜੀਵਨ ਦੇਖਿਆ ਜਾਵੇ ਤਾਂ ਸਹਿਜੇ ਹੀ ਇਸ ਪਰਕ਼ਰਨ ਦੇ ਮਜ਼ਮੂਨ ਦੀ ਸਮਝ ਆ ਜਾਵੇਗੀ। ਦੋਨੋਂ ਜੋਧਿਆਂ ਦੇ ਮਾਤਾ ਪਿਤਾ ਗੁਰੂ ਘਰ ਦੇ ਕਿੰਨੇ ਕੁ ਪਰੇਮੀ ਸਨ, ਇਨ੍ਹਾਂ ਜੋਧਿਆਂ ਦੀ ਉਮਰ ਭਾਵੇਂ ਘੱਟ ਸੀ ਜਦੋਂ ਗੁਰੂ ਦੀ ਸੰਗਤ ਵਿਚ ਆਏ ਪਰ ਜਦੋਂ ਚਰਨਾਂ 'ਚ ਮਨ ਕਰਕੇ ਜੁੜ ਗਏ ਮੁੜ ਕੇ ਪਿਛਲਾ ਖਿਆਲ ਬਿਲਕੁਲ ਖਤਮ ਕਰ ਦਿੱਤਾ। ਆਉਂਦੇ ਤਾਂ ਅਸੀਂ ਵੀ ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਪਰ ਸਰੀਰ ਕਰਕੇ ਮਨ ਦਾ ਧਿਆਨ ਪੂਰਾ ਘਰ ਕਾਰੋਬਾਰ ਵਿਚ ਹੀ ਹੁੰਦਾ ਹੈ। ਜੇ ਬੈਠ ਵੀ ਜਾਂਦੇ ਹਾਂ ਟਿਕਟਿਕੀ ਅਨੰਦ ਸਾਹਿਬ ਜੀ ਦੇ ਪਾਠ 'ਚ ਹੀ ਹੁੰਦੀ ਹੈ, ਕਿਉਂਕਿ ਪਤਾ ਹੈ ਇਸ ਪਾਠ ਤੋਂ ਬਾਅਦ ਸਮਾਪਤੀ ਹੈ-

ਉਹ ਫਿਰ ਜੋਧਿਆਂ ਨਾਮ-ਰਸੀਆਂ ਵਾਂਗੂੰ ਜੀਵਨ ਬਦਲ ਲੈਂਦੇ ਹਨ, ਉਨਾਂ ਦੀ ਮਨ ਭੁੱਖ ਕੇਵਲ-ਸਾਚੇ ਨਾਮੁ ਦੀ ਲਾਗੈ ਭੂਖ ॥ ਵਾਲੀ ਅਵਸਥਾ ਬਣ ਜਾਂਦੀ।

ਜਿਨ ਸਰਧਾ ਰਾਮ ਨਾਮਿ ਲਗੀ ਭਾਇਆ ਰਾਮ ॥
ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨੁ ਕਰਿ ਦੀਜੈ,
ਬਿਨੁ ਨਾਵੈ ਮੈ ਅਵਰੁ ਨ ਭਾਇਆ ਰਾਮ ॥ *(ਅੰਗ ੪੪੪)*

ਗੱਲ ਭਾਈ ਮਨੀ ਸਿੰਘ ਦੀ ਕਰੀਏ ਬਾਲ ਅਵਸਥਾ ੭ ਸਾਲ ਉਮਰ, ਕਰੀਬ ਗੁਰੂ ਗੋਬਿੰਦ ਸਿੰਘ ਜਿੰਨੀ ਹੀ ਸੀ ਹਮ-ਉਮਰ ਕਲਗੀਧਰ ਦੇ ਹੀ ਸਨ, ਜਦੋਂ ਮਾਤਾ ਪਿਤਾ ਨਿਤਨੇਮੀ ਨਾਮ-ਰਸੀਏ ਪਰਮਾਤਮਾ ਦੇ ਭੈਅ ਵਿਚ ਰਹਿਣ ਵਾਲੇ ਗੁਰਸਿੱਖ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ 'ਚ ਆਏ ਤਾਂ ਮਨੀ, ਗੋਬਿੰਦ ਰਾਏ-ਖੇਡਣ 'ਚ ਰੁਝ ਗਏ, ਉਸ ਨੂੰ ਘਰ ਜਾਣ ਦੀ ਸੁਧ ਹੀ ਨਾ ਰਹੀ, ਜਦ ਮਾਪੇ ਵਾਪਸ ਮੁੜਨ ਲੱਗੇ ਤਾਂ ਉਸ ਘਰ ਜਾਣੋਂ ਇਨਕਾਰ ਕਰ ਦਿੱਤਾ। ਇਹ ਵੇਖ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸ ਦੇ ਮਾਤਾ ਪਿਤਾ ਨੂੰ ਕਿਹਾ ਕਾਕੇ ਨੂੰ ਉਨ੍ਹਾਂ ਪਾਸ ਹੀ ਛੱਡ ਜਾਣ। ਗੁਰੂ ਜੀ ਦਾ ਹੁਕਮ ਮੰਨ ਮਾਪਿਆਂ ਨੇ ਸਿਰ ਨਿਵਾਇਆ

ਸਤਿਕਾਰ ਨਾਲ ਹੁਕਮ ਪ੍ਰਵਾਨ ਕੀਤਾ।

ਬਚਪਨ ਤੋਂ ਲੈ ਕੇ ਅਖੀਰ ਤਕ ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸੰਗਤ ਕੀਤੀ, ਮਾਤਾ ਜੀ ਨੇ ਬੱਚਿਆਂ ਵਾਂਗੂੰ ਪਾਲਿਆ। 'ਕੱਠਿਆਂ ਨੇ ਵਿਦਿਆ ਲਈ, ਜਵਾਨੀ 'ਚ ਹੀ ਦਸਵੇਂ ਪਾਤਸ਼ਾਹ ਨਾਲ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ-ਤਿਆਰ ਖਾਲਸਾ ਸੱਜ ਗਏ, ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਗੁਰੂ ਕੇ ਮਹਿਲਾਂ ਨੂੰ ਲੈ ਕੇ ਦਿੱਲੀ ਪਹੁੰਚੇ, ਦਮਦਮੇ ਦੁਬਾਰਾ ਸਰੀਰ ਕਰਕੇ ਮਿਲੇ ਤੇ ਨਾਲ ਦੱਖਣ ਵਲ ਭਾਵੇਂ ਸੱਚਖੰਡਿ ਹਜ਼ੂਰ ਸਾਹਿਬ ਨੂੰ ਚੱਲ ਪਏ, ਗੁਰੂ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਭਾਈ ਮਨੀ ਸਿੰਘ ਨੂੰ ਦਿੱਲੀ ਮਾਤਾ ਜੀ ਦੀ ਦੇਖ-ਭਾਲ ਸੇਵਾ ਲਈ ਭੇਜਿਆ, ਜਦੋ ਸਿੱਖਾਂ ਦੀ ਵੰਡ ਵੱਖ-ਵੱਖ ਧੜਿਆਂ ਵਿਚ ਹੋ ਗਈ ਬੇਦਈ-ਖਾਲਸਾ, ਤਤ-ਖਾਲਸਾ, ਇਹਨਾਂ ਦਾ ਝਗੜਾ ਖਤਮ ਕਰਾਉਣ, ਮਾਤਾ ਜੀ ਦੇ ਕਹਿਣ ਤੇ ਬੜੀ ਕੋਸ਼ਿਸ਼ ਕੀਤੀ, ਕਿਉਂਕਿ ਮਾਤਾ ਜੀ ਨੇ ਭੇਜਿਆ ਹੀ ਅੰਮ੍ਰਿਤਸਰ ਤਾਂ ਸੀ, ਕਿਉਂ ਕਿ ਸੰਗਤਾਂ ਦੇ ਦਿਲ ਵਿਚੋ ਇਹਨਾ ਦਾ ਬਹੁਤ ਸਤਿਕਾਰ ਸੀ ਕਿਉਂਕਿ ਭਾਈ ਮਨੀ ਸਿੰਘ ਆਏ ਗਏ ਸੰਗਤ 'ਚ ਪ੍ਰਾਣੀ ਦੀ ਬਹੁਤ ਸੇਵਾ ਕਰਦੇ ਸਨ।

ਕੁਝ ਚਿਰ ਪਿਛੋ ਸਿੱਖਾਂ ਦੀ ਹਾਲਤ ਫਿਰ ਖਰਾਬ ਹੋਣੀ ਸ਼ੁਰੂ ਹੋ ਗਈ, ਸਿੰਘਾਂ ਦੀ ਫੜੋ-ਫੜੀ ਤੇ ਕਤਲੇਆਮ ਸ਼ੁਰੂ ਹੋ ਗਈ, ਆਮ ਸਿਖਾਂ ਲਈ ਇਹ ਮੁਸੀਬਤ ਦੇ ਦਿਨ ਸਨ, ਇਸ ਹਾਲਤ ਵਿਚ ਦਰਬਾਰ ਆਉਣਾ ਕਿਸੇ ਸੂਰਮੇ ਦਾ ਹੀ ਕੰਮ ਸੀ, ਭਾਈ ਜੀ ਸਿੱਖਾਂ ਅਤੇ ਮੁਸਲਮਾਨਾਂ ਦੇ ਸਾਂਝੇ ਮਿੱਤਰ ਸਨ, ਉਨਾਂ ਦੇ ਮੁਸਲਮਾਨ ਮਿੱਤਰਾਂ ਨੇ ਲਾਹੌਰ ਸੂਬੇ ਨੂੰ ਕਿਹਾ ਕਿ ਸਿੱਖਾਂ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਖੁੱਲ੍ਹ ਦਿੱਤੀ ਜਾਵੇ, ਖੁੱਲ੍ਹ ਲਈ ਹੁਕਮ ਜਾਰੀ ਹੋ ਗਿਆ ਪਰ ਰੌਣਕ ਨਾ ਬਣ ਸਕੀ ਖੁੱਲ ਕੇ ਕੋਈ ਦਰਸ਼ਨ ਕਰਨ ਨਹੀਂ ਆਇਆ। ਭਾਈ ਸਾਹਿਬ ਨੂੰ ਇਹ ਪਤਾ ਸੀ ਕਿ ਹਕੂਮਤ ਦੇ ਕਰਿੰਦੇ ਸਿੱਖਾਂ ਨੂੰ ਤੰਗ ਕਰਦੇ ਹਨ, ਅਖੀਰ ਹਾਕਮਾਂ ਅੱਗੇ ਭਾਈ ਸਾਹਿਬ ਜੀ ਨੇ ਤਜਵੀਜ਼ ਰੱਖੀ ਕਿ ਅੰਮ੍ਰਿਤਸਰ ਇਕ ਵੱਡੇ ਜੋੜ ਮੇਲੇ (ਸਰਬੱਤ ਖਾਲਸਾ) ਲਈ ਖੁੱਲ੍ਹ ਦਿੱਤੀ ਜਾਵੇ, ਦਸ ਜਾਂ ਪੰਜ ਹਜ਼ਾਰ ਰੁਪਈਆ ਹਕੂਮਤ ਨੂੰ ਦਿੱਤਾ ਜਾਣਾ ਮੰਨ ਲਿਆ ਗਿਆ। ਲਾਹੌਰ ਦੇ ਸੂਬੇ ਮੀਰ ਮੰਨੂੰ ਨੇ ਇਹ ਤਜ਼ਵੀਜ਼ ਪਰਵਾਨ ਕਰ ਲਈ (ਸੰਮਤ ੧੭੯੪) ਮੇਲੇ ਤੇ ਆਉਣ ਦੇ ਪੱਤਰ ਸੁਨੇਹੇ ਸਿੰਘਾਂ ਜਥੇਬੰਦੀਆਂ ਨੂੰ ਭੇਜ ਦਿੱਤੇ ਗਏ, ਕਿ ਸੰਗਤਾਂ ਸਮੇਤ ਪਰਵਾਰ ਅੰਮ੍ਰਿਤਸਰ ਪਹੁੰਚਣ, ਇਤਲਾਹ ਮਿਲਦਿਆਂ ਹੀ ਹਜ਼ਾਰਾਂ ਸੰਗਤਾਂ ਦੇ ਪਰਵਾਰ ਪਹੁੰਚਣੇ ਸੁਰੂ ਹੋ ਗਏ, ਸੁੰਨੀ ਨਗਰੀ ਵਿਚ ਫਿਰ ਰੌਣਕਾਂ ਲੱਗ ਗਈਆਂ, ਇੰਨੇ ਨੂੰ ਕਿਸੇ ਖੁਫੀਆ ਨੇ ਇਤਲਾਹ ਦੇ ਦਿੱਤੀ ਕਿ ਸੂਬਾ ਲਾਹੌਰ ਨੇ ਇਕਰਾਰ ਤੋਂ ਫਿਰ

ਕੇ ਤਕੜੀ ਫੌਜ਼ ਸਿੱਖਾਂ ਨੂੰ ਘੇਰੇ ਵਿਚ ਲੈ ਕੇ ਮਾਰਨ ਲਈ ਤੋਰ ਦਿੱਤੀ ਗਈ ਹੈ। ਭਾਈ ਸਾਹਿਬ ਨੂੰ ਬੜਾ ਦੁੱਖ ਹੋਇਆ ਨਗਾਰੇ ਦੀ ਚੋਟ ਨਾਲ ਸਾਰੇ ਸਿੰਘਾਂ ਨੂੰ ਬੁਲਾ ਕੇ ਹਕੂਮਤ ਦੀ ਚਾਲ ਦੱਸ ਕੇ ਅੰਮ੍ਰਿਤਸਰ ਨੂੰ ਛੱਡ ਜਾਣ ਦੀ ਇਤਲਾਹ ਦੇ ਦਿੱਤੀ ਗਈ, ਸਿੰਘ ਪਲ ਵਿਚ ਹੀ ਰੂਪੋਸ਼ ਹੋ ਗਏ। ਖਾਨ ਬਹਾਦਰ ਜਦੋਂ ਫੌਜ਼ ਲੈ ਕੇ ਆਇਆ, ਸਾਰਾ ਸਿੰਘਾਂ ਨਾਲ ਭਰਿਆਂ ਸ਼ਹਿਰ ਖਾਲੀ ਹੋ ਚੁੱਕਾ ਸੀ, ਬੜਾ ਸ਼ਰਮਿੰਦਾ ਹੋਇਆ ਹੋਰ ਕੋਈ ਚਾਰਾ ਨਾ ਚੱਲਿਆ ਭਾਈ ਮਨੀ ਸਿੰਘ ਤੋਂ ੧੦ ਹਜ਼ਾਰ ਰੁਪਏ ਦੀ ਮੰਗ ਕੀਤੀ, ਭਾਈ ਜੀ ਦਾ, ਬਾ-ਦਲੀਲ ਉੱਤਰ ਸੀ, ਉਨ੍ਹਾਂ ਇਹ ਰਕਮ ਦੀਵਾਲੀ ਤੇ ਆਏ ਸਿੰਘਾਂ ਦੇ ਚੜ੍ਹਾਵੇ ਤੋਂ ਦੇਣੀ ਸੀ, ਹਕੂਮਤ ਸਮਝੌਤੇ ਤੇ ਕਾਇਮ ਨਾ ਰਹੀ ਤੇ ਉਸ ਦੇ ਬਜਾਏ ਆਏ ਗਏ ਯਾਤਰੂਆਂ ਦੀ ਸਹਾਇਤਾ ਦੇ ਉਨ੍ਹਾਂ ਨੂੰ ਘੇਰ ਕੇ ਕਤਲ ਕਰਨ ਦੀ ਸਾਜਿਸ਼ ਕੀਤੀ ਇਸ ਕਰਕੇ ਸਿੰਘ ਜਿਸ ਤਰ੍ਹਾਂ ਆਏ ਵਾਪਸ ਜਾਣਾ ਪਿਆ, ਦੀਵਾਨ ਨਾ ਸਜਣ ਕਰਕੇ ਚੜ੍ਹਾਵਾ ਬਿਲਕੁਲ ਨਾ ਚੜ੍ਹ ਸਕਿਆ। ਖਾਨ ਬਹਾਦਰ ਨੇ ਭਾਈ ਸਾਹਿਬ ਜੀ ਨੂੰ ਕਿਹਾ ਸਿਰਫ ਇਸ ਸ਼ਰਤ ਤੇ ਜਾਨ ਬਖਸ਼ੀ ਜਾ ਸਕਦੀ ਹੈ, ਉਹ ਇਸਲਾਮ ਕਬੂਲ ਕਰ ਲੈਣ। ਭਾਈ ਜੀ ਦੇ ਇਨਕਾਰ ਕਰਨ ਤੇ ਕਾਜ਼ੀ ਨੇ ਬੰਦ-ਬੰਦ ਕੱਟਣ ਦਾ ਫਤਵਾ ਦਿੱਤਾ, ਸੋ ਭਾਈ ਸਾਹਿਬ ਜੀ ਨੂੰ ਕਈ ਤਰ੍ਹਾਂ ਦੇ ਕਸ਼ਟ ਤਸੀਹੇ ਦੇ ਕੇ—(ਸੰਨ ੧੭੩੮ ਈ: ਨੂੰ) ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦਾ ਸ਼ਹੀਦ ਗੰਜ, ਲਾਹੌਰ ਵਿਚ ਮਸਤੀ ਦਰਵਾਜ਼ੇ ਬਾਹਿਰ ਸ਼ਾਹੀ ਕਿਲ੍ਹੇ ਦੇ ਨੇੜੇ ਮੌਜੂਦ ਹੈ। ਭਾਈ ਮਨੀ ਸਿੰਘ ਬੜੇ ਭਾਰੀ ਵਿਦਵਾਨ ਤੇ ਸਿੱਖ ਦਿਲਾਂ ਦੇ ਬਾਦਸ਼ਾਹ ਸਨ। ਜਦ ਉਨ੍ਹਾਂ ਦੀ ਸ਼ਹੀਦੀ ਦੀ ਖਬਰ ਸਿਖਾਂ ਨੂੰ ਮਿਲੀ, ਨੇੜੇ ਤੇੜੇ ਜਿਥੇ ਤੀਕ ਉਨ੍ਹਾਂ ਦੀ ਪਹੁੰਚ ਹੋ ਸਕਦੀ ਸੀ, ਉਨ੍ਹਾਂ ਬਦਲੇ ਲਏ, ਸ਼ਾਹੀ ਖਜ਼ਾਨਾ ਲੁਟਿਆ ਤੇ ਹਕੂਮਤ ਦੇ ਕਈ ਕਰਿੰਦਿਆਂ ਨੂੰ ਪਾਰ ਬੁਲਾਇਆ।

ਭਾਈ ਜੀ ਦੇ ਭਤੀਜੇ ਨੂੰ ਤਾਂ ਓਨੀ ਦੇਰ ਸਬਰ ਨਾ ਆਇਆ, ਜਦੋਂ ਤੀਕ ਉਸ ਨੇ ਅੰਮ੍ਰਿਤਸਰ ਦੇ ਹਾਕਮ ਨੂੰ ਤੇ ਕਾਜ਼ੀ ਨੂੰ ਕਤਲ ਨਾ ਕਰ ਦਿਤਾ, ਜ਼ਾਲਮਾਂ ਨੂੰ ਸਦਾ ਦੀ ਨੀਂਦ ਗੁਰੂ ਸੂਰਮਿਆਂ ਨੇ ਸੁਲਾਇਆ।

ਅੱਜ ਤੱਕ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ, ਐਸੇ ਪਾਪੀ ਦੁਸ਼ਟਾਂ ਨੂੰ ਖਤਮ ਕਰਨ ਲਈ ਸਮੇਂ-ਸਮੇਂ ਯੋਧੇ ਜਨਮ ਲੈ ਕੇ ਸੰਸਾਰ ਤੇ ਆਉਂਦੇ ਹੀ ਰਹਿੰਦੇ ਹਨ। ਇਤਨਾ ਉੱਚਾ-ਸੁੱਚਾ ਜੀਵਨ ਨਾਮ-ਰਸੀਏ ਦੇ ਨਾਲ-ਨਾਲ ਕੁਰਬਾਨੀ ਦਾ ਜਜ਼ਬਾ ਹਰ ਵੇਲੇ ਹਿਰਦੇ 'ਚ ਰੱਖਣਾ ਇਹ ਦੇਣ ਕੇਵਲ ਪੂਰੇ ਸਤਿਗੁਰਾਂ ਦੀ ਹਜ਼ੂਰੀ 'ਚੋਂ ਹੀ ਪਰਾਪਤ ਹੋ ਸਕਦੀ ਹੈ, ਭਾਵ ਸਤਸੰਗਤਿ ਕਰਨ ਨਾਲ ਹੀ ਧਰਮ ਲਈ ਜੀਉਣਾ, ਧਰਮ ਲਈ ਮਰਨ ਵਾਲਾ ਸੰਕਲਪ ਹਿਰਦੇ 'ਚ ਆਉਂਦੇ ਹਨ ਜਿਨ੍ਹਾਂ

ਦੀ ਮਹਾਨ ਸ਼ਹਾਦਤ ਨੂੰ ਅੱਜ ਕਰੋੜਾਂ ਗੁਰੂ ਨਾਨਕ ਨਾਮ ਲੈਣਾ ਸਿੱਖ ਸਜਦਾ ਪ੍ਰਣਾਮ ਕਰਦੇ ਹਨ, ਇਹ ਦੇਣ ਪੂਰੇ ਗੁਰੂ ਭਾਵ ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕਰਕੇ ਹੀ ਭਾਈ ਸਾਹਿਬ ਜੀ ਨੂੰ ਇਹ ਮਾਣ ਪਰਾਪਤ ਹੋਇਆ ਹੈ।

ਮਿਲਿ ਸੰਤ ਸਭਾ ਮਨੁ ਮਾਂਜੀਐ

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥

(ਅੰਗ ੬੩੯)

ਸਤਸੰਗਤਿ ਵਿਚ ਆ ਕੇ ਮਨ ਮਾਂਜਣਾ ਪਵੇਗਾ, ਫਿਰ ਹੀ ਨਾਮ ਦਾ ਵਾਸਾ ਹਿਰਦੈ ਹੋ ਸਕਦਾ ਹੈ। ਅਗਿਆਨਤਾ ਦਾ ਅੰਧੇਰਾ ਤਾਂ ਹੀ ਨਾਸ ਹੋਵੇਗਾ ਜੇ ਸਤਸੰਗਤਿ ਚੋਂ ਗਿਆਨ ਪਰਾਪਤ ਕਰਕੇ ਉਸ ਨੂੰ ਵਰਤਿਆ ਜਾਵੇ ਗਿਆਨ ਦੀ ਵਰਤੋਂ ਤੋਂ ਬਗੈਰ ਕਿਸੇ ਨਤੀਜੇ ਤੇ ਪਹੁੰਚਣਾ ਮੁਸ਼ਕਲ ਹੈ ਭਾਵੇਂ ਕਿਸੇ ਵੀ ਚੀਜ਼ ਦਾ ਗਿਆਨ ਹੋਵੇ।

ਗੁਰੂ ਕਾ ਸ਼ਬਦ ਜਿਥੇ ਨਵੇਂ ਵਿਸ਼ਵਾਸ ਦਾ ਮਾਰਗ ਦਰਸਾਉਂਦਾ ਹੈ, ਉਥੇ ਇਸ ਮਾਰਗ ਉੱਤੇ ਚੱਲਣ ਲਈ ਸਤਿਸੰਗ ਇਕ ਐਸਾ ਸਿਖਿਆ-ਸਥਾਨ ਹੈ ਜੋ ਜਗਿਆਸੂ ਨੂੰ ਭਰਪੂਰ ਪ੍ਰੇਰਨਾ ਪ੍ਰਦਾਨ ਕਰਦਾ ਹੈ ਸਤਿਸੰਗ ਰੂਹਾਨੀ ਮੰਡਲ ਹੈ, ਸ਼ਬਦ ਦੀ ਟਕਸਾਲ ਹੈ, ਜਿਥੇ ਜੀਵਨ ਦੀ ਘਾੜਤ ਘੜੀ ਜਾਂਦੀ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਇਹ ਆਲੇ-ਦੁਆਲੇ ਦੇ ਵਾਤਾਵਰਣ ਤੋਂ ਪ੍ਰਭਾਵਤ ਹੋਏ ਬਗੈਰ ਨਹੀ ਰਹਿ ਸਕਦਾ।

ਇਸ ਲਈ ਅਧਿਆਤਮਕ ਜੀਵਨ ਦੀ ਉਸਾਰੀ ਲਈ ਸਤਿਸੰਗ ਇਕ ਬਹੁਤ ਅਹਿਮ ਰੋਲ ਅਦਾ ਕਰਦੀ ਹੈ, ਸਤਿਸੰਗ ਦਾ ਖਾਸ ਲੱਛਣ ਇਹ ਹੁੰਦਾ ਹੈ, ਕਿ ਉਥੇ ਗੁਰੂ ਮੌਜੂਦ ਹੁੰਦਾ ਹੈ, ਗੁਰੂ ਸ਼ਬਦ ਹੈ ਇਸ ਤੋਂ ਸਪੱਸ਼ਟ ਇਹ ਹੋਇਆ ਕਿ ਜਿਥੇ ਸ਼ਬਦ, ਬਾਣੀ, ਜਾਂ ਨਾਮ ਦੀ ਵੀਚਾਰ ਹੋਵੇ, ਕੀਰਤਨ ਹੋਵੇ, ਉਹੋ ਸਮੂਹ ਸਤਿਸੰਗ ਕਹਾਉਣ ਦਾ ਅਧਿਕਾਰ ਰਖਦਾ ਹੈ, ਇਸ ਤੋਂ ਬਿਨਾਂ ਸਤਿਸੰਗ ਦਾ ਵਜੂਦ ਨਹੀਂ ਮੰਨਿਆ ਜਾ ਸਕਦਾ। ਸੋ ਸਤਿਸੰਗ ਇਕ ਪ੍ਰਯੋਗਸ਼ਾਲਾ ਹੈ ਜਿਥੇ ਅਧਿਆਤਮਕ ਜੀਵਨ ਦਾ ਨਿਰਮਾਣ ਹੁੰਦਾ ਹੈ, ਰੂਹ ਨੂੰ ਆਸਰੇ ਵਾਲੀ ਚੀਜ਼ ਪ੍ਰਭੂ ਦਾ ਨਾਮ ਹੈ, ਰੱਬੀ ਕੀਰਤਨ ਹੈ, ਜਿਸ ਦਾ ਦੈਵੀ ਵਾਤਾਵਰਣ ਔਗੁਣਾਂ ਤੇ ਕਮਜ਼ੋਰੀਆਂ ਨੂੰ ਦੂਰ ਕਰਦਾ ਹੈ, ਤੇ ਆਤਮਾ ਨੂੰ ਉੱਚਾ ਉਠਾਉਂਦਾ ਹੈ। ਖਾਸ ਕਰਕੇ ਸਤਿਸੰਗੀ ਸਾਥੀਆਂ ਦੀ ਛੋਹ ਮੇਲ-ਜੋਲ ਤੇ ਨਿਕਟਤਾ ਇਨ੍ਹਾਂ ਭਾਵਨਾਵਾਂ ਨੂੰ ਪੁਸ਼ਟ ਕਰਦੀ ਹੈ, ਇਸ ਕਰਕੇ ਬਾਰ-ਬਾਰ ਤਾਕੀਦ ਹੈ :

ਸੁਣਿ ਸਾਜਨ ਇਉ ਦੁਤਰੁ ਤਰੀਐ॥
ਮਿਲਿ ਸਾਧੂ ਹਰਿ ਨਾਮੁ ਉਚਰੀਐ॥ (ਅੰਗ ੭੪੧)

ਤਥਾਂ:- ***ਖੋਜਤ ਖੋਜਤ ਭਈ ਬੈਰਾਗਨਿ***
ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥
(ਅੰਗ ੨੦੪)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਹੋਰ ਵੀ ਬੇਅੰਤ ਜਗ੍ਹਾ ਤੇ ਬਚਨ ਹਨ ਕਿ ਵਾਹਿਗੁਰੂ ਜੀ ਸਦਾ ਮਿਹਰਵਾਨ, ਦਿਆਲੂ ਅਤੇ ਬਖਸ਼ਿੰਦ ਹਨ, ਕਿਸੇ ਦੇ ਔਗੁਣਾ, ਵਲ ਨਹੀ ਦੇਖਦੇ। ਜੋ ਵੀ ਹਜ਼ੂਰ ਦੀ ਸ਼ਰਨ ਆ ਜਾਵੇ, ਉਸ ਦੇ ਗੁਣ ਅਵਗੁਣ ਨਾ ਵਿਚਾਰਦੇ ਹੋਏ ਉਸ ਦੀ ਸਹਾਇਤਾ ਕਰਦੇ ਹਨ, ਉਸ ਦੇ ਸਰਬ ਕਾਰਜ ਰਾਸ ਕਰਦੇ ਹਨ

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
(ਅੰਗ ੭੨੪)

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥
(ਅੰਗ ੭੧੩)

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥
(ਅੰਗ ੭੮੪)

ਵਾਹਿਗੁਰੂ ਜੀ ਦੇ ਇਸ ਸੁਭਾਉ ਤੋਂ ਜਾਣੂ ਹੋ ਕੇ ਸਾਡੇ ਚਲਾਕ ਮਨ ਵਿਚ ਇਹ ਖਿਆਲ ਪੈਦਾ ਹੋ ਸਕਦਾ ਹੈ, ਕਿ ਅਗਰ ਵਾਹਿਗੁਰੂ ਸਦਾ ਮਿਹਰਬਾਨ ਤੇ ਬਖਸ਼ਿੰਦ ਹੈ ਅਤੇ ਸ਼ਰਨ ਆਉਣ ਵਾਲੇ ਦੇ ਐਬਾਂ ਦਾ ਖਿਆਲ ਨਹੀਂ ਕਰਦੇ ਤਾਂ ਫਿਰ ਐਬ, ਔਗੁਣ, ਬੁਰਾਈਆਂ, ਪਾਪ ਛੱਡਣ ਦੀ ਕੀ ਲੋੜ ਹੈ, ਦਿਲ ਵਿਚ ਜੋ ਆਵੇ ਕਰੀ ਜਾਵੇ ਅਤੇ ਕਦੀ-ਕਦੀ ਜਾਂ ਰੋਜ਼-ਰੋਜ਼ ਗੁਰਦੁਆਰੇ ਜਾ ਕੇ ਆਪਣੇ ਔਗੁਣ ਬਖਸ਼ਾ ਲਵੇ :

ਇਹ ਮਨੁੱਖ ਦੇ ਚਲਾਕ ਮਨ ਦੀ ਕਾਢ ਹੈ, ਭੁਲੇਖਾ ਹੈ, ਇਸ ਉਲਝਣ 'ਚ ਫਸਿਆ ਮਨੁੱਖ ਇਹ ਵੀ ਆਖ ਸਕਦਾ ਹੈ, ਕਿ ਅਸੀ ਕਲਜੁਗੀ ਜੀਵ ਹਾਂ, ਸਦਾ ਭੁਲਣਹਾਰ ਹਾਂ, ਰੋਜ਼ ਅਨੇਕਾਂ ਭੁੱਲਾਂ ਕਰਦੇ ਹਾਂ ਅਤੇ ਭੁੱਲਾਂ ਕਰਨ ਤੋਂ ਬਚਣਾ ਸਾਡੇ ਅਖਤਿਆਰ ਨਹੀ, ਇਸ ਲਈ ਸਾਡੇ ਵਾਸਤੇ ਇਹੋ ਚੰਗਾ ਹੈ ਕਿ ਰੋਜ਼-ਰੋਜ਼ ਭੁੱਲਾਂ ਬਖਸ਼ਾਣ ਦੀਆਂ ਅਰਦਾਸਾਂ ਕਰਾਈਆਂ ਜਾਣ ਜਾਂ ਕਰੀਏ।

ਮਨ ਦੇ ਇਸ ਚਲਾਕ ਹਮਲੇ ਦਾ ਸ਼ਿਕਾਰ ਆਦਮੀ ਫਿਰ ਭੁੱਲਾਂ ਤੋਂ ਬਚਣ ਦੀ ਥਾਂ, ਕਮਜ਼ੋਰੀਆਂ ਉਤੇ ਫਤਹਿ ਪਾਣ ਦੀ ਥਾਂ, ਪਾਪਾਂ ਦਾ ਮੁਕਾਬਲਾ ਕਰਨ ਦੀ ਥਾਂ ਭੁੱਲਾਂ ਬਖਸ਼ਾਵਣ ਵਲ ਸਾਰਾ ਧਿਆਨ ਕੇਂਦਰਿਤ ਕਰ ਦੇਵੇਗਾ। ਐਸਾ ਆਦਮੀ ਇਸ ਵਿਸ਼ਵਾਸ ਦਾ ਹੋ ਜਾਂਦਾ ਹੈ, ਪਾਪ ਭੁੱਲਾਂ ਬਖਸ਼ਾਲਾਂਗੇ, ਜਿੰਨੇ ਮਰਜ਼ੀ

ਪਾਪ ਭੁੱਲਾਂ ਕਰੀ ਜਾਵੋ, ਪਰ ਗੁਰਦੇਵ ਜੀ ਦੇ ਬਚਨ ਹਨ ਕਿ :

ਪਾਪ ਕਰਹਿ ਪੰਚਾ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥

(ਅੰਗ ੧੩੪੮)

ਭਾਵ:- ਆਪਣੇ ਪਾਪਾਂ ਦੀ ਸਜ਼ਾ ਤੋਂ ਬਚਣ ਲਈ ਜ਼ਬਾਨੀ ਅਰਦਾਸ ਕਰਨੀ ਕਾਫੀ ਨਹੀਂ, ਪਿਛਲੇ ਪਾਪ ਕੇਵਲ ਪਸ਼ਚਾਤਾਪ ਕਰਨ ਨਾਲ ਹੀ ਨਹੀਂ ਬਖਸ਼ੇ ਜਾਂਦੇ। ਪਸ਼ਚਾਤਾਪ ਕਰਨਾ ਪਾਪਾਂ ਦੇ ਬਖਸ਼ਾਵਣ ਵਾਸਤੇ ਪਹਿਲਾਂ ਉਪਰਾਲਾ ਜਾਂ ਪਹਿਲਾਂ ਕਦਮ ਜ਼ਰੂਰ ਹੈ। ਇਸ ਕਰਕੇ ਜੀਵ ਜਦੋਂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਆਉਂਦਾ ਹੈ, ਇਹ ਅਰਦਾਸ ਕਰੇ ਕਿ ਮਹਾਰਾਜ ਮੇਰੀ ਭੁੱਲ ਨੂੰ ਬਖਸ਼ੋ, ਅੱਗੇ ਤੋਂ ਕ੍ਰਿਪਾ ਕਰੋ :

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥

(ਅੰਗ ੬੨੪)

ਵਾਹਿਗੁਰੂ ਜੀ ਕ੍ਰਿਪਾ ਹਜ਼ੂਰੀ ਸਾਹਿਬ ਅਰਦਾਸਿ ਉਦੋਂ ਪਰਵਾਨ ਸਮਝੋ ਜਦੋ ਔਗੁਣਾਂ ਤੋਂ ਛੁਟਕਾਰਾ ਮਿਲ ਪਾਵੇ ।

ਇਕ ਐਸੇ ਹੀ ਗੁਰਸਿੱਖ ਸਤਿਗੁਰਾਂ ਜੀ ਦੇ ਚਰਨਾਂ 'ਚ ਸੇਵਾ ਕਰਦੇ ਹਨ ਜਿਨ੍ਹਾਂ ਦੀ ਹਾਲਤ ਭਾਈ ਕੀਰਤੀਏ ਦੇ ਪਿਤਾ ਵਰਗੀ ਹੋ ਜਾਂਦੀ ਹੈ। ਇਕ ਦਿਨ ਭਾਈ ਕੀਰਤੀਆ ਚੌਰ ਕਰ ਰਿਹਾ ਸੀ ਤੇ ਗੁਰੂ ਜੀ ਪਾਸ ਇਕ ਰਿੱਛ ਵਾਲਾ ਆਇਆ ਜਿਸ ਨੂੰ ਭਾਲੂ ਵੀ ਕਹਿ ਦਿੰਦੇ ਹਨ। ਸਤਿਗੁਰਾਂ ਦੇ ਕੋਲੇ ਥੋੜੇ ਹੀ ਸਿੰਘ ਸਨ, ਸਤਿਗੁਰਾਂ ਨੇ ਕਿਹਾ ਖੇਡ ਦਿਖਾ ਸਤਿਗੁਰੂ ਜਾਣੀਜਾਣ ਸਨ। ਇੰਨੇ ਨੂੰ ਰਿੱਛ ਵਾਲਾ ਲੈ ਕੇ ਜਦੋਂ ਖੇਡ ਸ਼ੁਰੂ ਕਰ ਦਿੱਤਾ ਤਾਂ ਭਾਈ ਕੀਰਤੀਆ ਬੜਾ ਹੱਸਿਆ। ਸਤਿਗੁਰਾਂ ਨੇ ਕਿਹਾ ਤੂੰ ਕਿਉ ਹੱਸ ਰਿਹਾ ਹੈਂ ? ਤੈਨੂੰ ਪਤਾ ਇਹ ਰਿਛ ਕੌਣ ਹੈ ? ਮਹਾਰਾਜ ਜਾਨਵਰ ਹੈ ਹੋਰ ਕੌਣ ਹੈ ? ਮਹਾਰਾਜ ਕਹਿੰਦੇ ਕੀਰਤੀਆ ਇਹ ਤੇਰਾ ਪਿਤਾ ਸੋਭਾ ਰਾਮ ਹੈ, ਜੋ ਗੁਰੂ ਤੇਗ ਬਹਾਦਰ ਜੀ ਦੀ ਸੰਗਤ 'ਚ ਰਹਿੰਦਾ ਸੀ। ਕੀਰਤੀਆ ਕਹਿੰਦਾ ਗੁਰੂ ਦਸਮੇਸ਼ ਪਿਤਾ ਜੀ ਨੂੰ ਮਹਾਰਾਜ ਆਹ ਲਉ ਚੌਰ, ਸੇਵਾ ਕਿਸੇ ਹੋਰ ਨੂੰ ਸੰਭਾਲ ਦਿਉ, ਜੇ ਸੇਵਾ ਗੁਰੂ ਦੀ ਕਰਕੇ ਮੇਰਾ ਪਿਤਾ ਰਿੱਛ ਬਣਿਆ ਹੈ ਮੈ ਤਾਂ ਜ਼ਰੂਰ ਜਾਨਵਰ ਹੀ ਬਣੂੰਗਾ, ਇਸ ਕਰਕੇ ਮੈਨੂੰ ਛੁੱਟੀ ਬਖਸ਼ੋ। ਗੁਰੂ ਜੀ ਕਹਿੰਦੇ ਇਤਨਾ ਕਾਹਲਾ ਨਾ ਪੈ, ਇਸ ਦੀ ਵਾਰਤਾ ਤਾਂ ਸੁਣ ਲੈ, ਇਕ ਦਿਨ ਤੇਰਾ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਸੰਗਤ ਨੂੰ ਦੀਵਾਨ ਦੀ ਸਮਾਪਤੀ ਤੇ ਪ੍ਰਸ਼ਾਦਿ ਵਰਤਾ ਰਿਹਾ ਸੀ ਇਕ ਅਭਿਆਸੀ ਗੁਰਮੁਖ ਸਿੱਖ ਭਾਈ ਧੰਨਾ ਜੀ ਗੁੜ ਦਾ

ਗੱਡਾ ਲਈ ਆਉਂਦਾ ਸੀ, ਉਸ ਨੇ ਸੋਚਿਆ ਜਾਂਦੇ-ਜਾਂਦੇ ਸਤਿਗੁਰਾਂ ਦੇ ਦਰਸ਼ਨ ਕਰ ਚੱਲੀਏ, ਗੱਡਿਆਂ ਨਾਲ ਗੱਡਾ ਰਲਾ ਕੇ, ਗੁੜ ਦੀ ਭੇਲੀ ਲਈ, ਆ ਕੇ ਸਤਿਗੁਰਾਂ ਨੂੰ ਨਮਸਕਾਰ ਕੀਤੀ, ਕਾਹਲੀ ਨਾਲ ਪ੍ਰਸ਼ਾਦਿ ਲੈਣ ਲਈ ਅੱਗੇ ਵਧਿਆ। ਤੇਰਾ ਪਿਤਾ ਉਸ ਨੂੰ ਦੇਖੇ ਹੀ ਨਾ, ਕਹੀ ਜਾਵੇ ਬੈਠ-ਬੈਠ ਜਾਂ ਭਾਈ ਧੰਨਾ ਜੀ ਨੇ ਫਿਰ ਅੱਗੇ ਹੱਥ ਕੀਤਾ, ਤਾਂ ਤੇਰੇ ਪਿਤਾ ਸੋਭਾ ਰਾਮ ਨੇ ਗੁੱਸੇ ਨਾਲ ਕਿਹਾ, ਤੂੰ ਕਿਉਂ ਰਿੱਛ ਵਾਂਗ ਟੱਪਦਾ ਹੈਂ, ਆਰਾਮ ਨਾਲ ਬੈਠ, ਮਿਲ ਜਾਵੇਗਾ ਪ੍ਰਸ਼ਾਦਿ।

ਪ੍ਰਸ਼ਾਦਿ ਵਰਤਾਉਂਦਿਆਂ ਨਿੱਕਾ ਜਿਹਾ ਕਿਨਕਾ ਡਿਗਿਆ ਭਾਈ ਧੰਨੇ ਸ਼ਰਧਾ ਨਾਲ ਚੱਕਿਆ, ਤੇ ਮੂੰਹ 'ਚ ਪਾ ਲਿਆ ਅਤੇ ਤੇਰੇ ਪਿਤਾ ਨੂੰ ਕਿਹਾ, ਹੇ ਸਿੱਖਾ, ਤੂੰ ਸਤਸੰਗਤਿ ਤਾਂ ਗੁਰੂ ਦੇ ਚਰਨਾਂ 'ਚ ਕਰ ਰਿਹਾ ਹੈਂ ਪਰ ਨਿੰਮਰਤਾ ਸੰਗਤ ਚੋਂ ਤੈਂ ਨਹੀਂ ਲਈ, ਇੰਨਾਂ ਗਰਮ ਸੁਭਾਅ ਸਤਸੰਗੀਆਂ ਦਾ ਨਹੀ ਹੋਣਾ ਚਾਹੀਦਾ ਹੈ ਇਸ ਕਰਕੇ ਤੂੰ ਗੁਰੂ ਦੀ ਸੰਗਤ ਕਰਨ ਤੇ ਰਹਿਣ ਦੇ ਲਾਇਕ ਨਹੀਂ, ਤੇਰੇ ਆਖੇ ਮੈਂ ਰਿੱਛ ਕਿਉਂ ਬਣਾਂਗਾਂ ਮੈ ਤਾਂ ਬੜੀ ਸ਼ਰਧਾ ਭਾਵ ਨਾਲ ਗੱਡਾ ਛੱਡ ਕੇ ਦਰਸ਼ਨਾ ਨੂੰ ਆਇਆ ਹਾਂ, ਰਿੱਛ ਬਣਨ ਦੇ ਲਾਇਕ ਤੂੰ ਹੈ—ਬਚਨ ਗੁਰਸਿੱਖ ਦਾ ਹੋ ਗਿਆ :

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ *(ਅੰਗ ੩੧੯)*

ਪਰ ਜੇ ਕੋਈ ਸ਼ਰਧਾ ਨਾਲ ਬੁਲਾਵੇ ਸੇਵਾ ਕਰੇ, ਫਿਰ :

ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥ *(ਅੰਗ ੧੩੨੮)*

ਸਾਰੀ ਵਾਰਤਾ ਸੁਣ ਕੇ ਕੀਰਤੀਏ ਨੇ ਮਾਫੀ ਮੰਗੀ। ਬੇਨਤੀ ਕੀਤੀ ਕਿ ਇਸ ਦਾ ਉਧਾਰ ਕਰੋ।

ਸਤਿਗੁਰਾਂ ਨੇ ਰਿਛ ਮੁੱਲ ਲੈ ਲਿਆ ੨੦੦ ਰੁਪਿਆ ਦੇ ਕੇ। ਰਿਛ ਵਾਲਾ ਕਹਿੰਦਾ ੫੦੦ ਲੈਣਾ ਹੈ। ਮਹਾਰਾਜ ਕਹਿੰਦੇ ਨਹੀ ਸਿੰਘੋ ਰਿੱਛ ਲੈ ਲਵੋ, ੨੦੦ ਰੁ: ਇਸ ਦੀ ਝੋਲੀ 'ਚ ਪਾ ਦਿਉ। ਸੀਤ ਪ੍ਰਸ਼ਾਦਿ ਸਤਿਗੁਰਾਂ ਨੇ ਛਕਾਇਆ, ਨਾਲ ਹੀ ਸਰੀਰ ਛੱਡ ਗਿਆ।

ਭਾਵ ਕਹਿਣ ਤੋਂ ਕਿ ਸੰਗਤ ਕਰਨ ਨਾਲ ਵੀ ਜੇ ਨਿੰਮਰਤਾ ਨਹੀਂ ਆਈ, ਗਿਆਨ ਪਰਾਪਤ ਕਰਕੇ ਵਰਤੋਂ 'ਚ ਨਹੀਂ ਲਿਆਂਦਾ, ਜਿਸ ਤਰ੍ਹਾਂ ਦਾ ਜੀਵਨ ਪਹਿਲਾਂ ਸੀ ਉਹੋ ਜਿਹਾ ਜੀਵਨ ਸੰਗਤ ਕਰਨ ਤੋਂ ਮਗਰੋ ਹੈ ਕੋਈ ਫਰਕ ਨਹੀਂ ਪਿਆ ਤੇ ਕੰਮ ਸਭ ਵਿਅਰਥ ਹੀ ਹੈ। ਮਨ ਕਰਕੇ ਸੰਗਤ ਨਾ ਕਰਨਾ, ਸੇਵਾ ਮਨ ਕਰਕੇ ਨਹੀਂ ਕਰਨੀ; ਇਸ ਤਰ੍ਹਾਂ ਦੀ ਸੇਵਾ ਸੰਗਤ ਜੀਵਨ ਨਹੀਂ ਬਦਲਦਾ। ਗੁਰਸਿਖਾਂ ਦੇ ਦਰਸ਼ਨਾਂ ਤੋਂ ਹੀ ਪਤਾ ਲੱਗਣਾ ਚਾਹੀਦਾ ਹੈ ਕਿ ਇਹ ਸਤਿਸੰਗੀ ਸਤਿਗੁਰੂ ਜੀ ਦਾ ਪ੍ਰੇਮੀ ਗੁਰੂ ਪ੍ਰਤੀ ਭੈ ਸ਼ਰਧਾ ਰੱਖਣ ਵਾਲਾ ਹੈ। ਮਹਾਰਾਜ ਜੀ ਨੇ ਐਸਾ ਜੀਵਨ ਮਨੁੱਖ ਨੂੰ ਬਖਸ਼ਿਆ ਹੈ, ਕਿਉਂਕਿ ਐਸੇ ਗੁਰਮੁਖ ਭਗਤ ਜਨ

ਨਾਮ ਰਸੀਏ ਸਤਿਸੰਗੀਆਂ ਦਾ ਜੀਵਨ ਹੀ ਪਰਚਾਰ ਦਾ ਕੰਮ ਕਰਦਾ ਹੈ :

ਧਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥
ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥
ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
ਧੰਨ ਧੰਨ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥
ਸਭ ਦੂ ਵਡੇ ਭਾਗ ਗੁਰਸਿਖਾ ਕੇ, ਜੋ ਗੁਰ ਚਰਣੀ, ਸਿੱਖ ਪੜਤਿਆ ॥੧੮॥

(ਅੰਗ ੬੪੯)

ਸਫਲ ਜਨਮ ਗੁਰਮੁਖਿ ਹੋਇ, ਜਨਮ ਜੀਤਿਓ,
ਚਰਨ ਸਫਲ ਗੁਰ ਮਾਰਗ ਰਵਨ ਕੈ ॥
ਲੋਚਨ ਸਫਲ ਗੁਰ ਦਰਸਾ ਵਲੋਕਨ ਕੈ ॥
ਮਸਤਕ ਸਫਲ ਰਜ ਪਦ ਗਵਨ ਕੈ ॥
ਹਸਤ ਸਫਲ ਨਮ ਸਤਿਗੁਰ ਬਾਣੀ ਲਿਖੇ,
ਸੁਰਤਿ ਸਫਲ ਗੁਰ-ਸ਼ਬਦ ਸ੍ਰਵਨ ਕੈ ।
ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ,
ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਵਤਨ ਕੈ ॥੯੧॥ ਕਬਿੱਤ ਭਾਈ ਗੁਰਦਾਸ ਜੀ ॥

ਭਾਵ:- ਜਨਮ ਉਨ੍ਹਾਂ ਦਾ ਸਫਲ ਹੈ ਜੋ ਗੁਰੂ ਦੇ ਮੁਖੋਂ ਉਚਾਰੀ ਹੋਈ ਬਾਣੀ ਨੂੰ ਅਮਲੀ ਰੂਪ ਦਿੰਦੇ ਹਨ। ਚਰਨ ਭਾਵ ਪੈਰ ਉਹ ਸਫਲ ਹੈ ਜੋ ਗੁਰੂ ਚਰਨਾਂ 'ਚ ਆਉਣ, ਗੁਰੂ ਦੇ ਦੱਸੇ ਹੋਏ ਮਾਰਗ ਤੇ ਚਲਦੇ ਹਨ। ਅੱਖੀਆਂ ਉਹ ਸਫਲ ਹਨ, ਜੋ ਗੁਰੂ ਦੇ ਦਰਸ਼ਨਾਂ ਨੂੰ ਲੋਚਦੀਆਂ ਹਨ। ਮਸਤਕ, ਮੱਥਾ ਉਹ ਸਫਲ ਹੈ, ਜੋ ਪੂਰਨ ਸਤਿਗੁਰਾਂ ਦੇ ਚਰਨਾਂ ਉਤੇ ਨਿਵੰਦਾ ਹੈ। ਹੱਥ ਉਹ ਪਵਿੱਤਰ ਸੋਭਨੀਕ ਹਨ, ਜਿਨ੍ਹਾ ਹੱਥਾਂ ਨਾਲ ਨਾਮ ਬਾਣੀ ਮਹਿਮਾ ਲਿਖੀ ਜਾਂਦੀ ਹੈ। ਸੁਰਤੀ ਉਹ ਸਫਲ ਪਵਿਤੱਰ ਹੋ ਜਾਂਦੀ ਹੈ, ਜੋ ਰੋਜ਼ ਸ਼ਬਦ ਮਨ ਚਿਤ ਲਾ ਕੇ ਸੁਣਦੀ ਹੈ, ਕੰਨ ਪਵਿੱਤਰ ਹਨ ਸਫਲ ਹਨ, ਜੋ ਬਾਣੀ ਉਪਦੇਸ਼ ਮਹਿਮਾ ਕੀਰਤੀ ਸ੍ਰਵਨ ਕਰਦੇ ਹਨ। ਸੰਗਤ ਗੁਰਮੁਖ ਪਿਆਰਿਆਂ ਦੀ ਕੀਤੀ ਸਫਲ ਹੈ ਭਾਈ ਜੋ ਸੰਗਤ 'ਚ ਆ ਕੇ ਸੁਣਦੇ ਹਨ, ਇਕ ਚਿਤ ਇਕਾਗਰਤਾ ਬਣਾ ਕੇ ਸੁਣਦੇ ਹਨ, ਪ੍ਰੇਮ ਸ਼ਰਧਾ ਭਾਵਨਾ ਨਾਲ ਉਸ ਤਿੰਨਾਂ ਲੋਕਾਂ ਦੇ ਮਾਲਕ ਪ੍ਰਭੂ ਦੀ ਯਾਦ 'ਚ ਜੁੱਟ ਜਾਂਦੇ ਹਨ, ਇਕਮਿਕ ਹੋ ਸਫਲ ਜੀਵਨ ਬਣਾ ਲੈਂਦੇ ਹਨ।

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ

ਜੋ ਸਤਿਗੁਰ ਸਰਣਿ ਸੰਗਤਿ ਨਹੀ, ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥

(ਅੰਗ ੪੯੨)

ਰਾਗ ਗੂਜਰੀ ਦੇ ਵਿਚ ਬਚਨ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਮਹਾਰਾਜ ਜੀ ਦਾ ਉਚਾਰਿਆ ਹੋਇਆ ਨਿੱਤਨੇਮੀ ਸੱਜਣ ਹਰ ਰੋਜ਼ ਪੜ੍ਹਦੇ ਸੁਣਦੇ ਹਾਂ, ਪਰ ਧਿਆਨ ਦੇਣ ਦੀ ਲੋੜ ਹੈ। ਮਹਾਰਾਜ ਜੀ ਨੇ ਇਕ ਤੁਕ ਦੇ ਅੰਦਰ ਹੀ ਐਸੀ ਜ਼ਿੰਦਗੀ ਜੀਵਨ ਬਾਰੇ ਫਿਟਕਾਰਾਂ ਪਾਈਆਂ ਜੋ ਸਤਿਸੰਗਿ ਤੋਂ ਹੀਣੀ ਅਧੂਰੀ ਜ਼ਿੰਦਗੀ ਹੈ, ਸਤਿਗੁਰੂ ਜੀ ਫੁਰਮਾਣ ਕਰ ਰਹੇ ਹਨ ਜੋ ਜੀਵ ਕਦੇ ਵੀ ਗੁਰੂ ਜੀ ਦੀ ਹਜ਼ੂਰੀ ਕਥਾ ਕੀਰਤਨ ਪਾਠ ਗੁਰਮਤਿ ਵੀਚਾਰਾਂ ਸ੍ਰਵਣ ਜਾਂ ਸਿਮਰਨ ਸੰਗਤੀ ਰੂਪ 'ਚ ਨਹੀਂ ਕਰਨ ਆਇਆ ਉਸ ਮਨੁੱਖ ਦੀ ਜ਼ਿਦੰਗੀ ਜੋ ਬੀਤੀ ਹੈ ਉਸ ਨੂੰ ਵੀ ਧ੍ਰਿਕਾਰ ਹੈ ਜੋ ਬਾਕੀ ਬਗੈਰ ਸੰਗਤ ਤੋਂ ਬੀਤੇਗੀ ਉਹ ਵੀ ਵਿਅਰਥ ਹੈ, ਕਿ ਜਨਮਾਂ ਜਨਮਾਤਰਾਂ ਦੀ ਮੈਲ ਤਾਂ ਹੀ ਉਤਰ ਸਕਦੀ ਹੈ ਜੇ ਇਸ ਮਨ ਨੂੰ ਹਰ ਰੋਜ਼ ਗੁਰੂ ਦੇ ਬਚਨ ਸੁਣਾ ਕੇ ਅਮਲ 'ਚ ਲਿਆਈਏ। ਸਤਿਗੁਰਾਂ ਦੇ ਪਾਵਨ ਵਚਨ ਹਨ।

ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ ॥
ਦੇਖਿ ਸਰੂਪੁ ਪੂਰਨੁ ਭਈ ਆਸਾ
ਦਰਸਨੁ ਭੇਟਤ ਉਤਰੀ ਭੁਖ ॥੧॥ *(ਅੰਗ ੭੧੭)*
ਸਿਮਰਿ ਸਿਮਰਿ ਕਾਟੇ ਸਭਿ ਰੋਗ ॥
ਚਰਣ ਧਿਆਨ ਸਰਬ ਸੁਖ ਭੋਗ ॥

(ਅੰਗ ੨੪੦)

ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਣ ਹੈ

ਜੈਸਾ ਸੇਵੈ ਤੈਸੋ ਹੋਇ ॥

(ਅੰਗ ੨੨੩)

ਸਤਿਗੁਰੂ ਜੀ ਨਾ ਸਾਨੂੰ ਜੀਵਨ ਮਨੋਰਥ ਕੇਵਲ ਹਰੀ ਦੇ ਨਾਮ ਦੀ ਕਮਾਈ ਦਾ ਕਰਨਾ ਦੱਸਿਆ ਅਤੇ ਨਾਮ ਦੀ ਖੇਤੀ ਬੀਜਣ ਲਈ ਹਿਰਦੇ ਰੂਪ ਖੇਤ ਨੂੰ ਤਿਆਰ ਸਤਸੰਗਤਿ ਹੀ ਕਰ ਸਕਦੀ ਹੈ। ਗੁਰੂ ਜੀ ਦੀ ਬਖਸ਼ਿਸ਼ ਗੁਰੂ ਦੀ ਸੰਗਤਿ

ਤੋਂ ਬਗੈਰ ਕਿਵੇਂ ਹੋ ਸਕਦੀ ਹੈ ? ਖੇਤ ਤਿਆਰੀ ਤੋਂ ਬਗੈਰ ਖੇਤੀ ਵਧੀਆ ਨਹੀਂ ਹੋ ਸਕਦੀ ਭਾਵੇ ਜਿੰਨਾ ਮਰਜ਼ੀ ਮਹਿੰਗਾ ਬੀਜ ਖੇਤ 'ਚ ਬੀਜ ਦਿਉ ।

ਖੇਤੁ ਪਛਾਣੈ ਬੀਜੈ ਦਾਨੁ ॥ *(ਅੰਗ ੧੪੧੧)*

ਤਿਆਗਤਾ, ਬਰੈਗਤਾ, ਉਪਰਾਮਤਾ, ਲਗਨ ਗਿਆਨ ਸੱਚ ਅਤੇ ਝੂਠ ਦੀ ਪਛਾਣ ਕੇਵਲ ਗੁਰੂ ਜੀ ਦੀ ਕ੍ਰਿਪਾ ਸਦਕਾ ਸੰਗਤਿ 'ਚੋਂ ਹੀ ਹੋ ਸਕਦੀ ਹੈ, ਨਾਮ ਜਪਣ ਦੀ ਲੋੜ ਅਤੇ ਮਹਿਮਾਂ ਉਸ ਦੇ ਨਿਸਚੇ ਵਿਚ ਦ੍ਰਿੜ ਹੋਣੀ ਚਾਹੀਦੀ ਹੈ।

ਆਮ ਕਰਕੇ ਗੁਰਸਿੱਖ ਗੁਰਬਾਣੀ ਤਾਂ ਪ੍ਰੇਮ ਨਾਲ ਪੜ੍ਹਦੇ ਤੇ ਗਾਂਵਦੇ ਹਨ ਪਰ ਇਸ ਤੋਂ ਅੱਗੇ ਨਾਮ ਜਪਣ ਦੀ ਕੋਸ਼ਿਸ਼ ਨਹੀ ਕਰਦੇ । ਪੜਾਅ ਕਦੇ ਮੰਜ਼ਿਲ ਨਹੀਂ ਹੋ ਸਕਦੀ ਜ਼ਿੰਦਗੀ ਕੁਝ ਸਮਾਂ ਕਰਦੇ ਦਾ ਕੰਮ ਪੜਾਅ ਦਾ ਹੁੰਦਾ ਹੈ ਕਿ ਮੈਂ ਠੀਕ ਦਿਸ਼ਾ ਵਲ ਜਾ ਰਿਹਾਂ, ਮੇਰੀ ਜ਼ਿੰਦਗੀ ਇਹੋ ਹੈ, ਮੈਂ ਠੀਕ ਦਿਸ਼ਾ ਵਲ ਜਾਂ ਰਿਹਾਂ ਦੀ ਮੇਰੀ ਜ਼ਿਦੰਗੀ ਇਹੋ ਹੈ, ਮੈਂ ਠੀਕ ਰਸਤੇ ਤੇ ਜਾਂ ਰਿਹਾ, ਕਿਉਂਕਿ ਨਾਮ ਤੋ ਬਗੈਰ ਜ਼ਿੰਦਗੀ ਪਸ਼ੂ ਢੋਰ ਗਵਾਰ ਤੋਂ ਗਵਾਰ । ਗਰੀਬ-ਨਿਵਾਜ਼ ਨੇ ਦਰਸਾਈ ਹੈ, ਜੈਸਾ ਕਿ :

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥
ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ *(ਅੰਗ ੪੧੩)*

ਹਾਲਾਂਕਿ ਗੁਰਬਾਣੀ ਮੁੜ ਮੁੜ ਨਾਮ ਜਪਣ ਦੀ ਪ੍ਰੇਰਨਾ ਦਿੰਦੀ ਹੈ, ਅਤੇ ਇਸ ਦੇ ਲਾਭ ਦਰਸਾਉਂਦੀ ਹੈ । ਗੁਰਬਾਣੀ ਦੇ ਕਈ ਮਹਾਂਵਾਕ ਤਾਂ ਐਸੇ ਹਨ ਜਿਨ੍ਹਾਂ ਨੂੰ ਪੜ੍ਹ ਸਮਝ ਕੇ ਲੂੰ ਕੰਢੇ ਖੜੇ ਹੋ ਜਾਂਦੇ ਹਨ, ਜੈਸਾ ਕਿ :

ਤਿਆਗਿ ਗੋਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥
ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥
(ਅੰਗ ੧੨੨੭)

ਭਾਵः-ਪਰਮੇਸ਼ਰ ਨੂੰ ਵਿਸਾਰ ਕੇ ਜੋ ਕੰਮ ਜੀਵ ਕਰਦਾ ਹੈ, ਇਹ ਸਭ ਜ਼ਹਿਰ ਦੇ ਖੂਹ ਪੁਟ ਰਿਹਾ ਹੈ । ਭਾਵ ਨਰਕਾਂ ਦੇ ਖੂਹ ਵਿਚ ਆਪਣੇ ਆਪ ਨੂੰ ਲਿਜਾ ਰਿਹਾ ਹੈ, ਇਸ ਕਰਕੇ ਮਨ 'ਚ ਨਾਮ ਸਿਮਰਨ ਪਰਮਾਤਮਾ ਦੇ ਮਿਲਾਪ ਲਈ ਐਨੀ ਕੁ ਤੜਪਨਾ ਪੈਦਾ ਕਰੋ ਜੋ ਹਰੀ ਦੇ ਦਰਸ਼ਨ ਦੀਦਾਰੇ ਹੋ ਜਾਣ । ਨਰਕਾਂ ਦੇ ਖੂਹਾਂ ਦੇ ਵਿਚੋਂ ਸਾਡੀ ਬਾਂਹ ਪਕੜੀ ਹੈ ਜੇ ਹਰ ਰੋਜ਼ ਗੁਰੂ ਚਰਨਾਂ 'ਚ ਜਾ ਬੇਨਤੀ ਕਰੀਏ :

ਨਾਮ ਬਿਹੂਨ ਜੀਵਨ ਕਉਨ ਕਾਮ ॥ *(ਅੰਗ ੧੯੮)*

ਨਾਮ ਨਾ ਜਪਣ ਵਾਲੇ ਨੂੰ ਗੁਰਬਾਣੀ ਇੰਨੀਆਂ ਫਿਟਕਾਰਾਂ ਪਾਉਂਦੀ ਹੈ ਕਿ, ਹੈਰਾਨ ਹੋ ਜਾਈਦਾ ਹੈ, ਫਿਰ ਵੀ ਆਮ ਸਿੱਖ ਨਾਮ ਕਿਉਂ ਨਹੀਂ ਜਪਦੇ :

ਨਾਮੁ ਨ ਜਪਹਿ ਤੇ ਆਤਮ ਘਾਤੀ ॥ *(ਅੰਗ ੧੮੮)*

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨਾ ਹੋਇ ॥
ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥
ਹਰਿ ਨਾਮ ਬਿਨਾ ਮੈ ਅਵਰੁ ਨਾ ਕੋਇ ॥੫॥ (ਅੰਗ ੨੩੩)
ਤਥਾ:- *ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥* (ਅੰਗ ੪੨੨)
ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥
(ਅੰਗ ੭੧੨)

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥
(ਅੰਗ ੧੩੬੨)

ਸਵਾਲ ਪੈਦਾ ਹੁੰਦਾ ਹੈ ਕਿ ਨਾਮ ਜਪਣ ਉਤੇ ਗੁਰਬਾਣੀ ਅੰਦਰ ਇਤਨਾ ਜ਼ੋਰ ਦੇਣ ਦੇ ਬਾਵਜੂਦ ਗੁਰਸਿੱਖਾਂ ਦੀ ਬਹੁਤ ਗਿਣਤੀ ਨਾਮ ਕਿਉਂ ਨਹੀਂ ਜਪਦੀ ? ਸਿੱਖ ਕੌਮ ਦੁਨੀਆਂ ਦੀਆਂ ਕਰੀਬਨ ਸਾਰੀਆਂ ਕੌਮਾਂ ਨਾਲੋਂ ਇਸ ਕਰਕੇ ਭਾਗਾਂ ਵਾਲੀ ਹੈ ਕਿ ਇਸ ਨੂੰ ਧਾਰਮਿਕ ਗ੍ਰੰਥ ਆਪਣੀ ਮਾਤਰ ਭਾਸ਼ਾ ਭਾਵ ਪੰਜਾਬੀ ਬੋਲੀ ਵਿਚ ਲਿਖਿਆਂ ਹੋਇਆ ਮਿਲਿਆ ਹੈ, ਭਾਸ਼ਾ ਭਾਵੇਂ ਪੜ੍ਹ ਕੇ ਸਮਝ ਸਕਦਾ ਹੈ। ਫਿਰ ਸਿੱਖ ਕੌਮ ਦੂਸਰੀਆਂ ਕੌਮਾਂ ਨਾਲੋ ਆਪਣੇ ਗੁਰੂ ਦੇ ਉਪਦੇਸ਼ ਨੂੰ ਵਧੇਰੇ ਯੋਗਤਾ ਨਾਲ ਅਮਲ ਵਿਚ ਲਿਆਉਣ ਦੇ ਕਾਬਲ ਹੈ, ਕਿਉਂਕਿ ਸਿੱਖ ਆਮ ਤੌਰ ਤੇ ਹਰ ਕੰਮ ਨੂੰ ਅਮਲ ਵਿਚ ਲਿਆਉਣ ਵਾਲੇ ਲੋਕ ਹਨ, ਫਿਰ ਗੁਰਬਾਣੀ ਉਪਦੇਸ ਨੂੰ ਜੋ ਨਾਮ ਜਪਣ ਦੀ ਪ੍ਰੇਰਨਾ ਵਾਰ-ਵਾਰ ਦੇ ਰਹੀ ਹੈ, ਇਸ ਨੂੰ ਅਮਲ 'ਚ ਕਿਉਂ ਨਹੀ ਲਿਆਉਂਦੇ ?

ਮੈ ਤਾਂ ਇਥੇ ਤਕ ਸਮਝਿਆ ਹਾਂ ਕਿ ਆਮ ਸਿੱਖਾਂ ਨੂੰ ਨਾਮ ਜਪਣ ਦੀ ਮਹੱਤਤਾ ਅਤੇ ਕੀਮਤ ਦਾ ਪਤਾ ਨਹੀਂ, ਸਿੱਖ ਆਮ ਕਰਕੇ ਗੁਰਬਾਣੀ ਦਾ ਬਗੈਰ ਸਮਝੇ ਪਾਠ ਕਰਕੇ ਅਤੇ ਕੀਰਤਨ ਕਰਦੇ ਕਰਾਂਦੇ ਹਨ। ਇਹਨਾਂ ਨੂੰ ਇਹ ਹੀ ਸਮਝਾਇਆ ਜਾਂਦਾ ਹੈ ਕਿ ਪੜ੍ਹਨਾ, ਸੁਣਨਾ, ਸੁਨਾਉਣਾ ਹੀ ਗੁਰਬਾਣੀ ਨੂੰ ਜੀਵਨ ਦਾ ਮੁਖ ਮਨੋਰਥ ਨਿਸ਼ਾਨਾ ਹੈ, ਹਾਲਾਂਕਿ ਕਿਸੇ ਸਿਧਾਂਤ ਦਾ ਪਾਠ ਉਸ ਸਿਧਾਂਤ ਦੀ ਕਮਾਈ ਹਰਗਿਜ਼ ਨਹੀ ਹੁੰਦੀ, ਕਿਉਂਕਿ ਨਾਮ ਜਪਣ ਤੋਂ ਬਗੈਰ ਗੁਰਬਾਣੀ ਦਾ ਪਾਠ ਕਰਨਾ ਜਾਂ ਕੀਰਤਨ ਸੁਣਨਾ ਕੇਵਲ ਗੁਰਬਾਣੀ ਵਿਚ ਕੀਤੇ ਇਕਰਾਰਾਂ ਨੂੰ ਜੀਵਨ ਵਿਚ ਪੂਰਿਆ ਨਹੀ ਹੋਣ ਦਿੰਦਾ।

ਜਿਵੇਂ ਕਾਸ਼ਤਕਾਰੀ ਦੀਆਂ ਅਨੇਕ ਪੁਸਤਕਾਂ ਪੜ੍ਹਨ ਨਾਲ ਹੀ ਇਕ ਚੰਗਾ ਕਿਸਾਨ ਨਹੀ ਬਣ ਸਕਦਾ, ਗੁਰਬਾਣੀ ਦਾ ਪਾਠ ਕਰਨ ਸੁਣਨ ਵਾਲਾ, ਨਾਮ ਨਾ ਜਪਣ ਵਾਲਾ ਗੁਰਸਿੱਖ ਵੀ ਅਸਲ ਅਰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ

ਅਸਲ ਗੁਰਸਿੱਖ ਨਹੀਂ ਬਣ ਸਕਦਾ। ਫਿਰ ਤਾਂ ਐਸੇ ਬਕਤੇ ਦੇ ਪ੍ਰਤੀ ਬਚਨ ਸਤਿਗੁਰਾਂ ਦਾ ਹੈ :

ਮੁਖ ਤੇ ਪੜਤਾ ਟੀਕਾ ਸਹਿਤ ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥੧॥ (ਅੰਗ ੮੯੭)

ਗੁਰਬਾਣੀ ਦਾ ਬਚਨ ਹੈ :-

ਸਰਬ ਰੋਗ ਕਾ ਅਉਖਦੁ ਨਾਮੁ (ਅੰਗ ੨੭੪)

ਪਰ ਐਸੇ ਬਚਨਾਂ ਨੂੰ ਪੜ੍ਹਨ ਸੁਣਨ ਵਾਲੇ ਮਨ ਅਤੇ ਤਨ ਰੋਗੀ ਦੇਖੇ ਜਾਂਦੇ ਹਨ, ਵਹਿਮੀ-ਭਰਮੀ, ਕਰਮ ਕਾਂਡਾਂ ਦੇ ਵੱਸ ਪਏ ਹੋਏ ਹਨ, ਇਸ ਦਾ ਸਾਫ ਕਾਰਨ ਇਹ ਹੈ ਕਿ ਜਦ ਤਕ ਨਾਮ ਜਪਿਆ ਨਾ ਜਾਵੇ ਉਹ ਜੀਵਨ ਦੇ ਸਰਬ ਰੋਗਾਂ ਨੂੰ ਦੂਰ ਕਿਵੇਂ ਕਰ ਸਕਦਾ ਹੈ ? ਜਿਵੇਂ ਕਣਕ ਬੀਜਿਆਂ ਉਗਦੀ ਹੈ ਇਸੇ ਤਰ੍ਹਾਂ ਨਾਮ ਜੀਵਨ ਦੇ ਸਰਬ ਰੋਗਾਂ ਦਾ ਇਲਾਜ ਬਣ ਸਕਦਾ ਹੈ

ਮੈਂ ਦੇਖਿਆ ਐਗਰੀਕਲਚਰ ਵਾਲੇ ਪਿੰਡਾਂ 'ਚ ਕਿਰਸਾਨਾਂ ਨੂੰ ਫਸਲਾਂ ਦੇ ਬਾਰੇ ਵਿਚ ਰੇਡੀਓ ਟੈਲੀਵਿਜ਼ਨਾਂ ਰਾਹੀ ਅਤੇ ਘਰਾਂ 'ਚ ਆ ਕੇ ਫਸਲਾਂ ਦੇ ਬੀਜ ਬਾਰੇ ਬੀਜਣ ਵਾਲੇ ਝਾੜ, ਦੁਆਈ, ਪਾਣੀ, ਫੇਰ ਖਾਦ ਬਾਰੇ ਸਭ ਗਿਆਨ ਸਮਝਾਉਂਦੇ ਹਨ, ਖੇਤੀ ਕਰਨ ਵਾਲੇ ਸੁਣਣ ਤਕ ਹੀ ਸੀਮਤ ਰਹਿਣ ਤਾਂ ਦੱਸੋ ਕੁਝ ਪਰਾਪਤੀ ਹੋਵੇਗੀ, ਬਿਲਕੁਲ ਨਹੀ ਠੀਕ ਇਸੇ ਤਰ੍ਹਾਂ :

ਕਰਮ ਧਰਤੀ ਸਰੀਰੁ ਕਲਜੁਗ ਵਿਚਿ
ਜੇਹਾ ਕੋ ਬੀਜੈ ਤੇਹਾ ਕੋ ਖਾਏ ॥
ਗਲਾ ਉਪਰਿ ਤਪਾਵਸੁ ਨ ਹੋਈ
ਵਿਸੁ ਖਾਧੀ ਤਤਕਾਲ ਮਰਿ ਜਾਏ ॥ (ਅੰਗ ੩੦੮)
ਜੇਹਾ ਬੀਜੈ ਸੋ ਲੁਣੈ ਕਰਮਾਂ ਸੰਦੜਾ ਖੇਤੁ ॥ (ਅੰਗ ੧੩੩)

ਸਾਡਾ ਅਤੇ ਸੰਸਾਰ ਦਾ ਸੰਬੰਧ ਮਨ- ਤਰੰਗਾਂ, ਸੰਕਲਪਾਂ, ਵਿਕਲਪਾਂ ਜਾਂ ਖਿਆਲ ਤਰੰਗਾਂ ਦੇ ਜ਼ਰੀਏ ਹੈ, ਚੰਗੀਆਂ ਤਰੰਗਾਂ ਚੰਗੇ ਖਿਆਲ ਸੰਕਲਪ, ਮਾੜੀਆਂ ਤਰੰਗਾਂ ਖਿਆਲ ਮਾੜੇ ਵਿਕਲਪ ਅਖਵਾਂਦੇ ਹਨ। ਦਿਨ ਰਾਤ ਖੇਡ ਰਹੇ ਹਾਂ ਇਹਨਾਂ ਤਰੰਗਾਂ ਨਾਲ ਖਿਆਲ ਤਸਵੀਰ ਬਣਾਉਂਦਾ ਹੈ ਭਾਵ ਸਾਡੇ ਖਿਆਲ-ਖਿਆਲੀ ਤਸਵੀਰ ਬਣਾਉਂਦਾ ਹੈ ਖਿਆਲ ਚੰਗਾ ਹੈ ਚੰਗੀ ਤਸਵੀਰ, ਮਾੜਾ ਖਿਆਲ ਮਾੜੀ ਤਸਵੀਰ ਇਹ ਸਾਡੇ ਉਤੇ ਚੰਗਾ ਪ੍ਰਭਾਵ ਪਾਉਂਦੀ ਹੈ, ਚੰਗੇ ਖਿਆਲ ਨਾਲ ਇਹ ਸਾਡੇ ਉਤੇ ਚੰਗਾ ਪ੍ਰਭਾਵ ਪਾਉਂਦੀ ਹੈ, ਚੰਗੇ ਖਿਆਲ ਨਾਲ ਚੰਗਾ, ਮਾੜੇ ਖਿਆਲ

ਨਾਲ ਮੰਦਾ, ਸਾਰੇ ਮਾੜੇ ਕਰਮ ਮਾੜੇ ਖਿਆਲ ਦੀ ਦੇਣ ਹੈ, ਚੰਗੇ ਕਰਮ ਚੰਗੇ ਖਿਆਲਾਂ ਦਾ ਨਤੀਜਾ ਹੈ, ਜਿਹੜੇ ਖਿਆਲ ਸਾਨੂੰ ਚੰਗੇ ਲੱਗਣ ਤੇ ਸਾਡੇ ਅੰਦਰ ਘੜੀ-ਮੁੜੀ ਆਉਂਦੇ ਰਹਿਣ, ਉਹ ਸਾਡੇ ਨਿਸ਼ਚੇ ਬਣ ਜਾਂਦੇ ਹਨ, ਸਾਡੀ ਦੁਨੀਆਂ ਜਾਂ ਸਾਡੇ ਜੀਵਨ ਦੀ ਹੈ, ਜੇਹੇ ਸਾਡੇ ਨਿਸ਼ਚੇ ਤੈਸੇ ਸਾਡੇ ਖਿਆਲ, ਜੈਸੇ ਖਿਆਲ ਤੈਸੇ ਕਰਮ, ਜੈਸਾ ਜੀਵਨ ਜਾਂ ਦੁਨੀਆਂ ਜਿਹੜਾ ਖਿਆਲ ਘੜੀ-ਮੁੜੀ ਆਵੇ, ਧਾਰਮਿਕ ਬੋਲੀ ਵਿਚ ਸਾਨੂੰ ਉਸ ਖਿਆਲ ਦਾ ਸੇਵਨ ਜਾਂ ਸਿਮਰਨ ਕਰਨ ਵਾਲਾ ਆਖਦੇ ਹਨ,

ਜੇਕਰ ਸਾਨੂੰ ਉਕਤ ਵੀਚਾਰ ਦੀ ਸਮਝ ਆ ਜਾਵੇ ਤਾਂ ਸਾਨੂੰ ਗੁਰਬਾਣੀ ਦਾ ਇਹ ਮਹਾਂਵਾਕ ਝਟ ਸਮਝ ਆ ਜਾਵੇਗਾ ਤੇ ਪਤਾ ਲੱਗੇਗਾ ਕਿ ਇਹ ਕਿਤਨਾ ਸੱਚਾ ਤੇ ਵਿਗਿਆਨਕ ਹੈ :

ਜੈਸਾ ਸੇਵੈ ਤੈਸਾ ਹੋਇ ॥ (ਅੰਗ ੨੨੩)

ਜਿਨ ਨਿਰਭਉ ਨਾਮੁ ਧਿਆਇਆ ॥
ਤਿਨ ਕਉ ਭਉ ਕੋਈ ਨਾਹਿ ॥ (ਅੰਗ ੩੧੦)

ਨਿਰਭਉ ਜਪੈ ਸਗਲ ਭਉ ਮਿਟੈ ॥ (ਅੰਗ ੨੯੩)

ਨਿਰਮਲ ਤੇ ਸਭ ਨਿਰਮਲ ਹੋਵੈ ॥ (ਅੰਗ ੧੨੧)

ਵਾਹਿਗੁਰੂ ਜੀ ਨੂੰ ਗੁਰਬਾਣੀ ਵਿਚ ਗੁਣਾਂ ਦੀ ਖਾਨ ਸਿਫਤਾਂ ਭੰਡਾਰ ਸੁਖਾਂ ਦਾ ਸਾਗਰ ਸਰਬ ਸ਼ਕਤੀਮਾਨ ਦਿਆਲੂ ਕ੍ਰਿਪਾਲੂ ਸਾਡੇ ਗੁਣ ਅਉਗੁਣ ਨੂੰ ਨਾ ਵਿਚਾਰਨ ਵਾਲਾ ਸਾਨੂੰ ਸਭ ਤੋਂ ਵੱਧ ਪ੍ਰੇਮ ਕਰਨ ਵਾਲਾ ਪਿਤਾ ਮਾਤਾ ਦੱਸਿਆ ਹੈ। ਜਿਹੜਾ ਐਸੇ ਸੱਚੇ-ਸੁੱਚੇ ਵਾਹਿਗੁਰੂ ਜੀ ਦਾ ਆਪਣੇ ਮਨ ਵਿਚ ਧਿਆਨ ਧਰੇਗਾ, ਸਿਮਰਨ ਕਰੇਗਾ, ਉਸ ਵਿਚ ਪਹਿਲਾਂ ਵਾਹਿਗੁਰੂ ਜੀ ਦੀਆਂ ਸਿਫਤਾਂ ਫਿਰ ਹੌਲੀ-ਹੌਲੀ ਜੀਵਨ ਸੁਖਾਂ ਨਾਲ ਭਰਪੂਰ ਹੋ ਜਾਵੇਗਾ, ਅੰਤ ਵਿਚ ਉਹ ਵਾਹਿਗੁਰੂ ਜੀ ਦਾ ਰੂਪ ਬਣ ਕੇ ਵਾਹਿਗੁਰੂ ਜੀ ਨਾਲ ਇਕਮਿਕ ਅਤੇ ਅਭੇਦ ਹੋ ਜਾਵੇਗਾ। ਭਾਈ ਗੁਰਦਾਸ ਜੀ ਕਬਿੱਤ ਅੰਦਰ ਦੱਸ ਰਹੇ ਹਨ :

ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ,
ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ॥
ਸੂੰਘਤ ਸੂੰਘਤ ਸੌਧਾ ਜੈਸੇ ਤਉ ਸੁਬਾਸੀ ਹੋਤ,
ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ॥
ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,
ਚਾਖਤ ਚਾਖਤ ਜੈ ਭੋਗੀ ਰਸ ਭੀਨ ਹੈ॥
ਚਲਤ ਚਲਤ ਜੈਸੇ ਪਹੁੰਚੈ ਠਿਕਾਨੈ ਜਾਇ,

ਖੋਜਤ ਖੋਜਤ ਗੁਰ ਸਬਦੁ ਲਿਵ ਲੀਨ ਹੈ ॥੫੮੮॥

ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ, ਜੇਕਰ ਅਸੀਂ ਬਹਾਦਰੀ ਦੀਆਂ ਕਿਤਾਬਾਂ ਪੜ੍ਹੀਏ ਤਾਂ ਬਹਾਦਰ ਹੋ ਜਾਂਦੇ ਹਾਂ, ਚੰਗਿਆਂ ਪਾਸ ਬੈਠਿਆ ਚੰਗਾ ਬਣ ਜਾਈਦਾ ਹੈ, ਕਵੀਆਂ ਲਿਖਾਰੀਆਂ ਦੀ ਸੰਗਤ ਨਾਲ ਮਹਾਨ ਕਵੀ ਲਿਖਾਈ ਬਣ ਜਾਈਦਾ ਹੈ। ਜੇਕਰ ਸੰਤਾਂ, ਮਹਾਂਪੁਰਖਾਂ ਦੀ ਸੰਗਤ ਕਰੀਏ ਤਾਂ ਭਗਤ ਬਣ ਸਕਦੇ ਹਾਂ, ਇਹ ਸੰਗਤ ਕਾਨੂੰਨ ਹੈ ਜੈਸੀ ਸੰਗਤ ਕਰੀਏ, ਵੈਸੇ ਹੀ ਬਣ ਜਾਈਦਾ ਹੈ, ਇਸੇ ਲਈ ਗੁਰਬਾਣੀ ਦੇ ਵਚਨ:-

ਸੰਤਸੰਗਿ ਮਿਲਿ ਸਾਗਰੁ ਤਰੀਐ ॥ *(ਅੰਗ ੧੦੮੦)*

ਸੰਗਤ ਦੇ ਅਸੂਲ ਅਨੁਸਾਰ ਵਾਹਿਗੁਰੂ ਜੀ ਦਾ ਨਾਮ ਜਿਸ ਭਾਵਨੀ ਨੂੰ ਲੈ ਕੇ ਜਪੀਏ ਤਾਂ ਉਹ ਭਾਵਨੀ ਪੂਰੀ ਹੋ ਜਾਂਦੀ ਹੈ, ਧਿਆਨ ਨਾਲ ਇਨ੍ਹਾਂ ਤੁਕਾਂ ਨੂੰ ਪੜ੍ਹੀਏ ਸੁਣੀਏ :

ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ॥
(ਅੰਗ ੧੮੬)

ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥ (੨੦੫)

ਗੁਰਬਾਣੀ ਵਿਚ ਦੱਸ ਰਹੇ ਹਨ, ਉਹ ਪਹੁੰਚ ਤੋਂ ਪਰ੍ਹੇ ਪਰਮਾਤਮਾ ਹੈ। ਗੁਰੂ ਅਰਜਨ ਦੇਵ ਜੀ ਦੱਸ ਰਹੇ ਹਨ, ਕਿ ਪਰਮਾਤਮਾ ਜੀਵ ਦੀ ਪਹੁੰਚ ਤੋ ਪਰ੍ਹੇ ਹੈ, ਪਰ ਬੇਅੰਤ ਵਾਹਿਗੁਰੂ ਜੀ ਦਾ ਸਾਡੇ ਮਨ ਵਿਚ ਇਕ ਕੇਂਦਰ ਹੈ :

ਅਗਮ ਰੂਪ ਕਾ ਮਨ ਮਹਿ ਥਾਨਾ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥ (੧੮੬)

ਹੌਲੀ-ਹੌਲੀ ਉਸਨੂੰ ਆਪਣਾ ਤੇ ਵਾਹਿਗੁਰੂ ਜੀ ਦੇ ਅਸਲ ਰਿਸ਼ਤੇ ਦਾ ਗਿਆਨ ਹੁੰਦਾ ਹੈ, ਨਾਮ ਜਪਣ ਨਾਲ ਇਕ ਤਾਂ ਫਿਟਕਾਰੇ ਨਹੀਂ ਜਾਂਦੇ ਗੁਰਬਾਣੀ ਵਲੋਂ- ਫਿਰ ਨਾਮ ਕਮਾਈ ਸਤਸੰਗਤਿ ਸਦਕਾ ਆਪਣੀਆਂ ਮਾੜੀਆਂ ਮਨ-ਤਰੰਗਾ ਬੰਦ ਕਰਨ ਦੇ ਯੋਗ ਹੁੰਦੇ ਹਨ, ਹੌਲੀ-ਹੌਲੀ ਆਪਣੀਆਂ ਸ਼ੁਭ ਤੇ ਚੰਗੀਆਂ ਮਨ-ਤਰੰਗਾਂ ਬੰਦ ਕਰ ਸਕਦੇ ਹਨ, ਅਤੇ ਅਫੁਰ ਅਵਸਥਾ ਦਾ ਅਨੰਦ ਮਾਣ ਸਕਦੇ ਹਾਂ, ਫਿਰ ਇਕ ਦਿਨ ਆਪਣੇ ਆਪ ਨੂੰ ਪਛਾਣਨ ਲੱਗ ਪੈਂਦੇ ਹਾਂ, ਆਪਣੇ ਆਪ ਨੂੰ ਪਛਾਨਣ ਤੋਂ ਬਾਅਦ ਸਾਡੇ ਸੋਚਣ ਦਾ ਤਰੀਕਾ ਹੋਰ ਹੋ ਜਾਂਦਾ ਹੈ, ਸਾਡੇ ਨਿਸ਼ਚੇ ਹੋਰ ਹੋ ਜਾਂਦੇ ਹਨ, ਸਾਡੀ ਦੁਨੀਆਂ ਹੀ ਹੋਰ ਜਾਂਦੀ ਹੈ :

ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥ *(ਅੰਗ ੧੮੬)*

ਨਾਮ ਜਪਣ ਤੋ ਬਗੈਰ ਸਾਡੇ ਲਈ ਹੱਸਦਿਆਂ ਖੇਡਦਿਆਂ ਮੁਕਤ ਹੋ ਸਕਦਾ

ਅਸੰਭਵ ਹੈ ।

ਬਿਨਾਂ ਨਾਮ ਜਪਣ ਤੋਂ ਸਾਡੇ ਪਿਉ ਦਾਦੇ ਦਾ ਖਜ਼ਾਨਾ ਗੁਪਤ ਰਹੇਗਾ, ਨਾਮ ਜਪਣ ਤੋ ਬਗੈਰ ਸਾਡੀ ਮਾਇਆ ਦੇ ਸੁਪਨੇ ਤੋਂ ਕਦੇ ਅੱਖ ਨਹੀਂ ਖੁਲ੍ਹੇਗੀ, ਸਿੱਖ ਲਈ ਜਾਗਣ ਲਈ, ਸਾਹ ਲੈਣ ਲਈ ਜਿੰਨੀ ਹਵਾ ਜ਼ਰੂਰੀ ਹੈ ਉਸ ਤੋਂ ਵਧ ਜ਼ਰੂਰੀ ਅਮਲ ਤੇ ਸਦੀਵੀ ਜੀਵਨ ਜੀ ਸਕਣ ਲਈ ਨਾਮ ਜਪਣਾ ਜ਼ਰੂਰੀ ਹੈ, ਨਹੀਂ ਤਾਂ :

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ *(ਅੰਗ ੭੯੦)*

ਸਾਨੂੰ ਸਮਝਦਾਰੀ ਨਾਲ ਢਲ ਕੇ ਗੁਰਮਤਿ ਸੋਝੀ ਨੂੰ ਅਪਨਾਉਣ ਲਈ ਗੁਰਬਾਣੀ ਨੇ ਇਹ ਪ੍ਰੇਰਨਾ ਕੀਤੀ ਹੈ ਅਤੇ ਨਾਲ ਹੀ ਕਿਸ ਤਰੀਕੇ ਨਾਲ ਮਨੁੱਖੀ ਉਨਤੀ ਦੇ ਰਹੱਸ ਨੂੰ ਬਿਆਨ ਕੀਤਾ ਹੋਇਆ ਹੈ, ਜਿਸਮ ਦੇ ਇਕ-ਇਕ ਅੰਗ ਨੂੰ ਅਕਾਲ ਮਹਿਮਾ ਤੋਂ ਜਾਣੂ ਹੀ ਨਹੀਂ ਕਰਵਾਇਆ ਬਲਕਿ ਉਸ ਨੂੰ ਉਸ ਦਾ ਕਿਰਿਆਤਮਕ ਰੂਪ ਅਖਤਿਆਰ ਕਰਵਾਉਣ ਦਾ ਸਫਲ ਰਸਤਾ ਵੀ ਬਿਆਨਿਆ ਹੈ। ਉਪਰੋਕਤ ਵੀਚਾਰ ਨੂੰ ਜਾਣਨ ਲਈ ਗੁਰਬਾਣੀ ਅੰਦਰ ਕਈ ਇਕ ਪ੍ਰਮਾਣ ਉਪਲਬਦ ਹਨ। ਪੈਰਾਂ ਨੂੰ ਸੰਬੋਧਨ, ਹੱਥਾਂ ਦਾ ਨਿਯਮ, ਨੇਤਰਾਂ ਦਾ ਦ੍ਰਿਸ਼ਟੀਕੋਣ, ਅੱਖਾਂ ਦੀ ਆਪਣੀ ਵਿਸ਼ੇਸ਼ਤਾ, ਕੰਨਾਂ ਦਾ ਡੂੰਘਾ ਰਹੱਸ ! ਦਰਅਸਲ ਸੁਣਨ ਦਾ ਰੂਹਾਨੀਅਤ ਨਾਲ ਗਹਿਰਾ ਮੇਲ ਹੈ । ਜਿਸ ਨੂੰ ਸੁਣਨ ਦੀ ਸਮਝ ਪੈ ਗਈ ਬਾਕੀ ਇੰਦਰੇ ਆਪਣੇ ਆਪ ਹੀ ਧਾਰਮਿਕਤਾ ਨੂੰ ਸਮਰਪਿਤ ਹੋ ਜਾਣਗੇ, ਪਹਿਲਾਂ ਸਮਝ ਲੈਣਾ ਕਿ ਸੁਣਨਾ ਕੀ ਹੈ, ਸ਼ਹਿਨਸ਼ਾਹ ਦਾ ਫੁਰਮਾਣ :

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ *(ਅੰਗ ੯੨੨)*

ਤੁਹਾਨੂੰ ਸੱਚ ਗ੍ਰਹਿਣ ਕਰਨ ਲਈ ਮਨੁੱਖੀ ਜਿਸਮ ਅੰਦਰ ਟਿਕਾਇਆ ਸੀ, ਨਾਕਿ ਹੋਰ ਅਸ਼ਲੀਲਤਾ ਵੱਲ ਪ੍ਰੇਰਣ ਲਈ। ਪ੍ਰੰਤੂ ਕਈ ਵਾਰ ਅਸੀਂ ਸਭ ਸੁਣਦੇ ਬੁਝਦੇ ਸਮਝਦੇ ਹੋਏ ਵੀ ਉਲਝਣ ਵਿਚ ਪੈ ਗਏ। ਕਾਰਨ ਮਨ ਸੁਣ ਨਹੀਂ ਸਕਿਆ ਮਨ ਨੂੰ ਸੁਣਾਇਆ ਕਿਵੇ ਜਾਵੇ ।

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥.....

ਕਿਵੇਂ ਉਹ ਸਾਹੁ ਪਤੀ ਦੀ ਪ੍ਰਾਪਤੀ ਹੈ :

ਲੋਇਣ ਸੁਰਤਿ ਕਰਇ ॥

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥ *(ਅੰਗ ੧੩੯)*

ਸੁਰਤ ਇਕ ਗੁਰ ਮਹਿਮਾ ਹੀ ਸੁਣੇ, ਸੁਰਤ ਅੰਦਰ ਹੋਰ ਕੁਝ ਆਵੇ ਹੀ ਨਾ। ਸੁਰਤ ਇਕ ਗੁਰ ਉਸਤਤ ਹੀ ਸ੍ਰਵਣ ਕਰੇ। ਕਹਿਣ ਦਾ ਤਾਤਪਰਜ ਕਿ ਕੰਨਾਂ ਨੂੰ ਅਜਿਹੀ ਪਾਕ ਪਵਿੱਤਰ ਕਲਾਮ ਦੇ ਸੁਣਨ ਵਾਲੇ ਬਣਾ ਲੈਣਾ ਜਿਸ ਤਹਿਤ ਸਭ ਇੰਦ੍ਰੇ ਆਪੋ ਆਪਣੀ ਦਿਸ਼ਾ ਨੂੰ ਪਛਾਣ ਲੈਣ। ਵੈਦਿਕ ਕਾਲ ਦੌਰਾਨ

ਅਜਿਹੀ ਸਮੱਸਿਆ ਉਨ੍ਹਾਂ ਮਹਾਂਰਿਸ਼ੀਆਂ ਸਾਮਣੇ ਖੜੀ ਸੀ, ਉਨ੍ਹਾਂ ਸਾਨੂੰ ਭਗਵਾਨ ਅੱਗੇ ਪ੍ਰਾਰਥਨਾ ਦਾ ਨਿਯਮ ਦਰਸਾਉਂਦਿਆਂ ਇਨ੍ਹਾਂ ਇੰਦ੍ਰਿਆਂ ਦੀ ਸਕਾਰਮਿਕਤਾ ਪ੍ਰਭੂ ਅੱਗੇ ਪੇਸ਼ ਕਰ ਦਿਤੀ। ਇਕ-ਇਕ ਇੰਦ੍ਰੇ ਦੀ ਸਲਾਮਤੀ ਲਈ ਬੇਨਤੀ ਵੇਦ ਸੂਤਕ ਉਚਾਰਣ ਤੋਂ ਪਹਿਲਾਂ ਓਮ ਸ਼ਬਦ ਦਾ ਪ੍ਰਯੋਗ ਭੀ ਸਿਧਾਂਤਿਕ ਹੈ। ਕਿਸ ਤਰ੍ਹਾਂ ਇਕ-ਇਕ ਇੰਦ੍ਰੇ ਨੂੰ ਸੰਬੋਧਨ ਕੀਤਾ :

ओं वाकू वाकू ।
औ प्राण: प्राण: ।
औ चक्षु: चक्षु: ।
औ श्रांत्रं श्रांत्रम ।
औ भुव: पुनातु नेत्रयो: ।

ਜਦੋਂ ਹੋਮ ਯੱਗ ਅਤੇ ਸੰਧਿਆ ਉਪਾਸਨ ਅੰਦਰ ਟਿਕਣਾ ਹੋਵੇ ਇਨ੍ਹਾਂ ਦੀ ਉਚਤਾ ਹੀ ਕਰਨੀ। ਅਜਿਹੀ ਹਿਦਾਇਤ ਕੀਤੀ ਹੈ। ਵੈਦਿਕ ਰਿਸ਼ੀਆਂ ਦੇ ਸਭ ਸਾਧਨਾਂ ਦੀ ਸੋਭਾ ਅੰਦਰ ਗੁਰਮਤਿ ਸਾਧ ਸੰਗਤਿ ਅੰਕਿਤ ਕੀਤੀ ਹੈ। ਇਸ ਲਈ ਸਭ ਕਰਮ ਔਰ ਗਿਆਨ ਇੰਦ੍ਰੇ ਤਾਂ ਪਵਿੱਤਰ ਹੋਣਗੇ ਹੀ। ਕਬੀਰ ਜੀ ਤਾਂ ਹੋਰ ਅੱਗੇ ਚਲੇ ਗਏ :

"ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮ ॥" *(ਅੰਗ ੧੩੭੦)*

ਸਰੀਰ ਅਰ ਇੰਦ੍ਰਿਆਂ ਦੀ ਗੱਲ ਤਾਂ ਕੀ, ਉਹ ਪਿੰਡ, ਉਹ ਥਾਂ, ਧਰਤੀ ਅੰਦਰ, ਉਸ ਨਾਮ ਰਸੀਏ ਸਤਿਸੰਗੀਆਂ ਦੀ ਖੁਸ਼ਬੋ ਟਿਕ ਜਾਵੇਗੀ।

ਪਹਿਲਾ ਮਰਣੁ ਕਬੂਲਿ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ (ਅੰਗ ੧੧੦੨)

ਪੰਚਮ ਪਿਤਾ ਧੰਨ ਗੁਰੂ ਅਰਜਨ ਦੇਵ ਮਹਾਰਾਜ਼ ਜੀ ਦਾ ਬਚਨ ਜੇ ਕਿਸੇ ਨੇ ਰੱਬੀ ਮਿਲਾਪ ਦਾ ਆਨੰਦ ਲੈਣਾ ਹੈ ਭਾਵ ਪੱਕਾ ਗੁਰਸਿੱਖ ਭਗਤੀ ਸੇਵਾ ਸਿਮਰਨ ਦਾ ਭਾਗੀ ਬਣਨਾ ਹੈ ਪਹਿਲਾਂ ਮੌਤ ਦਾ ਗਿਆਨ ਭਾਵ ਮਰਨ ਲਈ ਹਰ ਵੇਲੇ ਤਿਆਰ ਹੋਵੇ, ਕਿਉਂਕਿ ਮਰਨਾ ਸੱਚ ਹੈ। ਇਹ ਕਿਸੇ ਵੀ ਪਲ, ਜਗ੍ਹਾ ਕੋਈ ਵੀ ਸੁਆਸ ਤੇਰੀ ਜ਼ਿੰਦਗੀ ਦਾ ਅਖਰੀਲਾ ਸੁਆਸ ਬਣ ਸਕਦਾ ਹੈ ਜੋ ਹਰ ਵੇਲੇ ਇਹ ਕਹਿੰਦਾ ਹੋਵੇ :

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ (ਅੰਗ ੬੬੦)

ਇਸ ਤੇ ਅਮਲ ਕਰਕੇ ਜੋ ਜੀਅ ਰਿਹਾ ਹੈ ਉਹ ਆਪਣੇ ਜੀਵਨ 'ਚ ਸਭ ਕੁਛ ਹੀ ਪਰਾਪਤ ਕਰ ਲਵੇਗਾ, ਜੋ ਲੋਕ ਮੌਤ ਨੂੰ ਭੁਲਾ ਕੇ ਧਰਤੀ ਤੇ ਭਾਰ ਬਣੀ ਤੁਰੇ ਫਿਰਦੇ ਹਨ, ਉਸ ਜੀਵਨ 'ਚ ਕਦੇ ਆਨੰਦ, ਖੇੜਾ, ਸੇਵਾ, ਸਿਮਰਣ, ਦਇਆ ਧਰਮਾਂ ਵਾਲੀ ਗੱਲ ਨਹੀਂ ਹੋ ਸਕਦੀ।

ਇਸ ਲਈ ਸਤਿਗੁਰਾਂ ਨੇ ਪਹਿਲੀ ਸ਼ਰਤ ਹੀ ਇਹ ਰੱਖੀ ਹੈ, ਕਿਉਂਕਿ ਸੋਚ ਮਨੁੱਖ ਨੂੰ ਬਿਲਕੁਲ ਨਿਊਟਲ ਫਰੀ ਚਿੰਤਾ ਤੋਂ ਰਹਿਤ ਕਰ ਦਿੰਦੀ ਹੈ, ਜਿਸ ਸੋਚ ਵਿਚ ਮੌਤ ਦਾ ਡਰ ਜਿਥੇ ਮੌਤ ਦਾ ਡਰ ਹੈ ਉਥੇ ਪਰਮਾਤਮਾ ਦਾ ਭੈ ਹੈ, ਲੋਭ ਮੋਹ ਲਾਲਚ ਖਤਮ ਹੋ ਜਾਂਦਾ ਹੈ, ਕੋਈ ਵੀ ਆਪਣਾ ਨਹੀਂ ਲੱਗਦਾ, ਕੇਵਲ ਪਰਮਾਤਮਾ ਦੇ ਅੱਗੇ ਹੀ ਐਸੇ ਵਕਤ ਅਰਦਾਸਾਂ ਅਰਜ਼ੋਈਆਂ ਬੇਨਤੀਆਂ, ਕੁਦਰਤੀ ਹੋ ਰਹੀਆਂ ਹੁੰਦੀਆਂ ਹਨ, ਐਸਾ ਸਮਾਂ ਜਦੋਂ ਆਉਂਦਾ ਹੈ, ਮਨੁੱਖ ਤੇ ਫਿਰ ਪਰਮਾਤਮਾ ਦਾ ਨਾਮ ਪਾਠ ਪੂਜਾ, ਹਿਰਦਾ ਸ਼ੁੱਧ, ਕੋਈ ਬੁਰਿਆਈ ਮਨ 'ਚ ਆਉਂਦੀ ਹੀ ਨਹੀਂ, ਇਕ ਐਸਾ ਵਾਕਿਆ ਵੀ ਹੈ ਸਮਝਣ ਵਾਸਤੇ, ਕੋਈ ਪ੍ਰੇਮੀ ਬੜਾ ਹੀ ਨਿੱਤਨੇਮੀ ਸ਼ਰਧਾ ਸੇਵਾ ਵਾਲਾ ਸੀ, ਕੁਦਰਤੀ ਹੈ, ਜਦੋਂ ਕੋਈ ਇਸ ਮਾਰਗ ਤੇ ਸੱਚੇ ਦਿੱਲੋਂ ਤੁਰਦਾ ਹੈ, ਉਸ ਦਾ ਜੀਵਨ ਆਨੰਦਮਈ ਵਿਸ਼ੇ ਵਿਕਾਰ ਤੋਂ ਰਹਿਤ ਮਨ 'ਚ ਕੋਈ ਐਸਾ ਫੁਰਨਾ ਹੀ ਨਹੀਂ ਉਪਜਦਾ, ਜੈਸਾ ਜੀਵਨ ਵੈਸਾ ਹੀ ਸਮਾਜਿਕ ਤੋਂ ਸਤਿਕਾਰ ਮਿਲਦਾ ਹੈ, ਕਾਮ, ਕ੍ਰੋਧ, ਮੋਹ, ਅਹੰਕਾਰ, ਲੋਭ ਕਿਸੇ ਪ੍ਰਕਾਰ ਵੀ ਐਸੇ ਪ੍ਰਾਣੀ ਦਾ ਕੁਛ ਨਹੀ ਵਿਗਾੜ ਸਕਦੇ, ਕਿਉਂਕਿ ਉਹ ਸੱਚੇ ਦਿਲੋਂ ਅਕਾਲ ਪੁਰਖ ਵਾਹਿਗੁਰੂ

ਜੀ ਦੇ ਸਿਮਰਨ 'ਚ ਜੁੜਿਆ ਰਹਿੰਦਾ ਹੈ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ***(ਅੰਗ ੧੩੬)***

ਵਾਲੀ ਗੱਲ ਐਸੇ ਜੀਵਨ ਵਾਲੇ ਰਹਿਤ 'ਚ ਪ੍ਰਪੱਕ ਕੁਰਹਿਤਾਂ ਤੋਂ ਬਚਾਕੇ ਰੱਖਣਾ, ਸਾਰੇ ਐਸੇ ਜੀਵਨ ਦੀ ਉਪਮਾ ਕਰਦੇ ਹਨ, ਪਰ ਇਹ ਵਡਿਆਈ ਉਸ ਦੀ ਨਹੀ ਹੁੰਦੀ, ਜਿਸ ਵਾਹਿਗੁਰੂ ਜੀ ਦੇ ਚਰਨਾਂ ਨਾਲ ਜੁੜਿਆ ਹੈ ਉਸ ਦੀ ਵਡਿਆਈ ਹੈ ।

ਦੂਸਰੇ ਮਨੁੱਖ ਐਸੇ ਵੀ ਹੁੰਦੇ ਹਨ ਜੋ ਕਿਸੇ ਦੀ ਵਡਿਆਈ ਸਤਿਕਾਰ ਹੁੰਦਾ ਨਹੀ ਵੇਖ ਸਕਦੇ। ਇਕ ਨੌਜਵਾਨ ਐਸੇ ਪ੍ਰੇਮੀ ਦੇ ਨਾਲ ਇਸ ਕਰਕੇ ਰਹਿਣ ਲੱਗ ਪਿਆ ਕਿ ਸੇਵਾਦਾਰ ਬਣ ਕੇ ਮੈਂ ਇਸ ਦੀ ਕੋਈ ਨਾ ਕੋਈ ਗਲਤੀ ਲੱਭ ਕੇ ਇਸ ਦੀ ਭੰਡੀ ਕਰਾਂਗਾ ਜਦੋਂ ਕਰੀਬ ਇਕ ਸਾਲ ਤੋਂ ਵੱਧ ਸਮਾਂ ਹੋ ਗਿਆ, ਕੋਈ ਐਬ ਗਲਤੀ ਨਾ ਲੱਭੀ ਹੈਰਾਨ ਹੋ ਕੇ ਕਹਿਣ ਲੱਗਾ ਮੈਂ ਤਾਂ ਇਸ ਸੋਚ ਨੂੰ ਲੈ ਕੇ ਤੁਹਾਡੇ ਕੋਲ ਆਇਆ ਸੀ ਮੈਨੂੰ ਇਹ ਦੱਸੋ ਕਿ ਤੁਹਾਡੇ 'ਚ ਕੋਈ ਐਬ ਗਲਤੀ ਹੈ ਹੀ ਨਹੀਂ ਕਿ ਮੈਨੂੰ ਨਹੀਂ ਲੱਭੀ, ਐਸਾ ਜੀਵਨ ਬੜੀ ਮੁਸ਼ਕਲ ਨਾਲ ਬਣਦਾ ਹੈ, ਮੈ ਤਾਂ ਤੁਹਾਡੇ 'ਚ ਕੋਈ ਨਾ ਕੋਈ ਗਲਤੀ ਲੱਭਣ ਲਈ ਤੁਹਾਡੇ ਕੋਲ ਆਇਆ ਸੀ। ਹੁਣ ਇਹ ਦੱਸੋ ਕੋਈ ਐਸਾ ਕੰਮ ਤੁਸੀਂ ਕਰਦੇ ਹੀ ਨਹੀਂ ਕਿ ਮੈਨੂੰ ਨਹੀਂ ਲੱਭਾ.....? ਜੇ ਨਹੀਂ ਹੈ ਤਾਂ ਐਸਾ ਜੀਵਨ ਤੁਸੀਂ ਕਿਵੇਂ ਬਣਾਇਆ ਮੈਨੂੰ ਵੀ ਦੱਸੋ ?

ਬੱਸ ਫਿਰ ਕੀ ਗੱਲ ਸੀ, ਗੱਲ ਤਾਂ ਸਿਰਫ ਇਹ ਹੀ ਸੀ, ਮੈਨੂੰ ਮੌਤ ਹਰ ਵੇਲੇ ਯਾਦ ਹੈ ਤੇਰੀ ਜ਼ਿੰਦਗੀ ਦਾ ਵੀ ਕੋਈ ਭਰੋਸਾ ਨਹੀਂ, ਇਨ੍ਹਾਂ ਦਿਨਾਂ ਵਿਚ ਤੇਰੀ ਮੌਤ ਹੋ ਜਾਣੀ ਹੈ। ਮੌਤ ਦਾ ਨਾਂ ਸੁਣਦੇ ਹੀ ਕਿਸੇ ਨਾਲ ਮੋਹ ਨਹੀਂ, ਕਿਸੇ ਪਦਾਰਥ ਨੂੰ ਦੇਖਣ ਖਾਣ ਨੂੰ ਦਿਲ ਨਹੀ ਕਰਦਾ, ਮਾੜਾ ਕੰਮ ਕਰਨਾ ਤਾਂ ਇਕ ਪਾਸੇ, ਮਨ 'ਚ ਕੋਈ ਐਸਾ ਫੁਰਨਾ ਵੀ ਨਹੀਂ ਆ ਰਿਹਾ। ਜਦੋ ਦਿਨ ਟੱਪ ਗਏ ਜਿੰਨੇ ਦੱਸੇ ਸਨ ਕਹਿਣ ਲੱਗਾ ਮੌਤ ਤਾਂ ਆਈ ਨਹੀਂ, ਤੁਸੀ ਕਹਿੰਦੇ ਸੀ ਤੈਂ ਮਰ ਜਾਣਾ ਹੈ ਇੰਨ੍ਹੇ ਸਮੇਂ ਅੰਦਰ। ਮਹਾਂਪੁਰਸ਼ ਕਹਿਣ ਲੱਗੇ ਤੂੰ ਇਹ ਦੱਸ ਇਨ੍ਹਾਂ ਦਿਨਾਂ ਅੰਦਰ ਕੋਈ ਪਾਪ ਨਿੰਦਾ ਬੁਰਾ ਕਰਮ ਕਰਨ ਨੂੰ ਦਿਲ ਕੀਤਾ ? ਉਹ ਕਹਿਣ ਲੱਗਾ ਤੁਸੀ ਕਰਨ ਦੀ ਗੱਲ ਕਰਦੇ ਹੋ ਮੈਨੂੰ ਤਾਂ ਬਗੈਰ ਮੌਤ ਤੋਂ ਕੁਝ ਦਿੱਸਦਾ ਹੀ ਨਹੀ ਸੀ, ਬੁਰੇ ਖਿਆਲ ਕਿਥੇ ਆਉਣੇ ਸਨ ?

ਮਹਾਂਪੁਰਸ਼ ਕਹਿਣ ਲੱਗੇ-ਪ੍ਰੇਮੀਆ ਤੇਰੇ ਸਵਾਲ ਦਾ ਜਵਾਬ ਹੈ ਤੈਂ ਪੁਛਿਆ ਸੀ ਐਸਾ ਜੀਵਨ ਕਿਵੇਂ ਬਣਿਆ ਹੈ, ਬੁਰਾਈ ਲੱਭਣ ਦੇ ਬਾਵਜੂਦ ਵੀ ਨਹੀ ਲੱਭਦੀ, ਬੱਸ ਇਹ ਹੀ ਗੱਲ ਹੈ ਅਸੀ ਹਰ ਵੇਲੇ ਮੌਤ ਨੂੰ ਯਾਦ ਰੱਖ ਦਿਨ ਕੱਟਦੇ ਹਾਂ, ਇਸ ਕਰਕੇ ਮਾੜਾ ਫੁਰਨਾ ਸਾਡੇ ਮਨ 'ਚ ਫੁਰਦਾ ਹੀ ਨਹੀ। ਜਦੋਂ ਫੁਰਨਾ ਹੀ ਨਹੀਂ

ਤੇ ਐਸਾ ਕੰਮ ਕਰਨਾ ਕਿਵੇਂ ਹੈ ? ਵਿਸ਼ੇ ਵਿਕਾਰਾਂ ਤੋ ਬਚਣ ਦਾ ਇਕੋ ਇਕ ਤਰੀਕਾ ਮੌਤ ਨੂੰ ਯਾਦ, ਜਿਥੇ ਮੌਤ ਯਾਦ ਹੈ ਉਥੇ ਖ਼ੁਦਾ ਰੱਬ ਦੀ ਯਾਦ ਬਣ ਜਾਂਦੀ ਹੈ, ਉਹ ਫਿਰ ਗਾਉਂਦੇ ਫਿਰਦੇ ਹਨ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ (ਅੰਗ ੧੩੬੫)

ਜਿਸ ਮੌਤ ਤੋਂ ਦੁਨੀਆਂ ਡਰਦੀ ਹੈ ਉਸ ਮੌਤ ਨੂੰ ਇਕ ਖਿਡੌਣਾ ਸਮਝ, ਨਾਮ ਬਾਣੀ ਨਾਲ ਜੁੜੇ ਰਹਿੰਦੇ ਹਨ, ਜੋ ਮੌਤ ਇਕ ਦਿਨ ਆਉਣੀ ਹੀ ਹੈ ਇਸ ਤੋਂ ਡਰਨ ਦੀ ਕੀ ਲੋੜ ਹੈ :

ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥ (ਅੰਗ ੧੩੬੮)

ਐਸੇ ਹੀ ੨ ਪ੍ਰੇਮੀ ਪਿਉ ਪੁੱਤਰ ਸੰਮਨ ਤੇ ਮੂਸਨ ਦਾ ਨਾਮ ਇਤਿਹਾਸ ਅੰਦਰ ਆਉਂਦਾ ਹੈ। ਇਹ ਗਾਥਾ ਬਚਪਨ ਤੋਂ ਸਿਆਣਿਆਂ ਤੋਂ ਸੁਣਦੇ ਆ ਰਹੇ ਹਾਂ। ਭਾਵੇਂ ਸੰਸਾਰ ਵਿਚ ਸੇਵਾ ਅਤੇ ਪਰੇਮ ਦੀਆਂ ਅਨੇਕਾਂ ਸਾਖੀਆ ਹਨ, ਕਈ ਭਗਤਾਂ ਨੇ ਸੇਵਾ ਬਦਲੇ ਹਰ ਆਪਣੀ ਪਿਆਰੀ ਤੇ ਕੀਮਤੀ ਚੀਜ਼ ਵੇਚ ਦਿੱਤੀ। ਆਖਦੇ ਹਨ ਭਗਤ ਪੀਪੇ ਦੀ ਪਤਨੀ ਸੰਤਾਂ ਦੀ ਸੇਵਾ ਕਰਨ ਬਦਲੇ ਰਾਤ ਬਾਣੀਏ ਕੋਲ ਜਾਣ ਨੂੰ ਤਿਆਰ ਹੋਈ ਸੀ। ਭਗਤੀ ਦੀਆਂ ਸੈਂਕੜੇ ਸਾਖੀਆਂ ਹਨ, ਬਿਆਨ ਕਰਨ ਲੱਗਿਆਂ ਬਹੁਤ ਕਿਤਾਬਾਂ ਲਿਖ ਹੋ ਜਾਣਗੀਆਂ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਮਨ ਮੂਸਨ ਪਿਉ ਪੁੱਤਰ ਸਨ। ਲਾਹੌਰ ਵਿਚ ਰਹਿੰਦੇ ਮਿਹਨਤ ਮਜ਼ਦੂਰੀ ਕਰਕੇ ਸਮਾਂ ਪਾਸ ਕਰ ਰਹੇ ਸਨ। ਦੋਵੇਂ ਹੀ ਪਿਉ ਪੁੱਤਰ, ਗੁਰੂ ਨਾਨਕ ਦੇ ਘਰ ਨੂੰ ਮੰਨਣ ਵਾਲੇ ਸਨ, ਜਦੋਂ ਕਿਤੇ ਪਤਾ ਲੱਗਦਾ ਕਿ ਸਤਿਗੁਰੂ ਜੀ ਆਏ ਹਨ ਉਥੇ ਪਹੁੰਚ ਕੇ ਸਤਸੰਗਤਿ ਕਰਦੇ, ਗੁਰੂ ਜੀ ਦੇ ਚਰਨ ਪਰਸਦੇ। ਸਤਿਗੁਰੂ ਅਰਜਨ ਦੇਵ ਜੀ ਲਾਹੌਰ ਆਏ, ਸੰਗਤਾਂ ਦੂਰੋਂ ਨੇੜਿਉਂ ਦਰਸ਼ਨਾਂ ਵਾਸਤੇ ਜਾਦੀਆਂ, ਕਈ ਸੰਗਤਾਂ ਸਤਿਗੁਰਾਂ ਨੂੰ ਲੰਗਰ ਵਰਜਦੀਆਂ, ਹਰ ਰੋਜ਼ ਦੀਵਾਨ ਤੋਂ ਬਾਅਦ ਅਰਦਾਸੀਆ ਸੇਵਾਦਾਰਾਂ ਪ੍ਰੇਮੀਆਂ ਦੇ ਨਾਮ ਲੈਂਦਾ ਇਹ ਦੱਸਦਾ ਲਿਖਾਦਾ ਕਿ ਆਉਣ ਵਾਲੇ ਦਿਨਾਂ 'ਚ ਕਿਸ ਦੇ ਘਰ ਸਤਿਗੁਰੂ ਜੀ ਦਾ ਲੰਗਰ ਹੈ- ਹੁਣ ਇਹ ਸੁਣ ਕੇ ਪਿਉ ਪੁੱਤਰ ਦੇ ਮਨੁ 'ਚ ਚਾਅ ਆਵੇ ਸਤਿਗੁਰੂ ਗਰੀਬ-ਨਿਵਾਜ਼ ਸਾਡੇ ਘਰ 'ਚ ਵੀ ਚਰਨ ਪਾਉਣਗੇ। ਫਿਰ ਪੈਸਿਆਂ ਵਲ ਧਿਆਨ ਜਾਂਦਾ ਹੈ ਤਾਂ ਮਨ 'ਚ ਆਉਂਦੀ ਲੰਗਰ ਵਾਸਤੇ ਮਾਇਆ ਚਾਹੀਦੀ ਹੈ, ਜੋ ਕਮਾਉਂਦੇ ਹਾਂ ਉਹ ਤਾਂ ਰੋਜ਼ੀ ਹੀ ਮਸਾਂ ਚਲਦੀ ਹੈ, ਦੋਵੇਂ ਬੈਠੇ ਸੋਚ ਰਹੇ ਹਨ, ਮਨ 'ਚ ਚਾਅ ਬਹੁਤ ਹੈ। ਬਹੁਤ ਚਿਰ ਸੋਚਣ ਤੋਂ ਬਾਅਦ ਉਨ੍ਹਾਂ ਨੂੰ ਇਕ ਢੰਗ ਲੱਭਾ, ਉਨ੍ਹਾਂ ਦੇ ਗੁਆਢੀ ਜਗਤ ਰਾਮ ਹਲਵਾਈ ਸੀ, ਉਸ ਨੂੰ ਕਹਿ ਕੇ

ਉਧਾਰ ਮਾਇਆ ਰਸਦ ਲੈ ਲਵਾਂਗੇ ਹੌਲੀ-ਹੌਲੀ ਕਮਾ ਕੇ ਵਾਪਸ ਕਰ ਦੇਵਾਂਗੇ। ਹਲਵਾਈ ਨੂੰ ਦੂਸਰੇ ਦਿਨ ਪੁਛਿਆ ਉਸ ਨੇ ਹਾਂ ਕਰ ਦਿੱਤੀ। ਦੋਵੇਂ ਪਿਉ ਪੁੱਤਰ ਬਹੁਤ ਖੁਸ਼ ਹੋਏ, ਅੱਜ ਦੀਵਾਨ 'ਚ ਜਦੋਂ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕ ਕੇ ਕੁਝ ਸਤਿਗੁਰਾਂ ਦੇ ਨਜ਼ਦੀਕ ਬੈਠ ਗਏ ਬੜੇ ਖੁਸ਼, ਮਹਾਰਾਜ ਜਾਣੀਜਾਣ ਸਤਿਗੁਰ ਦੋਨੋਂ ਸੇਵਾਦਾਰ ਗੁਰਸਿੱਖਾਂ ਨੂੰ ਦੇਖ ਖੁਸ਼ ਹੋਏ। ਦੀਵਾਨ ਦੀ ਸਮਾਪਤੀ ਤੋਂ ਬਾਅਦ ਪ੍ਰਸ਼ਾਦੇ ਵਾਸਤੇ ਬੇਨਤੀ ਕੀਤੀ, ਦਿਨ ਮਿਥਿਆ ਗਿਆ, ਅੰਤਰਜਾਮੀ ਸਭ ਜਾਣਦੇ ਸਨ, ਉਨ੍ਹਾਂ ਕਿਹਾ ਜਾਹ ਸਿਖਾ, ਤੇਰੀ ਸ਼ਰਧਾ ਪੂਰੀ ਹੋ ਜਾਵੇਗੀ, ਕਿਉਂਕਿ ਲੰਗਰ ਵਾਸਤੇ ਮੂਸਨ ਨੇ ਹੀ ਅੱਗੇ ਜਾ ਕੇ ਕੀਤੀ ਸੀ। ਇਹ ਸੁਣ ਕੇ ਪਿਓ ਪੁਤਰ ਖੁਸ਼ੀ-ਖੁਸ਼ੀ ਘਰ ਆ ਗਏ, ਜਗਤ ਰਾਮ ਨੂੰ ਆ ਕੇ ਦੱਸ ਦਿੱਤਾ, ਪਰ ਹੁਣ ਜਗਤ ਰਾਮ ਕੁਝ ਬਦਲਿਆ ਮਹਿਸੂਸ ਹੋਣ ਲੱਗਾ, ਜਿਸ ਜਿਸ ਤਰ੍ਹਾਂ ਲੰਗਰ ਦਾ ਦਿਨ ਨਜ਼ਦੀਕ ਆ ਰਿਹਾ ਸੀ ਪਿਉ ਬੜੇ ਖੁਸ਼ ਹੋ ਰਹੇ ਸਨ। ਸਲਾਹਾਂ ਕਰਦੇ ਲੰਗਰ 'ਚ ਆਹ ਚੀਜ਼ ਵੀ, ਆਹ ਚੀਜ਼ ਵੀ ਬਣਾਉਣੀ, ਚੱਟਣੀ ਵੀ ਬਣਾਉਣੀ। ਉਹ ਦਿਨ ਕਿਤਨਾ ਭਾਗਾਂ ਵਾਲਾ ਹੋਵੇਗਾ ਜਦੋ ਸਤਿਗੁਰੂ ਜੀ ਸੰਗਤਾਂ ਸਮੇਤ ਸਾਡੇ ਘਰ ਚਰਨ ਪਾਉਣਗੇ, ਕਥਾ ਕੀਰਤਨ ਹੋਵੇਗਾ, ਪਾਵਨ ਬਚਨ ਸਤਿਗੁਰਾਂ ਦੇ ਘਰ ਬੈਠ ਕੇ ਸੁਣਾਂਗੇ। ਪਰ ਸੰਸਾਰ ਵਿਚ ਗੁਰੂ ਨਿੰਦਕਾਂ ਦਾ ਵੀ ਘਾਟਾ ਨਹੀਂ, ਇਹ ਸ਼ੈਤਾਨੀ ਬਲ ਵਾਲੇ ਭਗਤਾਂ ਦੇ ਨਾਲ ਹੀ ਸੰਸਾਰ ਵਿਚ ਤੁਰੇ ਆਉਂਦੇ ਹਨ। ਜਗਤ ਰਾਮ ਤੇ ਸੰਮਨ ਮੂਸਨ ਦਾ ਗੁਵਾਂਢੀ ਇਕ ਸੇਠ ਸੀ ਜੋ ਮਨ ਦਾ ਭੈੜਾ ਸੀ, ਕੰਜੂਸ ਵੀ ਰੱਜ ਕੇ ਸੀ, ਉਸ ਨੂੰ ਜਦੋ ਪਤਾ ਲੱਗਾ ਕਿ ਗੁਰੂ ਦੇ ਸਿੱਖ ਸਤਿਗੁਰਾਂ ਨੂੰ ਪਰਸ਼ਾਦਾ ਛਕਾ ਰਹੇ ਹਨ, ੫੦੦ ਮੋਹਰ ਹਲਵਾਈ ਤੋਂ ਵਿਆਜੂ ਲੈਣ ਦੀ ਗੱਲ ਹੋ ਗਈ ਹੈ, ਇਕ ਤਾਂ ਇਹ ਸੋਚ ਜੇ ਗੁਰੂ ਸੰਗਤ ਗਰੀਬ ਸਿੱਖ ਦੇ ਘਰ ਪਰਸ਼ਾਦਾ ਛੱਕ ਗਈ ਪਿੰਡ 'ਚ ਇਸ ਦਾ ਸਤਿਕਾਰ ਵੱਧ ਜਾਣਾ ਹੈ, ਤੇ ਮਨ 'ਚ ਈਰਖਾ ਰੱਖ ਕੇ ਜਾ ਪਹੁੰਚਿਆਂ ਸੇਠ ਜਗਤ ਰਾਮ ਹਲਵਾਈ ਕੋਲ।

ਵੈਸੇ ਤਾਂ ਗੁਰਬਾਣੀ ਦੀ ਕੁੰਜੀ ਬਾਣੀ ਜੀਵ ਨੂੰ ਸੁਚੇਤ ਕਰਦੀ ਹੈ ਕਿ ਐਸੀਆ ਦਾਤਾਂ ਨਾ ਮੰਗੀਏ, ਜਾਂ ਐਸੀ ਦਾਤ ਨਾ ਮੰਗੀਏ ਜੋ ਕਿਸੇ ਦਾਤੇ ਕੋਲੋਂ ਲੈ ਕੇ ਵਾਰ-ਵਾਰ ਮੰਗਣੀ ਪਵੇ, ਐਸੇ ਸ਼ਾਹੂਕਾਰ ਮਾਇਆਧਾਰੀ ਤੇ ਭਰੋਸਾ ਵੀ ਨਾ ਕਰੀਏ ਜੋ ਮੌਕੇ ਤੇ ਧੋਖਾ ਦੇ ਦੇਵੇ, ਜਾਂ ਮੁਕਰ ਜਾਵੇ, ਐਸੇ ਦੰਭੀ ਪਾਖੰਡੀ ਦੇਹਧਾਰੀ ਨੂੰ ਗੁਰੂ ਸਾਹਿਬ ਸਮਝ ਕੇ ਪੂਜਾ ਨਾ ਕਰੀਏ, ਜੋ ਅੰਤਰਜਾਮੀ ਗੁਰੂ ਕਹਾ ਕੇ ਪੂਜਾ ਕਰਾ ਕੇ ਜਮਾਂ ਦੀ ਮਾਰ ਤੋਂ ਸਿੱਖ ਆਪਣੇ ਨੂੰ ਛੁਡਾਉਣ ਦੀ ਹਿੰਮਤ ਨਾ ਰੱਖਦਾ ਹੋਵੇ, ਐਸੇ ਤੀਰਥ ਦ੍ਰਿਸ਼ਮਾਨਤਾ ਯਾਤਰਾ ਦਾ ਵੀ ਕੋਈ ਫਾਇਦਾ ਨਹੀ ਹੁੰਦਾ ਜੋ ਇਸ਼ਨਾਨ ਯਾਤਰਾ ਕਰਕੇ ਮਨ ਦੀ ਮੈਲ ਨਾ ਉਤਰੇ, ਸੱਚੇ ਸਤਿਗੁਰਾਂ ਦੇ ਚਰਨੀਂ

ਲੱਗ ਕੇ ਨਾਮ ਦੀ ਕਮਾਈ ਕਰੀਏ ਜਿਨ੍ਹਾ ਦੇ ਚਰਨਾਂ ਸਦਕਾ ਸੁਖ ਸਾਗਰ ਪਰਮਾਤਮਾ ਦਾ ਮਿਲਾਪ ਹੋ ਜਾਵੇ ।

ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ ।
ਹੋਛਾ ਸਾਹੁ ਨ ਕੀਚਈ, ਫਿਰਿ ਪਛੋਤਾਈਐ ।
ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ ।
ਸਾਹਿਬੁ ਓਹੁ ਨਾ ਸੇਵੀਐ ਜਮ ਡੰਡੁ ਸਹਾਈਐ ।
ਦੁਰਮਤਿ ਮੈਲ ਨਾ ਉਤਰੈ, ਕਿਉ ਤੀਰਥਿ ਨਾਈਐ ।
ਪੀਰ ਮੁਰੀਦਾਂ ਪਿਰਹੜੀ, ਸੁਖੁ ਸਹਜ ਸਮਾਈਐ ॥੧੫॥

(ਭਾਈ ਗੁਰਦਾਸ, ਵਾਰ ੨੭/੧੫)

ਨਿੰਦਕ ਜਗਤੇ ਨੂੰ ਕਹਿੰਦਾ ਇਹ ਕੀ ਲੋਹੜਾ ਮਾਰ ਰਿਹਾ ਹੈਂ, ਉਹ ਸਿੱਖ ਜਿਹੜੇ ਜਨਮਾਂ-ਜਨਮਾਤਰਾਂ ਦੇ ਭੁੱਖੇ ਕੰਗਾਲ ਰੱਜਵੀਂ ਰੋਟੀ ਨਹੀਂ ਖਾ ਸਕਦੇ, ਇਕ ਟਾਈਮ ਖਾ ਕੇ ਰਾਤ ਨੂੰ ਭੁੱਖੇ ਹੀ ਸੌਂ ਜਾਂਦੇ ਹਨ ਤੂੰ ਚਾਰ ਛਿੱਲੜ ਵਿਆਜ ਦੇ ਬਦਲੇ ਉਨ੍ਹਾਂ ਨੂੰ ਪੈਸੇ ਦੇ ਰਿਹਾ ਹੈਂ, ਕੋਈ ਅਕਲ ਤੋਂ ਕੰਮ ਲੈ, ਲਾਲਚ ਬਦਲੇ ਮੂਲ ਤੋਂ ਹੱਥ ਧੋ ਬੈਠੇਂਗਾ, ਇਨ੍ਹਾਂ ਗਰੀਬੜਿਆਂ ਕੋਲੋਂ ਤੈਨੂੰ ਕੀ ਮਿਲਣਾ, ਭਾਵ ਨਿੰਦਕ ਨੇ ਜਿਸ ਤੇ ਪੱਕਾ ਕਰ ਦਿੱਤਾ ਕਿ ਪੈਸੇ ਨਹੀਂ ਦੇਣੇ। ਉਸ ਨੇ ਵੀ ਸਿੱਖਿਆ ਵਿਚ ਆ ਕੇ ਐਨ ਟਾਈਮ ਤੇ ਸੰਮਨ ਮੂਸਨ ਨੂੰ ਕੋਰਾ ਜਵਾਬ ਸੁਣ ਕੇ ਜਿਥੇ ਖੁਸ਼ੀਆਂ ਸਨ ਸਤਿਗੁਰਾਂ ਦੇ ਆਉਣ ਦੀਆਂ ਉਥੇ ਖਾਮੋਸ਼ੀ ਛਾ ਗਈ, ਸੋਚਣ ਲੱਗੇ, ਦੋਨੋਂ ਪਿਉਂ ਪੁੱਤਰ ਘਬਰਾ ਗਏ, ਹੁਣ ਕੀ ਕਰੀਏ, ਗੁਰੂ ਜੀ ਤੇ ਸੰਗਤ ਵਲੋਂ ਝੂਠੇ ਹੋਣ ਨਾਲੋਂ ਤਾਂ ਮਰਨਾ ਚੰਗਾ ਹੈ।

ਮੂਸਨ ਨੇ ਸੰਮਨ ਨੂੰ ਆਖਿਆ ਪਿਤਾ ਜੀ, ਆਪਣਾ ਗਵਾਂਢੀ ਸ਼ਾਹੂਕਾਰ ਜਿਸਨੇ ਜਵਾਬ ਦਿੱਤਾ ਹੈ, ਵਾਅਦਾ ਕਰਕੇ ਮੁਕਰ ਗਿਆ ਹੈ, ਇਸ ਦੀ ਦੁਕਾਨ ਵਿਚੋਂ ਸੰਨ੍ਹ ਲਾ ਕੇ ਰੁਪਏ ਕੱਢ ਲਈਏ ਇਹ ਪਾਪ ਨਹੀਂ, ਤੇ ਨਾ ਚੋਰੀ ਹੈ, ਕਿਉਂਕਿ ਆਪਾਂ ਲਾਲਚ ਕਰਕੇ ਕਰਨੀ ਨਹੀਂ, ਗੁਰੂ ਜੀ ਤੇ ਸਾਧਸੰਗਤ ਨੂੰ ਛਕਾ ਦੇਣਾ ਹੈ। ਸੰਮਨ ਦੀ ਭਾਵੇਂ ਸਲਾਹ ਨਹੀਂ ਸੀ, ਫਿਰ ਭੀ ਉਸਨੂੰ ਪੁੱਤਰ ਦੇ ਆਖੇ ਲਗਣਾ ਪਿਆ ਕਿਉਂਕਿ ਹੋਰ ਕੋਈ ਰਸਤਾ ਵੀ ਨਹੀਂ ਸੀ ਰਹਿ ਗਿਆ, ਅਗਲੇ ਦਿਨ ਪ੍ਰਸ਼ਾਦਿ ਛਕਾਉਣਾ ਸੀ ।

ਰਾਤ ਹੋ ਗਈ, ਸਾਰਾ ਸ਼ਹਿਰ ਸੌਂ ਗਿਆ, ਪਰ ਸੰਮਨ ਤੇ ਮੂਸਨ ਨੂੰ ਰਾਤ ਨੀਂਦ ਕਿਥੇ ਸੀ, ਉਹ ਚਿੰਤਾਤਰ ਸਨ । ਰਾਤ ਦੇ ਦਸ ਵਜੇ ਦਾ ਵੇਲਾ ਹੋਵੇਗਾ ਕਿ ਦੋਵੇਂ ਪਾੜ ਪਾਣ ਵਾਸਤੇ ਘਰੋਂ ਨਿਕਲੇ, ਹਥਿਆਰ ਲਿਆ ਜੋ ਕੋਲ ਸੀ, ਸ਼ਾਹੂਕਾਰ ਦੇ ਕੋਠੇ ਚੜ੍ਹ ਗਏ, ਛੱਤ ਉੱਤੇ ਪੁਰਾਣੇ ਸਮਿਆਂ 'ਚ ਮਘੋਰਾ (ਮੁੱਘ)

ਹੁੰਦਾ ਸੀ ਜੋ ਦਾਣੇ ਕੋਠੇ ਤੇ ਸੁਕਾਉਣ 'ਤੇ ਲਾਹੁਣ ਦਾ ਕੰਮ ਕਰਦਾ ਸੀ, ਰੌਸ਼ਨੀ ਵੀ ਆਉਂਦੀ ਸੀ ਉਸ ਰਾਹੀਂ। ਇਥੋਂ ਮੂਸਨ ਹੇਠਾਂ ਉਤਰ ਗਿਆ, ਜਗਤੇ ਦੀ ਦੁਕਾਨ 'ਚੋਂ ੫੦੦ ਰੁ: ਕੱਢਿਆ। ਉਹ ਉਪਰ ਸੰਮਨ ਨੂੰ ਫੜਾ ਦਿੱਤਾ, ਖੜਾਕਾ ਹੋਇਆ ਪਰ ਸ਼ਾਹੂਕਾਰ ਨਾ ਉਠਿਆ ਡਰ ਦਾ ਮਾਰਾ ਜਾਂ ਕਹਿੰਦਾ ਹੋਵੇਗਾ ਕੋਈ ਬਿੱਲੀ ਜਾਂ ਜਾਨਵਰ ਹੋਵੇਗਾ, ਇਹ ਨਹੀਂ ਸੀ ਪਤਾ ਕਿ ਜਿਨ੍ਹਾਂ ਨੂੰ ਜਵਾਬ ਦਿੱਤਾ ਹੈ ਉਹ ਹੀ ਗੁਰੂ ਦੇ ਸਿੱਖ ਆ ਗਏ ਹਨ, ਉਹ ਉਸਲਵੱਟੇ ਲਹਿੰਦਾ ਫਿਰ ਸੌਂ ਗਿਆ। ਜਦੋ ਮੁੜ ਮਘੋਰੇ ਰਾਹੀਂ ਵਾਪਸ ਆਉਣ ਲੱਗਾ, ਉਤਰ ਤਾਂ ਸੌਖਾ ਗਿਆ, ਹੁਣ ਚੜ੍ਹਨਾ ਔਖਾ, ਦੋਨੋਂ ਪਿਉ ਪੁੱਤਰ ਡਰ ਵੀ ਰਹੇ ਹਨ, ਕਿਤੇ ਕਿਸੇ ਨੇ ਦੇਖ ਲਿਆ ਸਾਨੂੰ ਤਾਂ ਜੋ ਕਹਿਣਾ ਹੋ ਕਹਿਣਗੇ ਹੀ, ਨਾਲ ਗੁਰੂ ਅਰਜਨ ਦੇਵ ਜੀ ਮਹਾਰਾਜ਼ ਨੂੰ ਵੀ ਕਹਿਣਗੇ, ਇਸ ਦੇ ਸਿੱਖ ਰਾਤ ਨੂੰ ਡਾਕੇ ਚੋਰੀ ਕਰਦੇ ਹਨ, ਦਿਨੇ ਪ੍ਰਸ਼ਾਦਿ ਲੰਗਰ ਛਕਾਉਂਦੇ ਹਨ, ਮਨੋਮਨੀ ਅਰਦਾਸ ਵੀ ਗੁਰੂ ਦੇ ਚਰਨਾਂ 'ਚ ਕਰੀ ਜਾਂਦੇ ਹਨ, ਹੁਣ ਮੂਸਨ ਤੋਂ ਚੜ੍ਹਿਆ ਨਹੀ ਜਾਂਦਾ, ਸਿਰ ਉਪਰ ਆ ਗਿਆ, ਧੜ ਥੱਲੇ ਹੀ ਹੈ, ਕੁਝ ਸਮੇਂ ਘੁਲਦੇ-ਘੁਲਦੇ ਖ਼ੂਨ ਰੁਕਣ ਨਾਲ ਥੱਲੇ ਦਾ ਸਰੀਰ ਫੁਲ ਗਿਆ। ਫਸਿਆ ਹੋਣ ਕਰਕੇ ਪਿਉ ਪੁੱਤਰਾਂ ਨੂੰ ਘੁਲਦਿਆਂ ਤੜਕਾ ਹੋ ਗਿਆ, ਮੋਰ, ਪੰਛੀ, ਕੁੱਕੜ ਬਾਂਗਾਂ ਦੇਣ ਲੱਗ ਪਏ। ਬਹੁਤ ਘਬਰਾਏ ਹੋਏ ਮੂਸਨ ਨੇ ਪਿਤਾ ਨੂੰ ਸਲਾਹ ਦਿੱਤੀ ਪਿਤਾ ਜੀ ਹੁਣ ਇਕੋ ਇਕ ਰਸਤਾ ਹੈ, ਮੇਰਾ ਸਿਰ ਵੱਢ ਲਉ ਕਮ-ਸੇ-ਕਮ ਬਦਨਾਮੀ ਤਾਂ ਨਹੀ ਹੋਵੇਗੀ, ਨਾਲ ਗੁਰੂ ਜੀ ਨੂੰ ਵੀ ਮਾੜਾ ਚੰਗਾ ਕਹਿਣਗੇ, ਇਸ ਵਾਸਤੇ ਮਰਨਾ ਤਾਂ ਇਕ ਦਿਨ ਹੈ ਹੀ ਹੈ, ਇਸ ਵਾਸਤੇ ਮਰਨਾ ਚੰਗਾ ਹੈ, ਦੇਰੀ ਨਾ ਲਾਉ, ਪਿਤਾ ਜੀ ਸੋਚੋ ਨਾ, ਇਹ ਸਰੀਰਕ ਸੰਬੰਧ ਰਿਸ਼ਤੇ ਸਦਾ ਨਹੀਂ ਰਹਿੰਦੇ, ਇਕ ਦਿਨ ਤਾਂ ਵਿਛੋੜਾ ਪੈਣਾ ਹੀ ਹੈ, ਨਾ ਇਕੱਠੇ ਆਏ ਹਾਂ ਨਾ ਇਕੱਠਿਆਂ ਜਾਣਾ ਹੈ, ਸੋਚਣ ਦਾ ਸਮਾਂ ਨਹੀਂ ਮੋਹ ਨੂੰ ਛੱਡੋ, ਅੱਖਾਂ ਮੀਟ ਤਲਵਾਰ ਚਲਾਉ, ਸਿਰ ਲੈ ਜਾਉ ਕੱਲੇ ਲੰਗਰ ਛਕਾ ਦੇਣਾ ਪ੍ਰੇਮ ਨਾਲ, ਸਾਰੀਆਂ ਵਸਤਾਂ ਬਣਾ ਲੈਣੀਆਂ, ਪਿਤਾ ਜੀ ਚੱਟਣੀ ਦਾ ਖਿਆਲ ਰੱਖਣਾ ਸਤਿਗੁਰੂ ਜੀ ਅਤੇ ਗੁਰਸਿੱਖ ਜੋ ਸਤਿਗੁਰਾਂ ਦੇ ਨਾਲ ਆਉਂਦੇ ਹਨ, ਬੜੇ ਚਾਅ ਨਾਲ ਚੱਟਣੀ ਛੱਕਦੇ, ਇਸ ਤਰ੍ਹਾਂ ਹੀ ਰੱਬ ਨੂੰ ਮਨਜ਼ੂਰ ਹੈ ਹੁਣ ਦੇਰੀ ਨਾ ਲਾਉ।

ਸੰਮਨ ਨੇ ਸਲਾਹ ਤਾਂ ਸੁਣ ਲਈ ਪਰ ਸੰਸਾਰ ਵਿਚ ਇਕਲੌਤੇ ਪੁੱਤਰ ਦਾ ਸਿਰ ਕੌਣ ਕੱਟੇ ? ਇਹ ਕਰਮ ਤਾਂ ਵਲੀ ਔਲੀਏ ਨਹੀਂ ਕਰ ਸਕਦੇ, ਇਹ ਤਾਂ ਗਰੀਬ ਸਿੱਖ ਦਾ ਦਿਲ ਹੈ, ਪਰ ਵਾਹ ਗੁਰੂ ਅਤੇ ਵਾਹ ਗੁਰੂ ਦੇ ਸਿੱਖ, ਗੁਰੂ ਅਤੇ ਸਾਧ-ਸੰਗਤ ਨੂੰ ਪ੍ਰਸੰਨ ਕਰਨ ਵਾਸਤੇ, ਭੋਜਨ ਛਕਾਣ ਵਾਸਤੇ ਜੀਵਨ ਦੀ ਬਾਜ਼ੀ ਲਾ ਦਿੱਤੀ, ਬਾਪ ਨੇ ਰੱਖ ਕੇ ਦਿਲ ਤੇ ਹੱਥ ਦੂਜੇ ਹੱਥ ਨਾਲ ਤਲਵਾਰ ਮਾਰ ਮੂਸਨ

ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ, ਧੜ ਥੱਲੇ ਡਿਗ ਪਿਆ, ਸਿਰ ਸੰਮਨ ਦੇ ਹੱਥ ਵਿਚ ਹੈ। ਜਿਗਰਾ ਕਰ ਜਲਦੀ ਜਲਦੀ ਘਰ ਪਹੁੰਚਿਆ, ਦੁਕਾਨ ਤੇ ਧੜ ਡਿਗਣ ਨਾਲ ਖੜਾਕ ਹੋਇਆ, ਸ਼ਾਹੂਕਾਰ ਉਠ ਖੋਲਤਾ, ਦੇਖ ਕੇ ਹੈਰਾਨ ਲਹੂ ਨਾਲ ਦੁਕਾਨ ਭਰੀ, ਅਣਪਛਾਤੀ ਲਾਸ਼ ਸਿਰ ਤੋਂ ਬਗੈਰ ਦੇਖ ਕੇ ਹੈਰਾਨ ਹੋਇਆ। ਹੁਣ ਸੁਝਦਾ ਕੁਛ ਨਹੀਂ, ਕੀ ਕਰਾਂ ਪੁਲਿਸ ਵਾਲਿਆਂ ਮੈਨੂੰ ਕਤਲ ਕੇਸ 'ਚ ਬੰਦ ਕਰ ਦੇਣਾ ਹੈ, ਨੱਠਾ-ਨੱਠਾ ਸੰਮਨ ਦੇ ਘਰ ਗਿਆ; ਜਗਤੇ ਦੀ ਆਵਾਜ਼ ਸੁਣ ਡਰਿਆ ਕਿ ਕੋਈ ਨਿਸ਼ਾਨੀ ਰਹਿ ਗਈ ਹੋਣੀ ਹੈ। ਬੱਸ ਜਿਸ ਗੱਲ ਤੋਂ ਡਰਦੇ ਸੀ ਉਹ ਹੋ ਗਈ। ਡਰਦੇ ਕੰਬਦੇ ਦਿਲ ਤੇ ਦਰਵਾਜ਼ਾ ਖੋਲ੍ਹਿਆ, ਜਗਤਾ ਹੱਥ ਬੰਨ੍ਹੀ ਖੜਾ। ਸੰਮਨਾ ਮੈ ਬੜਾ ਮਾੜਾ ਕੀਤਾ ਜੋ ਤੁਹਾਨੂੰ ਟਾਈਮ ਤੇ ਜਵਾਬ ਦਿੱਤਾ, ਮੇਰੀ ਦੁਕਾਨ ਤੇ ਚੋਰੀ ਹੋ ਗਈ, ਨਾਲੇ ਤਾਂ ਪੈਸੇ ਲੈ ਗਏ ਨਾਲੇ ਲਾਸ਼ ਸਿਰ ਤੋਂ ਬਗੈਰ ਸੁਟ ਗਏ। ਹੁਣ ਤੁਹਾਡੇ ਬਗੈਰ ਇਹ ਕੰਮ ਕੋਈ ਕਰਨ ਵਾਲਾ ਨਹੀਂ, ਨਾਲੇ ਆਹ ਲਉ ੫੦੦ ਰੁਪਇਆ ਮੈਂ ਵਾਪਸ ਵੀ ਨਹੀਂ ਲੈਣਾ ਵਿਆਜ਼ ਵੀ ਨਹੀਂ ਲੈਣਾ, ਬੱਸ ਮੈਨੂੰ ਬਚਾ ਦਿਉ ਲਾਸ਼ ਚੁਕ ਲਿਆਉ ਸੰਮਨ ਮਨੋਮਨੀ ਸਤਿਗੁਰਾਂ ਦਾ ਧੰਨਵਾਦ ਕਰਦਾ ਹੈ, ਨਾਲੇ ਪੁੱਤ ਦੀ ਲਾਸ਼ ਲੈਣ ਤੁਰ ਪਿਆ। ਜਿਹੜਾ ੫੦੦ ਰੁ: ਰਾਤ ਲੈ ਆਂਦਾ ਸੀ ਉਹ ਬਹਾਨੇ ਨਾਲ ਮੋੜ ਦਿੱਤਾ, ਕਿਹਾ ਆਹ ਤਾਂ ੫੦੦ ਰੁ: ਦੀ ਥੈਲੀ ਇਧਰ ਪਈ, ਤੂੰ ਕਹਿੰਦਾ ਕੋਈ ਚੋਰੀ ਕਰ ਗਿਆ। ਜੋ ਹੱਥੀਂ ਲਾਲੇ ਨੇ ਦਿੱਤਾ ਉਹ ਲੈ ਲਿਆ; ਚੋਰੀ ਰਾਤ ਵਾਲਾ ਵਾਪਸ ਕਰ ਦਿੱਤਾ। ਲੋਥ ਚੁੱਕੀ ਘਰ ਆ ਕੇ ਪਿਛਲੇ ਅੰਦਰ ਸਿਰ ਨਾਲ ਜੋੜ ਕੇ ਚਿੱਟਾ ਕਪੜਾ ਪਾ ਦਿੱਤਾ, ਲੰਗਰ ਦੀ ਤਿਆਰੀ ਕਰਨ ਲੱਗਾ ਕਿ ਜਦੋਂ ਸਤਿਗੁਰੂ ਜੀ ਚਲੇ ਜਾਣਗੇ ਪਰਸ਼ਾਦ ਛੱਕ ਕੇ ਫਿਰ ਕੋਈ ਤਰੀਕਾ ਵਰਤ ਕੇ ਸੰਸਕਾਰ ਕਰ ਦੇਵਾਂਗਾ।

ਇਹ ਸੋਚ ਕੇ ਤਿਆਰੀ ਕਰਕੇ ਸਤਿਗੁਰਾਂ ਨੂੰ ਲੈਣ ਗਿਆ। ਮਹਾਰਾਜ ਕਹਿੰਦੇ ਸੰਮਨਾ ਰੋਜ਼ ਦੀਵਾਨਾਂ 'ਚ ਦੋਨੋ ਆਉਂਦੇ ਰਹੇ, ਜਿਸ ਦਿਨ ਲੰਗਰ ਲਿਖਾਇਆ ਉਦੋਂ ਵੀ ਤੂੰ ਪੁੱਤਰ ਦੇ ਨਾਲ ਹੀ ਸੀ, ਅੱਜ ਸਾਨੂੰ ਲੈਣ ਇਕੱਲਾ ਆਇਆ। ਮਹਾਰਾਜ ਆਪ ਘਰ ਪਵਿੱਤਰ ਕਰੋ। ਜਦੋਂ ਮਹਾਰਾਜ਼ ਜੀ ਨੇ ਵਾਰ ਵਾਰ ਪੁਛਿਆ ਕਹਿੰਦਾ ਮਹਾਰਾਜ ਲੰਗਰ ਦੀ ਤਿਆਰੀ ਲੱਗਾ ਹੋਇਆ ਹੈ। ਹੁਣ ਅੱਗੇ ਚੋਬਦਾਰ ਪਿਛੇ ਸੰਖ ਘੰਟੀ ਘੜਿਆਲ, ਪਿਛੇ ਰਾਗੀ, ਸ਼ਬਦ ਕੀਰਤਨ, ਢੋਲਕੀ ਵਾਜੇ, ਨਰਸਿੰਗੇ ਵੱਜਦੇ ਜਾਂਦੇ ਸੰਗਤਾਂ ਸਮੇਤ ਮੂਸਨ ਦੇ ਘਰ ਪਹੁੰਚੇ, ਉਥੇ ਜਾ ਕੇ ਵੀ ਸ਼ਬਦ ਕੀਰਤਨ ਕਥਾ, ਸਤਿਗੁਰਾਂ ਪਾਵਨ ਬਚਨ ਸੁਣਾਏ, ਸੰਗਤਾਂ ਵੀ ਦੇਖ ਰਹੀਆਂ ਮੂਸਨ ਨਹੀਂ ਦਿੱਸ ਰਿਹਾ। ਸਤਿਗੁਰੂ ਜੀ ਤਾਂ ਜਾਣੀਜਾਣ ਸਨ, ਸ਼ਬਦ ਚੌਕੀ ਦਾ ਭੋਗ ਪਿਆ, ਲੰਗਰ ਲਈ ਹੱਥ ਧੁਆਉਣੇ ਸ਼ੁਰੂ ਹੋ ਗਏ, ਪੰਗਤਾਂ ਲੱਗ ਗਈਆਂ, ਇਕੱਲਾ ਸੰਮਨ

ਹੱਥ ਧੁਆ ਰਿਹਾ ਸੀ। ਮਹਾਰਾਜ ਜੀ ਨੇ ਕਿਹਾ ਸੰਮਨਾ ਮੂਸਨ ਦਿੱਸਿਆ ਹੀ ਨਹੀਂ, ਤੂੰ ਕਹਿੰਦਾ ਸੀ ਲੰਗਰ ਤਿਆਰ ਕਰਦਾ ਹੈ, ਦੀਵਾਨ 'ਚ ਵੀ ਨਹੀ ਆਇਆ, ਉਹ ਤਾਂ ਦੀਵਾਨ 'ਚ ਬਹੁਤ ਪਿਆਰ ਨਾਲ ਸ਼ਬਦ ਕੀਰਤਨ ਕਥਾ ਸੁਣਦਾ ਹੁੰਦਾ ਸੀ, ਅੱਜ ਘਰ ਉਸ ਦੇ ਅੰਮ੍ਰਿਤ ਵਰਸਿਆ ਉਹ ਦਿੱਸਿਆ ਨਹੀਂ ਕਿਥੇ ਗਿਆ, ਅਸੀਂ ਤਾਂ ਪਰਸ਼ਾਦਾ ਛਕਾਂਗੇ ਤਾਂ ਭਾਈ ਜੇ ਮੂਸਨ ਸਾਡੇ ਹੱਥ ਧੁਆਵੇਗਾ। ਸੰਮਨ ਸੋਚੀਂ ਪੈ ਗਿਆ ਹੁਣ ਕੀ ਹੋਵੇਗਾ ? ਦੱਬੀ ਹੋਈ ਆਵਾਜ਼ ਨਾਲ ਕਹਿੰਦਾ ਮਹਾਰਾਜ ਉਹ ਨਿਆਣਾ ਹੈ, ਹਾਣੀਆਂ ਨਾਲ ਖੇਡਣ ਗਿਆ ਮੁੜਿਆ ਨਹੀਂ, ਮਹਾਰਾਜ ਕਹਿੰਦੇ ਉਹ ਨਿਆਣਾ ਹੈ• ਜਿਸ ਦੇ ਮਨ 'ਚ ਇੰਨੀ ਸ਼ਰਧਾ ਭਾਵਨਾ ਗੁਰੂ ਨਾਨਕ ਦੇ ਘਰ ਨਾਲ, ਚਲੋ ਜੇ ਖੇਡਣ ਗਿਆ ਵੀ ਹੈ ਆਵਾਜ਼ ਮਾਰ। ਮਹਾਰਾਜ ਉਹ ਦੂਰ ਗਿਆ ਹੈ, ਨਾਲੇ ਹੀ ਭੁੱਬਾਂ ਮਾਰ ਚਰਨਾਂ 'ਚ ਡਿਗ ਪਿਆ, ਮਹਾਰਾਜ ਜਿਥੇ ਉਹ ਖੇਡ ਰਿਹਾ ਹੈ ਮੇਰੀ ਆਵਾਜ਼ ਉਥੇ ਨਹੀ ਪਹੁੰਚ ਸਕਦੀ, ਆਪ ਕ੍ਰਿਪਾ ਕਰੋ। ਸਾਰੀ ਸੰਗਤ ਇਹ ਕੌਤਕ ਦੇਖ ਹੈਰਾਨ ਹੋ ਰਹੀ ਹੈ ਕਿ ਕੀ ਖੇਡ ਹੈ, ਜਦੋਂ ਚਰਨੀਂ ਸੰਮਨ ਢਹਿ ਪਿਆ ਬੈਰਾਗ ਦੇ ਹੰਝੂਆਂ ਨਾਲ ਚਰਨ ਗੁਰੂ ਜੀ ਦੇ ਧੋ ਦਿੱਤੇ। ਮਹਾਰਾਜ ਨੇ ਸੰਮਨ ਨੂੰ ਕਿਹਾ ਭਾਈ ਮਾਰੀਏ ਆਵਾਜ਼ ਹਾਂ ਮਹਾਰਾਜ ਕ੍ਰਿਪਾ ਕਰੋ ਉਹ ਮਨ ਦੀਆਂ ਰੀਝਾਂ ਸੇਵਾ ਅਤੇ ਆਪ ਜੀ ਦੇ ਦਰਸ਼ਨ ਕਰਕੇ ਪੂਰੀਆਂ ਕਰ ਲਵੇਂ। ਮਹਾਰਾਜ ਜੀ ਨੇ ਮੁਬਰਕ ਰਸਨਾ ਤੋਂ ਆਵਾਜ਼ਾ ਮਾਰਿਆ, ਗੁਰਮੁਖ ਪਿਆਰਿਉ ਮੂਸਨ ਉਹ ਚੱਟਣੀ ਦਾ ਕਟੋਰਾ ਲੈ ਕੇ ਸਤਿਗੁਰਾਂ ਦੇ ਚਰਨਾਂ 'ਚ ਹਾਜ਼ਰ ਹੋਇਆ। ਸੰਮਨ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ, "ਸਤਿਗੁਰੁ ਮੇਰਾ ਮਾਰਿ ਜੀਵਾਲੈ"–ਬੜੀ ਸ਼ਰਧਾ ਤੁਕ ਨਾਲ ਧਿਆਨ ਦੇ ਕੇ ਕੋਟਨ ਕੋਟ ਸ਼ੁਕਰਾਨਾ ਮਹਾਰਾਜ ਜੀ ਦਾ ਕਰ ਰਿਹਾ।

ਹੁਣ ਜਿਸ ਤਰ੍ਹਾਂ ਮਨ 'ਚ ਚਾਅ ਸੀ ਸੇਵਾ ਦਾ ਉਸੇ ਤਰ੍ਹਾਂ ਪਿਉ ਪੁਤਰ ਨੇ ਰੱਜ ਕੇ ਸੇਵਾ ਕੀਤੀ, ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਪਰਸ਼ਾਦਾ ਛੱਕਣ ਪਿਛੋਂ ਗੁਰੂ ਜੀ ਨੇ ਸੰਮਨ ਦੀ ਸ਼ਰਧਾ, ਸਿਦਕ ਪਿਆਰ ਤੇ ਕੁਰਬਾਨੀ ਦੀ ਵਾਰਤਾ ਸਾਰੇ ਸਿੱਖਾਂ ਨੂੰ ਸੁਣਾਈ, ਸਾਰੀ ਸਿੱਖ ਸੰਗਤ, ਧੰਨ ਸਿੱਖ, ਧੰਨ ਸੰਮਨ ਮੂਸਨ ਆਖਣ ਲੱਗ ਪਈ। ਗੈਬੀ ਆਵਾਜ਼ਾਂ ਆਈਆਂ, "ਆਪੁ ਗਵਾਈਐ ਤਾ ਸਹੁ ਪਾਈਐ॥" ਗੁਰੂ ਜੀ ਨੇ ਫੁਰਮਾਇਆ–

ਸੰਮਨ ਜਉ ਇਸ ਪ੍ਰੇਮ ਕੀ ਦਮਕਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰਿ ਦੀਨੇ ਕਾਟ ॥ (ਅੰਗ ੧੩੬੩)

ਗੁਰਾਨਿਵਾਜਿਓ! ਗੁਰੂ ਤੇ ਸੰਗਤ ਨਾਲ ਪਿਆਰ ਹੋਵੇ ਤਾਂ ਐਸਾ ਹੋਵੇ। ਗੁਰੂ ਜੀ ਨੇ ਮਿਹਰ ਕੀਤੀ, ਗੁਰੂ ਨਿੰਦਕ ਸ਼ਾਹੂਕਾਰ ਕੰਗਾਲ ਹੋ ਗਿਆ ਤਾਂ ਸੰਮਨ ਮੂਸਨ ਪ੍ਰਤਾਪ ਵਾਲੇ ਹੋ ਗਏ, ਧਨ ਆਇਆ ਪਰ ਹੰਕਾਰ ਨਹੀ ਕੀਤਾ, ਸਾਧਸੰਗਤ ਅਤੇ

ਗੁਰੂ ਘਰ ਦੀ ਸੇਵਾ ਨਹੀਂ ਛੱਡੀ, ਅਤੇ ਪਿਉ ਪੁੱਤਰ ਪ੍ਰਲੋਕ ਗਏ ਮੁਕਤ ਹੋ ਗਏ।

ਗੁਰਬਾਣੀ ਅੰਦਰ ਅਸਥਾਨ ਪ੍ਰਾਪਤ ਹੋਇਆ, ਐਸੀ ਹੈ ਸਿੱਖੀ ਦੀ ਕਰਣੀ। ਜੋ ਸੰਗਤ ਕਰਨ ਨਾਲ ਉੱਚ ਅਵਸਥਾ ਨੂੰ ਪ੍ਰਾਪਤ ਹੋਈਦਾ ਹੈ।

ਸਿੱਖ ਧਰਮ ਵਿਚ ਸਾਧਸੰਗਤਿ ਦੀ ਵਿਲੱਖਣਤਾ

ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ॥
(ਅੰਗ ੧੦੬੮)

ਸਿੱਖ ਧਰਮ ਦੀ ਵਡਿਆਈ ਤੇ ਵਿਲੱਖਣਤਾ ਦੀ ਨੀਸ਼ਾਨੀ ਸਭ ਤੋਂ ਵੱਡੀ ਸਤਸੰਗਤਿ ਕਰ ਕੇ ਹੀ ਹੈ, ਕਿਉਂਕਿ ਸੰਗਤ ਵਿਚੋਂ ਜੋ ਮਨੁੱਖ ਨੂੰ ਸੇਧ ਮਿਲਦੀ ਹੈ ਜ਼ਿੰਦਗੀ ਵਿਚ, ਤੇ ਸਤਸੰਗਤਿ ਕਰ ਕੇ ਵੱਡੇ-ਵੱਡੇ ਪਾਪੀਆਂ ਕੁਕਰਮੀਆਂ ਨਿੰਦਕਾਂ ਚੋਰਾਂ ਡਾਕੂਆਂ ਵਿਸ਼ਿਆਂ ਵਿਕਾਰੀਆਂ ਦੇ ਜੀਵਨ ਬਦਲੇ ਦੇਖੇ ਜਾ ਸਕਦੇ ਹਨ, ਇਹ ਸਾਰੀ ਬਖਸ਼ਿਸ਼ ਗੁਰੂ ਦੇ ਚਰਨਾਂ 'ਚ ਕਥਾ ਬੀਚਾਰਾਂ ਗੁਰਮਤਿ ਸੁਣਨ ਕਰਕੇ ਹੀ ਸਤਿਗੁਰੂ ਜੀ ਨੇ ਕ੍ਰਿਪਾ ਕੀਤੀ ਹੈ ਭਾਵੇਂ ਸਤਸੰਗਤਿ ਸਾਰੇ ਧਰਮਾਂ ਵਾਲੇ ਕਰਦੇ ਹਨ ਕੋਈ ਧਰਮ ਹਫਤੇ ਬਾਅਦ ਕੋਈ ਮਹੀਨੇ ਬਾਅਦ ਕੋਈ ੬ ਮਹੀਨੇ ਸਾਲਾਨਾ ਸਾਲ ਬਾਅਦ ਕਿਤੇ ਕਿਤੇ ੬ ਸਾਲ ੧੨ ਸਾਲ ਬਾਅਦ ਵੀ ਕੁੰਭ ਦੇ ਰੂਪ 'ਚ ਇਕੱਠ ਹੁੰਦੇ ਹਨ, ਪਰ ਬਾਬਾ ਨਾਨਕ ਸਾਹਿਬ ਜੀ ਨੇ ਗੁਰਸਿੱਖ ਨੂੰ ੨ ਟਾਈਮ ਸੰਤਸੰਗੀ ਬਣਾਇਆ ਜੋ ਗੁਰਸਿੱਖ ਸਤਸੰਗਤਿ ਵਿਚੋਂ ਸਿਖਿਆ ਧਾਰਨ ਕਰਦਾ ਹੈ, ਉਹ ਉਸ ਦੇ ਜੀਵਨ ਦਾ ਅੰਗ ਬਣਨੀ ਜ਼ਰੂਰੀ ਹੈ :

ਫਿਰਿ ਚੜ੍ਹੈ ਦਿਵਸੁ ਗੁਰਬਾਣੀ ਗਾਵੈ
ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥ *(ਅੰਗ ੩੦੫)*

'ਸੋ ਗੁਰਸਿਖੁ ਗੁਰੂ ਮਨਿ ਭਾਵੈ' ਆਪਣੇ-ਆਪਣੇ ਧਰਮ 'ਚ ਹਰ ਇਕ ਨੇ ਯੋਗ ਜਗ੍ਹਾ ਸਤਸੰਗਤਿ ਨੂੰ ਦਿੱਤੀ ਹੈ, ਪਰ ਸਤਿਗੁਰੂ ਨਾਨਕ ਦੇਵ ਜੀ ਨੇ ਕਿਹਾ ਜੇ ਮਿਲਣਾ ਹੈ ਰੱਬ ਪਿਆਰੇ ਨੂੰ ਉਹ ਤੈਨੂੰ ਸਤਸੰਗਤਿ 'ਚ ਹੀ ਮਿਲੇਗਾ ਹੋਰ ਕਿਤੇ ਨਹੀ, ਨਾਰਦ ਮੁਨੀ ਨੂੰ ਸੰਬੋਧਨ ਕਰਕੇ ਭਾਈ ਗੁਰਦਾਸ ਲਿਖ ਰਹੇ ਹਨ:-

ਨਿਜ ਘਰ ਮੇਰੋ ਸਾਧ ਸੰਗਤਿ, ਨਾਰਦ ਮੁਨਿ,
ਦਰਸ਼ਨ ਸਾਧ ਸੰਗ ਮੇਰੋ ਨਿਜ ਰੂਪ ਹੈ ॥
ਸਾਧ ਸੰਗ ਮੇਰੋ ਮਾਤਾ ਪਿਤਾ ਅਉ ਕੁਟੰਬ ਸਖਾ,
ਸਾਧ ਸੰਗ ਮੇਰੋ ਸੁਤੁ ਸ੍ਰੇਸਟ ਅਨੂਪ ਹੈ ॥
ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ,
ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ ॥

ਸਾਧ ਸੰਗ ਰਸਿ ਭੋਗ ਸੁਖ ਸਹਜ ਮੈ,
ਸਾਧ ਸੰਗ ਸੋਭਾ ਅਤਿ ਉਪਮਾ ਅਉ ਉਪ ਹੈ ॥੩੦੩॥

ਭਾਵ ਜੋ ਕੁਛ ਹੈ ਸਭ ਸਾਧ ਸੰਗਤਿ ਹੀ ਹੈ, ਇਹ ਮਾਰਗ ਕੇਵਲ ਗੁਰੂ ਨਾਨਕ ਪਾਤਸ਼ਾਹ ਜੀ ਨੇ ਜੀਵ ਨੂੰ ਬ੍ਰਹਮ ਦੇ ਮਿਲਣ ਦਾ ਦੱਸਿਆ ਹੈ, ਬਾਕੀ ਸਿੱਖ ਧਰਮ ਬੜਾ ਹੀ ਸਿਧਾ ਸਾਦਾ ਅਮਲੀ ਤੌਰ ਤੇ ਪ੍ਰਭੂ ਪ੍ਰਾਪਤੀ ਦਾ ਧਾਰਮਿਕ ਰਸਤਾ ਹੈ, ਜਿਸ ਵਿਚ ਕਿਸੇ ਜ਼ੋਰ ਜ਼ਬਰਦਸਤੀ ਕਰਮ ਕਾਂਡ-ਪਾਖੰਡ-ਵਹਿਮ-ਭਰਮ ਵਿਚ ਪੈਣ ਦੀ ਲੋੜ ਨਹੀਂ ਗੁਰੂ ਸਾਹਿਬਾਨ ਨੇ ਕੇਵਲ ਇਲਾਹੀ ਭਾਈਚਾਰੇ ਦਾ ਉਪਦੇਸ਼ ਦਿੱਤਾ ਅਤੇ ਜਾਤ ਪਾਤ, ਅਮੀਰੀ, ਗਰੀਬੀ, ਵਰਗੇ ਦ੍ਵੈਤ-ਭਾਵ ਦਾ ਖੰਡਨ ਕੀਤਾ। ਪ੍ਰਭੂ ਪ੍ਰੇਮ ਨੂੰ ਹਿਰਦੇ 'ਚ ਵਸਾ ਕੇ, ਹਉਮੈ ਨੂੰ ਉਕਾ ਹੀ ਮਾਰ ਦੇਣ ਦੀ ਜੁਗਤੀ ਸਤਸੰਗਤਿ ਕਰਕੇ ਇਸ ਕਲਜੁਗ ਵਿਚ ਭਿਆਨਕ ਤ੍ਰਿਸ਼ਨਾ ਦੀ ਅਗਨ ਵਿਚ ਦੱਬੇ ਹੋਏ ਸਮੇਂ ਵਿਚ ਪ੍ਰਗਟ ਕੀਤੀ,

ਅੱਜ ਤੱਕ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰਾ ਦਾ ਮੁਖ ਸਾਧਨ ਗੁਰ ਉਪਦੇਸ਼ ਅਤੇ ਗੁਰਸਿਖਾਂ ਦਾ ਜੀਵਨ ਰਿਹਾ ਹੈ। ਧਰਮ ਪ੍ਰਚਾਰ ਲਈ ਕਦੇ ਜ਼ੋਰ ਨਾਲ ਜ਼ਬਰਦਸਤੀ ਧਰਮ ਪਰਿਵਰਤਨ ਹੋਇਆ ਨਾ ਕਦੇ ਕੀਤਾ ਜਾਂਦਾ ਹੈ, ਜੇ ਪਿਛੋਕੜ ਵੱਲ ਨਜ਼ਰ ਮਾਰੀਏ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਤੱਕ ਕਿਸੇ ਨੂੰ ਕੋਈ ਲਾਲਚ ਦੇ ਕੇ ਸਿੱਖ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਬਲਕਿ ਹਿੰਦੂ ਮੁਸਲਮਾਨ ਆਪਣੇ-ਆਪਣੇ ਧਰਮ ਨਿਭਾਉਂਦੇ ਹੋਏ ਗੁਰੂ ਸਾਹਿਬਾਨ ਦੇ ਉਪਦੇਸ਼ ਕਮਾ ਕੇ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਅਧਿਆਤਮਕ ਮਾਰਗ ਦੇ ਪਾਂਧੀ ਬਣੇ। ਕਿਸੇ ਵੀ ਧਰਮ ਦਾ ਵਿਅਕਤੀ ਇਮਾਨਦਾਰੀ ਨਾਲ ਇਸ ਰਸਤੇ ਚੱਲ ਕੇ ਪ੍ਰਭੂ ਦੇ ਦਰ ਤੇ ਪਹੁੰਚ ਸਕਦਾ ਹੈ ਕਿਉਂਕਿ ਗੁਰੂ ਦਾ ਹੈ ਪਰਮੇਸ਼ਰ ਦਾ ਘਰ ਹੈ ਪਰਮੇਸ਼ਰ ਦੇ ਘਰ ਦਰ ਗੁਰੂ ਤੋਂ ਬਗੈਰ ਨਹੀਂ ਪੁਜ ਸਕੀਦਾ ਹੈ, ਕਿਸੇ ਵੀ ਘਰ 'ਚ ਪਰਵੇਸ਼ ਕਰਨਾ ਹੋਵੇ ਦਰ ਤੋਂ ਲੰਘ ਕੇ ਹੀ ਘਰ ਆਈਦਾ ਹੈ ਇਸ ਕਰਕੇ ਗੁਰੂ ਦੇ ਚਰਨ ਸੰਗਤ ਇਹ ਰੱਬ ਦੇ ਘਰ ਪਹੁੰਚਣ ਦਾ ਦਰ ਹੈ ਘਰ ਵਿਚ ਦੁਰ ਤੋ ਹੀ ਪਹੁਚਿਆ ਜਾ ਸਕੀਦਾ ਹੈ ਕਿਉਂਕਿ ਮਨੁੱਖ ਕਰਮਾਂ ਕਰਕੇ ਹੀ ਵਿਛੜਿਆ ਹੈ ਕਰਮਾਂ ਕਰਕੇ ਹੀ ਅਲੱਗ ਹੋਵੇਗਾਂ, ਜੋ ਕਰਮ ਗੁਰੂ ਦੀ ਹਜ਼ੂਰੀ ਸਤਿਗੁਰਾਂ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਰਾਂਗੇ ਉਹ ਕਦੇ ਮਾੜਾ ਨਹੀਂ ਹੋ ਸਕਦਾ, ਜਦੋਂ ਮਾੜੇ ਕਰਮ ਬੰਦ ਹੋ ਗਏ ਚੰਗੇ ਕਰਮ ਕਰਨ ਲੱਗ ਪਏ ਫਿਰ ਇਕ ਦਿਨ ਮਿਲਾਪ ਜ਼ਰੂਰ ਹੋਵੇਗਾ ਪਰ ਯਾਦ ਰੱਖਣਾ

ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨ ਪਾਏ ਕੋਈ ॥ (ਅੰਗ ੧੦੬੮)

ਗੁਰੂ ਮਹਾਰਾਜ ਦਾ ਇਲਾਹੀ ਉਪਦੇਸ਼, ਏਨਾ ਪ੍ਰਭਾਵਸ਼ਾਲੀ ਹੁੰਦਾ ਸੀ ਕਿ ਵੱਡੇ-ਵੱਡੇ ਰਾਖਸ਼ ਜਾਦੂਗਰਨੀ ਨੂਰ ਸ਼ਾਹ, ਸੱਜਣ ਠੱਠ, ਭੂਮੀਆਂ ਚੋਰ, ਵਲੀ ਕੰਧਾਰੀ, ਮਲਕ ਭਾਗੋ, ਆਪਣਾ ਸੁਭਾਅ ਬਦਲ ਕੇ ਅਕਾਲ ਪੁਰਖ ਦੇ ਰਸਤੇ ਤੁਰ ਪੈਂਦੇ।

ਭਾਈ ਜੋਧ ਜੀ, ਜੋ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਨ, ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰਕੇ ਗੁਰਬਾਣੀ ਪੜ੍ਹ ਕੇ ਇਹਨਾਂ ਦੇ ਜੀਵਨ ਤੋਂ ਪ੍ਰੇਰਤ ਹੋ ਕੇ ਵੈਸ਼ਨਵ ਦੇਵੀ ਦੇ ਉਪਾਸ਼ਕ ਭਾਈ ਲਹਿਣਾ, ਗੁਰੂ ਚਰਨਾ 'ਚ ਆ ਕੇ ਅਜਿਹੀ ਅਵਸਥਾ ਪਾਈ ਕਿ ਗੁਰੂ ਨਾਨਕ ਜੀ ਦਾ ਰੂਪ ਹੀ ਹੋ ਗਏ। ਅਸਚਰਜ ਇਹ ਕਿ ਇਕ ਸਿੱਖ ਦੇ ਜੀਵਨ ਨੇ ਗੁਰੂ ਦੇ ਉਪਾਸ਼ਕ ਬਣਾ ਦਿੱਤਾ ਇਵੇਂ ਹੀ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਸਿੱਖੀ ਜੀਵਨ ਸੰਗਤ ਦੇ ਪ੍ਰਭਾਵ ਕਰ ਕੇ ਤੀਜੇ ਚੌਥੇ ਗੁਰੂ ਨਾਨਕ ਸਰੂਪ ਬਣੇ, ਗੁਰੂ ਅਰਜਨ ਦੀ ਸੰਗਤ 'ਚ ਆਉਣ ਕਰਕੇ ਗੁਰੂ ਚਰਨਾਂ ਦਾ ਸਦਕਾ, ਮੁਸਲਮਾਨਾਂ ਦੇ ਵੱਡੇ ਫਕੀਰ ਸਾਂਈ ਮੀਆਂ ਮੀਰ ਜੀ ਸਿੱਖ ਜੀਵਨ ਵੇਖ ਕੇ ਗੁਰੂ ਸਾਹਿਬ ਜੀ ਦੇ ਅਨਿੰਨ ਸ਼ਰਧਾਲੂ ਬਣੇ, ਇਸੇ ਪ੍ਰਕਾਰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਸਲਮਾਨ, ਯਤੀਮ ਪੈਂਦੇ ਖਾਂ ਨਾਂ ਦੇ ਬੱਚੇ ਨੂੰ ਪਾਲ ਕੇ ਆਪਣੀ ਫੌਜ ਦਾ ਬਹੁਤ ਵੱਡਾ ਜ਼ਰਨੈਲ ਬਣਾਇਆ, ਪਰ ਕਦੇ ਮੁਸਲਮਾਨ ਧਰਮ ਨੂੰ ਛੱਡਣ ਲਈ ਨਹੀਂ ਕਿਹਾ, ਗੁਰੂ ਸਾਹਿਬ ਜੀ ਨੇ ਜਦੋਂ ਸ੍ਰੀ ਹਰਗੋਬਿੰਦ ਪੁਰ ਵਸਾਇਆ, ਸਿੱਖਾਂ ਵਾਸਤੇ ਧਰਮਸਾਲ ਗੁਰਦੁਆਰਾ ਬਣਾਇਆ ਉਸੇ ਤਰ੍ਹਾਂ ਮੁਸਲਮਾਨਾਂ ਸ਼ਰਧਾਲੂਆਂ ਲਈ ਮਸਜਿਦ ਬਣਾਈ। ਇਸੇ ਪ੍ਰਕਾਰ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਜੀ ਨੇ ਅਧਿਆਤਮਕ ਉਪਦੇਸ਼ ਦਿੰਦੇ ਹੋਏ, ਹਿੰਦੂ ਮੁਸਲਮਾਨ ਸਿੱਖਾਂ ਲਈ ਮੁਫਤ ਹਸਪਤਾਲ ਚਲਾਇਆ, ਬਾਦਸ਼ਾਹ ਸ਼ਾਹ ਜਹਾਨ ਦੇ ਮਰਦੇ ਹੋਏ ਲੜਕੇ ਨੂੰ ਆਪਣੇ ਹਸਪਤਾਲ ਤੋਂ ਦੁਆਈ ਭੇਜ ਕੇ ਉਸ ਦੀ ਜਾਨ ਬਚਾਈ।

ਅੱਠਵੇਂ ਪਾਤਸ਼ਾਹ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਦਿਲੀ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਸੱਚ ਦੇ ਮਾਰਗ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ, ਅਤੇ ਚੇਚਕ ਵਰਗੀ ਭਿਆਨਕ ਬੀਮਾਰੀ ਤੋਂ ਹਿੰਦੂ ਮੁਸਲਮਾਨ ਸਿੱਖਾਂ ਨੂੰ ਬਚਾਇਆ, ਜੀਵਨ ਉਪਦੇਸ਼ ਨੂੰ ਦੇਖਦੇ ਹੋਏ ਸੁਤੇ-ਸਿਧ ਰਾਜਾ ਜੈ ਸਿੰਘ ਔਰੰਗਜ਼ੇਬ ਦੇ ਛੋਟੇ ਲੜਕੇ ਸਮੇਤ ਦਿਲੀ ਦੇ ਲੋਕ ਸਿਖੀ ਦਾ ਉਪਦੇਸ਼ ਕਮਾਉਣ ਲੱਗੇ, ਗੁਰੂ ਤੇਗ ਬਹਾਦਰ ਜੀ ਨੇ ਤਾਂ ਪਰਉਪਕਾਰ ਦੀ ਸਿਖਰ ਹੀ ਛੋਹ ਲਈ ਆਪ ਹਿੰਦੂ ਪੰਡਿਤਾਂ ਮੁਸਲਿਮ ਹਕੂਮਤ ਦੇ ਜ਼ੋਰ ਸਰੀਰ ਤੱਕ ਦੀ ਕੁਰਬਾਨੀ ਚਾਂਦਨੀ ਚੋਕ 'ਚ ਦਿੱਤੀ, ਜਿਸ ਕਰਕੇ:-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

(ਬਚਿਤ੍ਰ ਨਾਟਕ)

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥੧॥
ਹਰਿ ਬਿਸਰਿਐ ਦੁਖ ਰੋਗ ਘਨੇਰੇ ॥ (ਅੰਗ ੧੯੭)
ਤਥਾ- *ਦੂਖੁ ਰੋਗੁ ਸੋਗੁ, ਬਿਸਰੈ ਜਬ ਨਾਮੁ ॥ (ਅੰਗ ੧੮੬)*

ਸਤਿਗੁਰੂ ਦੀ ਪਵਿੱਤਰ ਬਾਣੀ ਬਿਲਕੁਲ ਸ਼ਪੱਸ਼ਟ ਕਰ ਰਹੀ ਹੈ ਕਿ ਉਥੇ ਹੀ ਬਿਪਤਾ ਦੁਖ ਚਿੰਤਾ ਤਕਲੀਫਾਂ ਹਨ ਜਿਸ ਕੋਲ ਪਰਮਾਤਮਾ ਦਾ ਸਿਮਰਨ ਧਿਆਨੁ ਸਤਸੰਗਤਿ ਨਹੀਂ ਹੈ ।

ਜਿਥੇ ਸਿਮਰਨ ਹਰੀ ਪ੍ਰਭੂ ਦੀ ਯਾਦ ਹੈ ਉਥੇ ਤਾਂ ਸਤਿਗੁਰੂ ਜੀ ਕਹਿੰਦੇ ਹਨ ਕਰੋੜਾਂ ਆਨੰਦ ਖੇੜ੍ਹੇ ਖੁਸ਼ੀਆਂ ਹੀ ਖੁਸ਼ੀਆਂ ਹਨ, ਪਰ ਜੇ ਜੀਵ ਨੇ ਐਸੇ ਸੁਖਾਂ ਦੇ ਦਾਤੇ ਨੂੰ ਯਾਦ ਹੀ ਨਹੀ ਕਰਨਾ, ਫਿਰ ਤਾਂ ਘਨੇਰੇ ਭਾਵ ਬਹੁਤ ਦੁਖ ਰੋਗਾਂ ਨੇ ਆਉਣਾ ਹੀ ਆਉਣਾ ਹੈ :

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ (ਅੰਗ ੧੨੪੭)
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਬਾਰਹ ਮਾਹ)
ਹਰਿ ਬਿਸਰਤ ਸਦਾ ਖੁਆਰੀ ॥ (ਅੰਗ ੭੧੧)

ਗੁਰਬਾਣੀ ਕਹਿੰਦੀ ਹੈ

ਪਰ ਇਹ ਦੋਖ ਉਦੋਂ ਹੀ ਜੀਵ ਨੂੰ ਚਿੰਬੜ ਜਾਂਦੇ ਹਨ ਜ਼ਦੋਂ ਪਰਮਾਤਮਾ ਨੂੰ ਇਹ ਭੁਲਦਾ ਹੈ ।

ਮਾਇਆ ਅਮਰ ਵਰਤਾਇਆ-ਗੁਰਬਾਣੀ (ਅਨੰਦ ਸਾਹਿਬ)

ਸਤਿਗੁਰਾਂ ਦੇ ਬਚਨ ਹਨ :

ਤੂੰ ਸਭਨੀ ਥਾਈ ਜਿਥੈ ਹਉ ਜਾਈ
ਸਾਚਾ ਸਿਰਜਣ ਹਾਰ ਜੀਉ ॥ (ਅੰਗ ੪੩੮)

ਮਨ ਤੂੰ ਧਾਵਦਾ, ਤਹ ਤਹ ਹਰਿ ਤਰੈ ਨਾਲੇ ?

ਇਹ ਵਚਨ ਇਹ ਦਰਸਾ ਰਹੇ ਹਨ ਕਿ ਵਾਹਿਗੁਰੂ ਸਰਬਵਿਆਪੀ ਹੈ, ਜਿੱਥੇ ਮਨੁ ਦੌੜਦਾ ਹੈ ਉਦੋਂ ਵੀ ਵਾਹਿਗੁਰੂ ਨਾਲ ਹੀ ਹੈ, ਕਿਉਂਕਿ, ਸਰਬ ਵਿਆਪੀ ਦਾ ਮਤਲਬ ਇਹ ਹੈ ਕਿ ਵਾਹਿਗੁਰੂ ਹਰ ਵੇਲੇ ਹਰ ਥਾਂ ਤੇ ਸਾਡੇ ਅੰਦਰ ਬਾਹਰ

ਹੈ ਸਾਡੇ ਅੰਗ ਸੰਗ ਮੌਜੂਦ, ਅਸੀਂ ਸੌਈਏ, ਜਾਗੀਏ, ਖਾਈਏ, ਪੀਈਏ, ਆਈਏ, ਜਾਈਏ ਘਰ ਹੋਈਐ, ਬਾਹਰਿ ਜਾਈਐ ਵਾਹਿਗੁਰੂ ਸਾਡੇ ਨਾਲ ਹੁੰਦਾ ਹੈ।

ਅਸਲ 'ਚ ਜੋ ਕਹਿੰਦੇ ਹਨ ਕਿ ਰੱਬ ਸਾਰੇ ਹੀ ਹੈ, ਇਸ ਦਾ ਪੂਰਨ ਤੌਰ ਤੇ ਗਿਆਨ ਰਾਹੀਂ ਅਨੁਭਵ ਸਤਸੰਗਤਿ ਕਰਕੇ ਅਮਲੀ ਜੀਵਨ ਬਣਾ ਕੇ ਨਾਮਰਸੀਏ ਬਣ ਕੇ ਹੀ ਹਰ ਜ਼ਰੇ-ਜ਼ਰੇ ਵਿਚ ਪਰਮਾਤਮਾ ਦਿਸਦਾ ਹੈ। ਸਾਰਿਆਂ ਨੂੰ ਨਹੀਂ, ਇਥੇ ਵੀ ਜੋ ਧਾਰਮਿਕ ਅਸ਼ਥਾਨਾਂ ਤੇ ਜਾਂਦੇ ਆਉਂਦੇ ਹਨ, ਸੇਵਾ ਵਗੈਰਾ ਕਰਦੇ ਹਨ ਸਤਸੰਗਤਿ ਕਰਦੇ ਹਨ, ਜੋ ਸੁਣਦੇ ਹਨ ਉਹ ਉਥੇ ਛੱਡ ਦਿੰਦੇ ਹਨ ਜਾ ਇਹ ਸਮਝ ਕੇ ਜਾਣਾ ਕਿ ਰੱਬ ਦਾ ਚਾਰ ਦੀਵਾਰੀ ਧਾਰਮਿਕ ਅਸਥਾਨ ਤੇ ਹੀ ਹੈ, ਬਾਹਰ ਨਹੀਂ, ਉਨ੍ਹਾਂ ਨੂੰ ਕਦੇ ਐਸਾ ਅਨੁਭਵ ਨਹੀਂ ਹੋ ਸਕਦਾ ਕਿ ਹਰੀ ਸਾਰੇ ਹੀ ਹੈ ਕਹਿ ਦੇਣਾ ਪਰਚਾਰਨਾ ਅਲੱਗ ਗੱਲ, ਘਟ-ਘਟ 'ਚ ਦੇਖਣਾ ਇਹ ਅਲੱਗ ਗੱਲ ਹੈ, ਪਰ ਜੀਵ ਕੋਸ਼ਿਸ਼ ਕਰੇ ਤੇ ਸਭ ਕੁਛ ਹੋ ਸਕਦਾ ਹੈ, ਕਿਉਂਕਿ ਜਿਨ੍ਹਾਂ ਨੇ ਐਸੀ ਨਿਗ੍ਹਾ ਪਰਾਪਤ ਕੀਤੀ ਜ ਪਰਮਾਤਮਾ ਤੋਂ ਬਗੈਰ ਕਿਸੇ ਨੂੰ ਨਹੀਂ ਦੇਖਦੇ ਜੈਸੇ, ਬਚਨ ਹਨ :

ਗੁਰਹਿ ਦਿਖਾਇਓ ਲੋਇਨਾ ॥੧॥ਰਹਾਉ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ, ਤੂੰਹੀ ਤੂੰਹੀ ਮੋਹਿਨਾ ॥

(ਅੰਗ ੪੦੭)

ਇਹ ਸਭ ਪਰਾਪਤੀਆਂ ਗੁਰੂ ਚਰਨਾਂ ਸਕਦਾ ਹੀ ਹੋਈਆਂ ਹਨ, ਇਹ ਕ੍ਰਿਪਾ ਸੰਗਤ ਕਰਕੇ ਹੀ ਹੋਈ ਹੈ-ਭਾਵ ਗੱਲ ਸਰਬ ਵਿਆਪੀ ਦੀ ਚੱਲ ਰਹੀ ਹੈ, ਸਰਬ ਵਿਆਪੀ ਦਾ ਮਤਲਬ ਇਹ ਹੈ ਕਿ, ਨਾ ਵਾਹਿਗੁਰੂ ਜੀ, ਸਾਥੋਂ ਨਾ ਅਸੀ ਵਾਹਿਗੁਰੂ ਤੋਂ ਕਦੀ ਵਿਛੜੇ ਹਾਂ ਅਤੇ ਨਾ ਹੀ ਵਿਛੜ ਸਕਦੇ ਹਾਂ, ਕਿਉਂਕਿ—ਜਿਵੇਂ ਪਾਣੀ ਤੋਂ ਬੁਲਬੁਲਾ ਜਾਂ ਲਹਿਰ ਕਦੀ ਵਿਛੜ ਨਹੀ ਸਕਦੇ, ਇਸੇ ਤਰ੍ਹਾਂ ਅਸੀਂ ਵਾਹਿਗੁਰੂ ਤੋਂ ਕਦੀ ਅਲੱਗ ਨਹੀ ਹੋ ਸਕਦੇ, ਪਾਣੀ ਹੈ ਤਾਂ ਬੁਲਬੁਲਾ ਲਹਿਰ ਹੈ, ਜੇ ਵਾਹਿਗੁਰੂ ਹੈ ਤਾਂ ਅਸੀਂ ਹਾਂ, ਜਿਥੇ ਬੁਲਬੁਲਾ ਹੈ ਪਾਣੀ ਦਾ ਹੋਣਾ ਜ਼ਰੂਰੀ ਹੈ, ਜਿਥੇ ਅਸੀਂ ਹਾਂ ਉਥੇ ਵਾਹਿਗੁਰੂ ਜੀ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਕਾਰਨ ਤੇ ਕਾਰਜ ਕਦੇ ਵੱਖ ਨਹੀ ਹੁੰਦੇ, ਵਾਹਿਗੁਰੂ ਜੀ ਸਾਡੇ ਕਾਰਨ ਹਨ, ਜੀਵ ਵਾਹਿਗੁਰੂ ਜੀ ਦੇ ਕਾਰਜ ਹਨ ਜਿਥੇ ਸਾਡਾ ਸਰੀਰ ਹੈ ਉਥੇ ਵਾਹਿਗੁਰੂ ਹੈ, ਜਿਥੇ ਸਾਡਾ ਮਨ ਹੈ ਉਥੇ ਵਾਹਿਗੁਰੂ ਦਾ ਹੋਣਾ ਜ਼ਰੂਰੀ ਹੈ, ਭਾਵ ਮਨ ਧਿਆਨ ਦੁਨੀਆਂ ਦੇ ਕਿਸੇ ਵੀ ਸ਼ਹਿਰ ਤੀਰਥ ਕੋਨੇ ਆਕਾਸ਼ ਮਾਤ-ਲੋਕ ਕਿਤੇ ਵੀ ਹੈ ਉਥੇ ਵਾਹਿਗੁਰੂ ਵੀ ਹੈ। ਜਿਸ ਤਰ੍ਹਾਂ ਰੇਲਵੇ ਲਾਈਨ ਤੋਂ ਬਗੈਰ ਰੋਡ ਸੜਕ ਤੋਂ ਬਗੈਰ ਹਵਾਈ ਜਹਾਜ਼ ਤੋਂ ਬਗੈਰ ਜਗ੍ਹਾ ਤੋਂ ਦੂਸਰੀ ਜਗ੍ਹਾ ਨਹੀਂ ਜਾ ਸਕਦਾ ਸਰੀਰ ਕਰਕੇ, ਠੀਕ ਇਸੇ ਤਰ੍ਹਾਂ ਮਨ ਧਿਆਨ

ਸਰੀਰ ਪਰਮਾਤਮਾ ਵਾਹਿਗੁਰੂ ਤੋਂ ਬਗੈਰ ਕਿਤੇ ਨਹੀਂ ਜਾ ਸਕਦਾ ਤੇ ਜਿਥੇ ਜਾਂਦਾ ਹੈ, ਧਿਆਨ ਕਰਕੇ ਸਰੀਰ ਉਥੇ ਲਾਈਨ ਦਾ ਕੰਮ ਸੜਕ ਦਾ ਕੰਮ, ਜਹਾਜ਼ ਦਾ ਕੰਮ, ਵਾਹਿਗੁਰੂ ਕਰਦਾ ਹੈ ।

ਬਾਕੀ ਸਰਬ ਵਿਆਪੀ ਹੋਣ ਵਾਸਤੇ ਜ਼ਰੂਰੀ ਹੈ ਉਹ ਸਦਾ ਸਲਾਮਤ ਜਾਂ ਸਦੀਵੀ ਹੋਵੇ, ਜੇਕਰ ਵਾਹਿਗੁਰੂ ਕਿਸੇ ਵੇਲੇ ਹੋਵੇ, ਕਿਸੇ ਵੇਲੇ ਨਾ ਹੋਵੇ, ਉਹ ਨਾ ਹੋਵੇ ਤਾਂ ਸਰਬ ਵਿਆਪੀ ਨਹੀਂ-ਇਹ ਤਾਂ ਹੀ ਹੋ ਸਕਦਾ ਹੈ, ਜੇ ਸਦਾ ਸਲਾਮਤ ਹੀ ਸਰਬ ਵਿਆਪੀ ਹੋ ਸਕਦਾ ਹੈ, ਜੈਸੇ ਬਰਫ ਜਿਥੇ ਵੀ ਠੰਡ ਹੈ ਠੰਡ ਜਾਂ ਸਰਦੀ ਨੂੰ ਨਿਖੇੜਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਵਾਹਿਗੁਰੂ ਜੀ ਤੋਂ ਵੀ ਉਸਦੇ ਗੁਣਾਂ ਨੂੰ—ਸਰਬ ਸ਼ਕਤੀਮਾਨ, ਸਰਬ ਗਿਆਤਾ, ਸਰਬ ਵਿਆਪਕਤਾ, ਸਦਾ ਸਲਾਮਤ, ਅਨੰਦ, ਰੂਪ, ਨਿਰਭਉ ਨਿਰਵੈਰ ਆਦਿ, ਨਿਖੇੜਿਆ ਨਹੀਂ ਜਾ ਸਕਦਾ-ਉਹ ਸਾਰੇ ਗੁਣਾਂ ਸਮੇਤ ਸਰਬ ਵਿਆਪੀ ਹੈ ਗੁਰਬਾਣੀ:-

ਤੁਝ ਬਿਨੁ ਦੂਜਾ ਨਾਹੀ ਕੋਇ ॥
ਤੂ ਕਰਤਾਰ ਕਰਹਿ ਸੋ ਹੋਇ ॥ (ਅੰਗ ੧੩੬)

ਜੇਕਰ ਇਹ ਠੀਕ ਹੈ ਤਾਂ ਬਦੀ, ਪਾਪ, ਦੁਖ, ਬੀਮਾਰੀ ਮੌਤ, ਤ੍ਰਿਸ਼ਨਾ ਭਾਵ ਜੋ ਵੀ ਵਾਹਿਗੁਰੂ ਜੀ ਤੋਂ ਉਲਟ ਹੈ ਸਰਬ ਵਿਆਪਕ ਵਾਹਿਗੁਰੂ ਜੀ ਤੋਂ ਉਲਟ ਹੈ ਸਰਬ ਵਿਆਪਕ ਵਾਹਿਗੁਰੂ ਜੀ ਵਿਚ ਨਹੀ ਹਨ— ਜ਼ਦੋਂ ਵਾਹਿਗੁਰੂ ਸਰਬ ਵਿਆਪਕ ਮੰਨ ਲਿਆ ਅਨੁਭਵ ਹੋ ਗਿਆ, ਜ਼ੱਰੇ-ਜ਼ੱਰੇ 'ਚ ਦੇਖ ਲਿਆ ਹੈ, ਇਸ ਲਈ ਬਦੀ ਪਾਪ ਦੁਖ ਬੀਮਾਰੀ ਮੌਤ ਚਿੰਤਾ ਹੁਣ ਨਹੀਂ ਹਨ, ਬਦੀ ਫੇਰ ਕੀ ਹੈ, ਕਿਉਂ ਉਤਪੰਨ ਹੁੰਦੀ ਹੈ, ਕਿਸ ਤਰ੍ਹਾਂ ਖਤਮ ਹੁੰਦੀ ਹੈ ? ਬਦੀ ਇਕ ਬੇਮੁਖ ਜਾਂ ਮਨਮੁਖ ਪਰਮਾਤਮਾ ਨੂੰ ਨਾ ਜਾਣਨਾ ਅਤੇ ਨਾ ਹੀ ਜਾਣਨ ਦੀ ਕੋਸ਼ਿਸ਼ ਕਰਨਾ ਐਸੇ ਇਨਸਾਨ ਦੇ ਦਿਮਾਗ ਦਾ ਭੁਲੇਖਾ ਹੈ, ਇਹ ਵਾਹਿਗੁਰੂ ਜੀ ਦੀ ਗੈਰ ਹਾਜ਼ਰੀ ਵਿਚ ਮਨਮੁਖ ਦੇ ਦਿਮਾਗ ਵਿਚੋਂ ਪੈਦਾ ਹੁੰਦੀ ਹੈ ਅਤੇ ਉਸ ਨੂੰ ਡਰਾਉਂਦੀ ਤੇ ਦੁਖ ਦਿੰਦੀ ਹੈ ਜੋ ਸਾਰਿਆਂ ਦੁਖਾਂ ਕਲੇਸ਼ਾਂ ਪਾਪਾਂ ਦਾ ਕਾਰਨ ਬਣਦੀ ਹੈ, ਕਿਉਂਕਿ ਵਾਸਤਵ ਵਿਚ ਰਚੀ ਨਹੀਂ ਗਈ, ਇਸ ਕਰਕੇ ਜਦ ਵੀ ਤੇ ਜਿਥੇ ਵੀ ਵਾਹਿਗੁਰੂ ਜੀ ਦੀ ਸਰਬ-ਸ਼ਕਤੀ ਮਾਨਤਾ ਅਤੇ ਸਰਬ ਵਿਆਪਕਤਾ ਜਾਂ ਸਰਬ ਭਰਪੂਰਤਾ ਨੂੰ ਚੰਗੀ ਤਰ੍ਹਾਂ ਸਮਝਿਆ ਤੇ ਦੇਖਿਆ ਜਾਵੇ, ਉਥੇ ਹੀ ਹੈ, ਬਦੀ-ਪਾਪ, ਦੁਖ ਬੀਮਾਰੀ ਮੌਤ ਖੁਦ-ਬਖੁਦ ਅਲੋਪ ਹੋ ਜਾਂਦੀ ਹੈ, ਫਿਰ ਤਾਂ ਐਸੇ ਬਚਨ ਗੁਰਬਾਣੀ ਦੇ ਸੁਤੇ ਨਿਲਕਦੇ ਹਨ :

ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥
(ਅੰਗ ੨੯੧)

ਜਬ ਆਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥
(ਅੰਗ ੨੯੦)

ਬਦੀ ਦੇ ਉਲਟ ਵਾਹਿਗੁਰੂ ਜੀ ਦੇ ਸਰਬ ਗੁਣ ਹਰ ਵਕਤ ਪ੍ਰਕਾਸ਼ਮਾਨ ਹਨ, ਇਹ ਸਰਬ ਵਿਆਪਕ, ਹਾਜ਼ਰਾ ਹਜ਼ੂਰ, ਸਰਬ ਥਾਂਵਾਂ ਤੇ ਭਰਪੂਰ ਹਨ ।

ਇਸ ਅਟੱਲ ਸੱਚਾਈ ਨੂੰ ਜਿਤਨੀ ਸੰਗਤ ਕਰਕੇ ਜਲਦੀ ਸਮਝ ਲਈਏ ਅਤੇ ਰੋਜ਼ਾਨਾ ਜੀਵਨ ਵਿਚ ਅਮਲ ਕਰੀਏ, ਉਤਨੀ ਛੇਤੀ ਦੁਨੀਆਂ ਦੇ ਦੁਖਾਂ ਤੋਂ ਰਹਿਤ ਅਤੇ ਸੁਖਾਂ ਨਾਲ ਭਰਪੂਰ ਹੋ ਸਕਦੇ ਹਨ, ਬਦੀ ਅਲੋਪ ਹੋ ਜਾਵੇਗੀ ਸਤਿਗੁਰੂ ਜੀ ਦੇ ਕ੍ਰਿਪਾ ਸਦਕਾ ਸਰਬ ਵਿਆਪੀ ਗੁਣਾਂ ਸਮੇਤ ਪਰਗਣ ਦਿਖਾਈ ਦੇਣਗੇ ।

ਵਾਹਿਗੁਰੂ ਜੀ, ਸਰਬ ਵਿਆਪੀ, ਸਰਬ ਸ਼ਕਤੀਮਾਨ ਅਤੇ ਸਰਬ ਗਿਆਤਾ ਹਨ, ਸਰਬ ਵਿਆਪਕ ਹਰ ਵੇਲੇ ਹੁਣ ਐਸ ਵੇਲੇ ਹਾਜ਼ਰਾ ਹਜ਼ੂਰ ਜ਼ਹੂਰ ਹਨ, ਇਸਦਾ ਇਹ ਮਤਲਬ ਹੈ ਕਿ ਵਾਹਿਗੁਰੂ ਜੀ ਦੇ ਸਰਬ ਗੁਣ-ਪ੍ਰੇਮ ਪ੍ਰਤਿਪਾਲਣਾ ਕਰਨਾ-ਮਾਤਾ ਪਿਤਾ ਵਾਲਾ ਪਿਆਰ, ਨਿਰਭੈਤਾ, ਚੰਗਿਆਈ ਇਹ ਸਭ ਸਰਬ ਵਿਆਪਕ ਹਨ ਅਤੇ ਜੋ ਕੁਝ ਵਾਹਿਗੁਰੂ ਵਿਚ ਨਹੀਂ, ਉਹ ਕਦੇ ਵੀ ਉਸ ਦੀ ਕੋਈ ਹਸਤੀ ਨਹੀਂ, ਵਾਹਿਗੂਰੂ ਵਿਚ, ਬਦੀ, ਪਾਪ-ਦੁਖ ਬੀਮਾਰੀ ਜਨਮ ਮੌਤ ਨਹੀਂ, ਇਹ ਸਭ ਮਾੜੀਆਂ ਚੀਜ਼ਾਂ ਹੁਣ ਵੀ ਨਹੀਂ, ਪਿਛੇ ਵੀ ਨਹੀਂ ਸਨ, ਅੱਗੇ ਨੂੰ ਨਹੀ ਹੋਣਗੀਆਂ। ਭਾਵ ਜੋ ਵਾਹਿਗੁਰੂ ਵਿਚ ਨਹੀਂ ਉਹ ਸਦਾ ਤੋਂ ਹੀ ਨਹੀਂ, ਜਿਸ ਤਰ੍ਹਾਂ ਕਿਸੇ ਵੀ ਮਨੁੱਖ ਦਾ ਸੁਭਾਅ ਨਹੀਂ ਉਹ ਜਿਥੇ ਵੀ ਜਾਵੇ ਉਹ ਹੀ ਉਸ ਵਿਚ ਹੈ, ਜੋ ਉਸ ਦਾ ਸੁਭਾਅ ਨਹੀਂ, ਠੀਕ ਇਸੇ ਤਰ੍ਹਾਂ ਪਰਮਾਤਮਾ ਹਰ ਜਗ੍ਹਾ ਹੈ, ਇਹ ਸਭ ਕਲੇਸ ਉਸ ਦਾ ਸੁਭਾਅ ਨਹੀ, ਝੂਠ ਧੋਖਾ, ਦਗਾ, ਪਾਪ, ਕੁਕਰਮ, ਚੋਰੀ ਜ਼ਾਰੀ ਨਿੰਦਾ, ਚਿੰਤਾ ਜੰਮਣ ਮਰਨ, ਦੁਖ, ਬੁਰਾਈ ਉਸ ਦਾ ਸੁਭਾਅ ਨਹੀਂ ਤੇ ਜੋ ਉਸ ਪਰਮਾਤਮਾ ਦਾ ਸੁਭਾਅ ਨਹੀਂ, ਉਹ ਨਹੀਂ ਹੈ, ਜੇਕਰ ਨੇਕੀ ਤੇ ਚੰਗਿਆਈ ਵਾਹਿਗੁਰੂ ਜੀ ਦਾ ਸੁਭਾਅ ਗੁਣ ਹਨ ਤਾਂ ਹੁਣ ਸਰਬ ਵਿਆਪੀ ਹੋਣ ਕਰਕੇ ਬਦੀ, ਦੁਖ, ਬੀਮਾਰੀ ਮੌਤ ਕਿਸੇ ਪ੍ਰਕਾਰ ਦਾ ਡਰ, ਭੈ, ਚੰਗਿਆਈਆਂ ਦੇ ਉਲਟ ਇਸ ਵੇਲੇ ਸਭ ਵਿਸ਼ੇ ਵਿਕਾਰ, ਗੈਰ ਹਾਜ਼ਰ ਹਨ, ਦੋ ਵਿਰੋਧੀ ਚੀਜ਼ਾਂ ਇਕੋ ਵੇਲੇ ਇਕੱਠੀਆਂ ਨਹੀਂ ਰਹਿ ਸਕਦੀਆਂ-ਚੰਗਿਆਈ ਤੇ ਬੁਰਾਈ ਅਪੋਂਚਣ ਹਨ, ਇਹ ਇਕ ਜਗ੍ਹਾ ਨਹੀ ਰੁਕ ਸਕਦੀਆਂ, ਚਾਨਣ ਤੇ ਹਨੇਰਾ-ਗਰਮੀ-ਸਰਦੀ-ਦਿਨ ਤੇ ਰਾਤ ਗਿਆਨ ਤੇ ਅਗਿਆਨ, ਇਹ ਸਭ ਇਕ ਜਗ੍ਹਾ ਨਹੀ ਹੋ ਸਕਦੀਆਂ ਸਤਿਗੁਰਾਂ ਦੇ ਬਚਨ:

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ (ਅੰਗ ੫੬੦)

ਜਿਥੇ ਪਰਮਾਤਮਾ ਸਰਬ ਵਿਆਪਕ ਹੈ ਉਥੇ ਇਹ ਸਭ ਪਾਪ ਬੁਰਾਈ ਕੁਝ

ਨਹੀਂ :

ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥

(ਅੰਗ ੨੨੦)

ਵਾਹਿਗੁਰੂ ਜੀ ਦਾ ਗੁਣ ਸਰਬਸ਼ਕਤੀ ਮਾਨ ਨਾਲ ਸਰਬ ਵਿਆਪਦਾ ਵੀ ਹੈ, ਸਰਬ-ਵਿਆਪਕ ਹੋਣ ਕਰਕੇ ਜ਼ਰੂਰੀ ਹੈ, ਕਿ ਵਾਹਿਗੁਰੂ ਜੀ ਉਲਟ-ਬਦੀ-ਹਾਦਸੇ, ਭੁਚਾਲ, ਡਰ, ਫਿਕਰ, ਚਿੰਤਾ ਆਦਿ ਵਿਚ ਕੋਈ ਸ਼ਕਤੀ ਨਾ ਹੋਵੇ, ਕਿਉਂਕਿ ਸ਼ਕਤੀਮਾਨ ਵਾਹਿਗੁਰੂ ਹੈ ਵਿਰੋਧੀ ਤਾਕਤਾਂ ਵਾਹਿਗੁਰੂ ਜੀ ਦੇ ਸਾਹਮਣੇ, ਕਮਜ਼ੋਰ, ਜਿੰਦ ਹੀਨ ਤੇ ਨਕਾਰੀਆਂ ਹੋਣ ਇਹ ਸਭ ਉਥੇ ਹਨ, ਜਿਥੇ ਵਾਹਿਗੁਰੂ ਜੀ ਨਾ ਹੋਣ :

ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥ (ਬਾਰਹ ਮਾਹ)

ਕਹਿੰਦੇ ਹਨ, ਜਿਥੇ ਸਤਿਜੁਗ ਵਿਚ ਸੱਚ ਸੀ, ਹਰ ਪ੍ਰਾਣੀ ਸੱਚ ਬੋਲਦਾ ਸੀ, ਕਿਸੇ ਪਰਕਾਰ ਦੀ ਚਿੰਤਾ ਨਾ ਹੋਣ ਕਰਕੇ ਉਮਰਾਂ ਵੀ ਵੱਡੀਆਂ, ਕੋਈ ਭੁਚਾਲ, ਕੋਈ ਦੁਖ, ਭਾਵ ਕੋਈ ਦੁਖੀ ਇਨਸਾਨ ਨਹੀਂ ਸੀ, ਤ੍ਰੇਤੇ 'ਚ ਫਰਕ ਪੈ ਗਿਆ, ਦੇਖ ਬਦੀ ਹੋਣੀ ਵੀ ਪਰਮੇਸ਼ਰ ਨੂੰ ਨਾ ਅੰਗ ਸੰਗ ਸਮਝਣ ਕਰਕੇ ਇਨਸਾਨ ਨੂੰ ਆਪਣੀ ਲਪੇਟ 'ਚ ਲਿਆ, ਹੌਲੀ-ਹੌਲੀ ਜੁਗ ਬਦਲੇ ਖਿਆਲ ਬਦਲੇ ਚਿੰਤਾ ਵਧੀਆਂ ਉਸ ਰੱਬ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ ਵਧੀ ਇਹ ਸਭ ਬੁਰਾਈ ਪਰਮਾਤਮਾ ਨੂੰ ਸਰਬ ਵਿਆਪਕ ਸਭ ਦੇ ਵਿਚ ਨਾ ਜਾਨਣ ਕਰਕੇ ਹੀ ਸਭ ਮਨੁੱਖਾਂ ਨੂੰ ਤਕਲੀਫਾਂ ਆਈਆਂ:- ਸਾਇੰਸ ਕਰਕੇ-ਮਨੋਵਿਗਿਆਨ ਕਰਕੇ-ਮਸ਼ੀਨਰੀ ਦਾ ਇੰਨਾ ਬੋਲ-ਬਾਲਾ ਘਰ ਬੈਠਾ ਮਨੁੱਖ ਜੋ ਚਾਹੇ ਕਰ ਸਕਦਾ। ਬੜੀਆਂ ਮੱਲਾਂ ਮਾਰੀਆਂ ਪਰ ਨਾਲ ਹੀ ਦੂਸਰੇ ਪਾਸੇ ਮਨ ਦਾ ਸੰਤੋਖ ਸ਼ਾਂਤੀ ਧੀਰਜ਼ ਦਇਆ ਧਰਮ ਤੋਂ ਦੂਰ ਹੋਇਆ, ਕੀਤਾ ਸਭ ਕੁਝ ਸੁਖ ਲਈ, ਪਰ ਸੁਖਾਂ ਦੇ ਦਾਤੇ ਤੋਂ ਉਨਾ ਹੀ ਦੂਰ ਹੋਇਆ ਮਸ਼ੀਨਰੀ ਕਰਕੇ ਕਹਿੰਦਾ ਮੈਂ ਬੜਾ ਕੁਝ ਪਰਾਪਤ ਕੀਤਾ, ਮਨ ਦੀ ਸੰਤੁਲਨਤਾ ਨੂੰ ਗਵਾ ਬੈਠਾ। ਮਾਫ ਕਰਨਾ, ਜਦੋਂ ਕੋਈ ਮਸ਼ੀਨਰੀ ਨਹੀਂ ਸੀ ਕੋਈ ਮੋਟਰਕਾਰ, ਕੰਪਿਊਟਰ ਰੇਲ ਗੱਡੀ ਬਸ, ਕੁਝ ਵੀ ਨਹੀਂ ਸੀ ਆਵਣ ਜਾਣ ਦਾ ਸਾਧਨ ਨਹੀਂ ਸੀ ਉਦੋਂ ਮਨੁੱਖ ਸੁਖੀ ਸੀ ਬੜੇ ਪਿਆਰ ਨਾਲ ਇਕ ਦੂਜੇ ਕੋਲ ਜਾਂਦੇ ਰਹਿੰਦੇ ਵਾਪਸ ਆਉਂਦੇ ਕੋਈ ਕਾਹਲੀ ਨਹੀਂ ਕੋਈ ਚਿੰਤਾ ਨਹੀਂ, ਜਦੋਂ ਏਨਾ ਪੈਸਾ ਨਹੀਂ ਸੀ ਪਰਵਾਰ ਦੀ ਜ਼ਿੰਮੇਂਵਾਰੀ ਇਕ ਆਦਮੀ ਕੋਲ ਸੀ ਸਾਰੇ ਸੁਖੀ ਸੀ, ਅੱਜ ਜੰਮਦੇ ਬੱਚੇ ਦੇ ਨਾਮ ਲੱਖਾਂ ਰੁਪਈਆ ਹਰ ਮਨੁੱਖ ਦੀ ਜੇਬ, ਗੱਡੀ ਘਰ ਪ੍ਰਾਪਰਟੀ ਸੋਚ ਦਿਲ ਦਿਮਾਗ ਵੱਖਰਾ, ਪਰ ਸ਼ਾਂਤੀ ਨਹੀਂ, ਮਨ ਦਾ ਸੁਖ ਨਹੀਂ, ਸੰਤੋਖ ਨਹੀਂ, ਇਹ ਸਭ ਵਾਹਿਗੁਰੂ ਜੀ ਦੀ ਗੈਰ-ਹਾਜ਼ਰੀ ਸਮਝਣ ਉਥੇ ਇਹ ਕੁਝ ਵੀ ਨਹੀਂ।

ਇਹ ਸਭ ਉਦੋਂ ਤੱਕ ਰਹੇਗਾ ਜ਼ਦੋ ਤੱਕ ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਗਿਆਨ ਨਾ ਹੋ ਜਾਵੇ, ਗਿਆਨ ਗੁਰੂ ਤੋ ਬਗੈਰ ਨਹੀਂ

ਵੀਚਾਰ ਸਤਸੰਗਤਿ ਤੋਂ ਬਗੈਰ ਨਹੀਂ ।
ਵੀਚਾਰ ਤੋਂ ਬਗੈਰ ਗਿਆਨ ਕਿਸੇ ਕੰਮ ਨਹੀਂ ।
ਅਮਲ ਤੋ ਬਗੈਰ ਵੀਚਾਰ ਕਿਸੇ ਕੰਮ ਨਹੀਂ ।

ਗੁਰਬਾਣੀ–

ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨੁ ਹਰਿ ਭਜਨ ਨਹੀ ਛੁਟਕਾਰਾ॥ *(ਅੰਗ ੧੮੮)*

ਅਸੀਂ ਆਪਣੇ–ਆਪਣੇ ਜੀਵਨ 'ਚ ਝਾਤੀ ਮਾਰੀਏ ਜਦੋਂ ਸਾਨੂੰ ਜਾਂ ਕਿਸੇ ਵੀ ਮਨੁੱਖ ਨੂੰ ਦੁਨੀਆਂ ਦੇ ਕਿਸੇ ਦੇਸ਼ ਦੀ ਵਡਿਆਈ ਅਤੇ ਸੁਹਣੇ ਫੈਸ਼ਨਾਂ ਦਾ ਐਸ਼ੋ–ਆਰਾਮ ਦਾ ਵਧੀਆ ਜ਼ਿੰਦਗੀ ਦਾ ਤਾਂ ਸੁਣਦੇਸਾਰ ਹੀ ਮਨ 'ਚੋਂ ਤਰੰਗ ਉੱਠਦੀ ਹੈ ਕਿ ਐਸੇ ਦੇਸ਼ 'ਚ ਪਹੁੰਚਣਾ ਚਾਹੀਦਾ ਹੈ ਕੁਛ ਵੀ ਕਰਨਾ ਪੈ ਜਾਵੇ ਕਰਦੇ ਹਾਂ ।

ਦੂਸਰਾ, ਕਿਸੇ ਵੀ ਪਰਵਾਰ ਦੀ ਵਡਿਆਈ ਉਪਮਾ ਸਤ ਸੰਤੋਖੀ ਜੀਵਨ ਇਕ ਦੂਜੇ ਦੀ ਗੱਲ ਮੰਨਣ ਵਾਲੇ ਵੱਡੇ ਛੋਟੇ ਦਾ ਸਤਿਕਾਰ ਕਰਨ ਵਾਲੇ ਪਰਵਾਰ ਦੀ ਵਡਿਆਈ ਨੂੰ ਕੋਈ ਮਨੁੱਖ ਸੁਣਦਾ ਹੈ !

ਮਨ 'ਚ ਬੁਲਬਲਾ ਉਠਦਾ ਹੈ, ਇਸ ਤਰ੍ਹਾਂ ਦਾ ਪਰਵਾਰ ਹੋਣਾ ਚਾਹੀਦਾ ਹੈ, ਕਿੰਨੀ ਸ਼ਹਿਨ–ਸ਼ਕਤੀ ਅਤੇ ਆਪਸੀ ਪਿਆਰ ਮਿਲਵਰਤਣ ਸਦਭਾਵਨਾ ਦੇਖ ਕੇ ਮਨ ਐਸੇ ਪਰਵਾਰ ਦੀ ਤਾਂਘ ਕਰਦਾ ਹੈ, ਕਿ ਮੇਰਾ ਪਰਵਾਰ ਜਿਸ ਦੇ ਗੁਣ ਹੀ ਗੁਣ ਹੋਣ ਐਸੀ ਵਸਤੂ ਹਥਿਆਉਣ ਲਈ ਵਖਤ ਹੀ ਪਰਿਆਸ ਸ਼ੁਰੂ ਹੋ ਜਾਂਦੇ ਹਨ ਪਰਾਪਤੀ ਲਈ—

ਪਤਾ ਨਹੀਂ ਹਰੀ ਪਰਮਾਤਮਾ ਦੇ ਗੁਣ ਮਹਿਮਾ ਸੁਣਦੇ–ਸੁਣਦੇ ਮੁਦਤਾਂ ਬੀਤ ਚੁਕੀਆਂ ਸਾਰੀ ਦੁਨੀਆਂ ਆਪਣੇ–ਆਪਣੇ ਅੰਦਾਜ਼ 'ਚ ਹਰੀ ਪਰਮਾਤਮਾ ਦੇ ਗੁਣਾਂ ਨੇ ਦਰਸਾਇਆ ਜਾ ਰਿਹਾ ਹੈ, ਪਰ ਐਨੇ ਕੀਰਤਨ ਕਥਾ ਵਿਆਖਿਆ ਦਿਨੇ ਰਾਤ ਪ੍ਰਭੂ ਪਰਮਾਤਮਾ ਦੀ ਹੋ ਰਹੀ ਹੈ ਅਤੇ ਕਿੰਨੇ ਕੁ ਗੁਰਸਿੱਖ ਪ੍ਰੇਮੀ ਐਸੇ ਸਤਿਗੁਰਾਂ ਦੀ ਮਹਿਮਾ ਸ੍ਰਵਨ ਕਰਨ ਨਾਲ ਮਨ ਦੀ ਤਾਂਘ ਮਿਲਣ ਲਈ ਬਣੀ ਹੈ । ਜੁਆਬ ਆਵੇਗਾ, ਅੰਦਰੋਂ ਹੀ, ਕੋਈ ਤੜਪ ਨਹੀਂ ਤਾਂਘ ਨਹੀ ਉਸ ਦੀਆਂ ਦਾਤਾਂ ਦੇ ਸੁਣ ਕੇ ਉਸ ਦੀ ਬਣਾਈ ਖਲਕਤ ਪਦਾਰਥ ਦੀ ਪਰਾਪਤੀ ਲਈ ਤੜਪ ਹੈ ਤਾਂਘ ਹੈ, ਪਰ ਗੁਣਾਂ ਦੇ ਦਾਤੇ, ਸਮਰੱਥ ਹਰੀ ਦੀ ਮਹਿਮਾ ਹੈ, ਪਰ ਗੁਣਾਂ ਦੇ ਦਾਤੇ, ਸਮਰੱਥ ਹਰੀ ਦੀ ਦਿਨ ਰਾਤ, ਗਈ ਜਾਂਦੀ ਹੈ, ਕਿੰਨੇ ਕੁ ਸ੍ਰੋਤੇ ਸੁਣਨ ਵਾਲੇ

ਕਥਨ ਕਰਨ ਵਾਲਿਆਂ ਦੇ ਮਨ 'ਚ ਕਦੀ ਐਸੇ ਹਰੀ ਪਰਮਾਤਮਾ ਦੇ ਗੁਣਾਂ ਮਹਿਮਾ ਨੂੰ ਸੁਣ ਕੇ ਮਨ 'ਚ ਤੜਪ ਪੈਦਾ ਹੋਈ ਹੈ, ਜੁਵਾਬ 'ਚ ਨਾ ਹੀ ਆਵੇਗੀ, ਇਸ ਦਾ ਮਤਲਬ ਪਦਾਰਥ ਦੇਸ਼ਾਂ ਦੇ ਗੁਣ ਸੁਣ ਕੇ ਪਰਾਪਤੀ ਲਈ ਪਰਿਆਸ ਹੈ ਪਰ ਦੁਨੀਆਂ ਦੇ ਮਾਲਕ ਵਾਹਿਗੁਰੂ ਜੀ ਦੇ ਗੁਣ ਮਹਿਮਾ ਸੁਣ ਕੇ ਮਿਲਣ ਦੀ ਤਾਂਘ ਕਿਸੇ ਵਿਰਲੇ ਹੀ ਮਨੁੱਖ ਦੇ ਪਾਸ ਹੋਵੇਗੀ—ਅਤੇ ਜੋ ਸਰਬ ਵਿਆਪਕ ਹੈ ਹਰ ਵਖਤ ਹਰ ਜਗ੍ਹਾਂ ਮੌਜੂਦ ਹੈ, ਹਰ ਵਖਤ ਜੀਵ ਦੀ ਰੱਖਿਆਂ ਕਰਨ ਦੇ ਸਮਰੱਥ ਹੈ, ਆਓ ਜਿਥੇ ਹੋਰ ਪਦਾਰਥਾਂ ਦੇ ਗੁਣ ਸੁਣ ਪਰਾਪਤੀ ਲਈ ਸਿਰ-ਤੋੜ ਮਿਹਨਤ ਕਰਦੇ ਹਾਂ, ਇਸੇ ਤਰਾਂ ਭਾਈ ਵਾਹਿਗੁਰੂ ਜੀ ਦੇ ਗੁਣ ਸ੍ਵਨ ਕਰਕੇ ਮਨ 'ਚ ਤਾਂਘ ਪੈਦਾ ਕਰੀਐ, ਤਾਂ ਜੋ ਜਨਮਾ ਜਨਮਾਤਰਾਂ ਤੇ ਵਿਛੜੇ ਹਾਂ ਮਨੁੱਖ ਜਾਮਾ ਮਿਲਾਪ ਲਈ ਮਿਲਿਆ ਹੈ ਇਸ ਨੂੰ ਇਵੇਂ ਅਜਾਈਂ ਨਾ ਗਵਾਈਐ, ਜਿਥੇ ਉਸ ਦੇ ਗੁਣ ਮਹਿਮਾ ਗਾਉਣੇ ਉਥੇ ਉਸ ਨੂੰ ਸੁਣਦੇ ਵੀ ਹਾਂ ਉਥੇ ਨਾਲ-ਨਾਲ ਮਿਲਣ ਦੀ ਤਾਂਘ ਰੱਖ ਕੇ ਦਰਸ਼ਨ ਮਿਲਾਪ ਨੂੰ ਤੜਪੀਏ ਜਿਵੇਂ ਤੜਫ ਹੈ ਖਿੱਚ ਹੈ, ਉਥੇ, ਹਰੀ ਪਰਮਾਤਮਾ ਮਿਲਾਪ ਦਾ ਇਕ ਦਿਨ ਹੋ ਜਾਵੇਗਾ ।

ਆਉ ਸਾਰੇ ਪ੍ਰਣ ਕਰੀਏ

ਹੋਇ ਇਕਤ੍ਰ ਮਿਲਹੁ ਮੇਰੀ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
"ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ *(ਅੰਗ ੧੧੮੫)*
ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ *(ਅੰਗ ੬੪੬)*

ਭਾਵ:- ਦਾਸ ਦੀ ਸੁਹਿਰਦ ਪੂਰੇ ਪੰਥ ਖਾਲਸਾ ਜੀ ਨੂੰ ਅਤੇ ਸੰਸਾਰ ਦੇ ਹਰ ਗੁਰਦੁਆਰਾ ਸਾਹਿਬ ਸਾਰੀਆਂ ਸੰਸਥਾਵਾਂ, ਟਕਸਾਲਾਂ ਗੁਰਮਤਿ ਵਿਦਿਆਲਿਆਂ, ਹਰ ਪੰਥਕ ਗਰਮ-ਨਰਮ-ਸਿਆਸੀ, ਜਥੇਬੰਦੀਆਂ ਕਾਰ ਸੇਵਾ ਤੋਂ ਲੈ ਕੇ ਵਿਦਵਾਨਾਂ ਤੱਕ ਹਰ ਗੁਰੂ ਨਾਨਕ ਨਾਮ ਲੇਵਾ ਸੰਗਤ ਸਾਰੇ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦਿਲੀ, ਪਾਕਿਸਤਾਨ ਹਰ ਗੁਰਦੁਆਰੇ ਸਾਹਿਬ ਜੀ ਦੇ ਪ੍ਰਬੰਧਕ ਵੀਰਾਂ ਨੂੰ ਸਨਿਮਰ ਦੋਨੋ ਹੱਥ ਜੋੜ ਦਿਲੋਂ ਬੇਨਤੀ ਕਰਦਾ ਹਾਂ, ਕਿ ਵਾਸਤਾ ਗੁਰੂ ਗ੍ਰੰਥ ਸਾਹਿਬ ਜੀ ਦਾ, ਅਸੀਂ ਸਾਰੇ ਇਕ ਗੁਰੂ ਦੇ ਸਿੱਖ ਹਾਂ ਸਾਡੀ ਕੋਈ ਜ਼ਾਤ, ਪਾਤ ਨਹੀਂ, ਇਕ ਖਾਲਸਾ ਜਮਾਤ, "ਏਕੁ ਪਿਤਾ ਏਕਸ ਕੇ ਹਮ ਬਾਰਿਕ"-ਹਾਂ, ਇਕ ਸ਼ਬਦ ਦੇ ਪੁਜਾਰੀ, ਫਿਰ ਹਰ ਜਗ੍ਹਾਂ ਹਰ ਸਮੇਂ, ਆਪਸੀ ਮਤ-ਭੇਦ ਕਿਉਂ, ਝਗੜੇ ਕਿਉਂ, ਈਰਖਾ ਕਿਉਂ ਅਹੁਦੇ ਦੀ, ਹਉਮੈ ਕਿਉਂ, ਵੱਡੇ ਛੋਟੇ ਦਾ ਫਰਕ ਕਿਉਂ, ਜ਼ਾਤ ਪਾਤ ਕਰਕੇ ਕੌਮ ਊਚ, ਨੀਚ, ਅਮੀਰ, ਗਰੀਬ, ਦਾ ਵਿਤਕਰਾ ਕਿਉਂ, ਕੌਮ ਦੇ ਦਰਦੀਓ, ਕੌਮ ਨੂੰ ਵੰਡੋ ਨਾ, ਕੌਮ ਦੇ ਭਵਿੱਖ ਬਾਰੇ ਸੋਚੋ ਜੋ ਇਕ ਗੁਰੂ ਨਾਨਕ ਦੇਵ ਜੀ ਦੇ ਸਿੱਖ ਦਾ ਭਵਿੱਖ ਹੈ, ਉਹ ਹੀ ਕੌਮ ਦਾ ਭਵਿੱਖ ਹੈ, ਜੋ ਜਥੇਬੰਦੀਆਂ, ਸੰਪਰਦਾਵਾਂ, ਪ੍ਰਬੰਧਕ ਕਮੇਟੀਆਂ ਕਥਾ ਵਾਚਕਾਂ, ਵਿਦਵਾਨਾਂ, ਰਾਗੀ, ਗ੍ਰੰਥੀ, ਸੇਵਦਾਰਾਂ ਦਾ ਭਵਿੱਖ ਹੈ ਉਹ ਹੀ ਕੌਮ ਦਾ ਭਵਿੱਖ ਹੈ, ਆਉ ਮਨਾਂ 'ਚੋਂ ਕੁੜੱਤਣ ਨੂੰ ਪੂਰਨ ਤੌਰ ਤੇ ਖਤਮ ਕਰੀਏ ਇਕ ਉਜਲੇ ਭਵਿੱਖ ਲਈ ਸਾਰੇ ਇਕ ਮਰਿਯਾਦਾ, ਇਕ ਸੋਚਣੀ, ਗੁਰੂ ਦੀ ਮੱਤ ਦੇ ਧਾਰਨੀ ਹੋ ਇਕ ਨਿਸ਼ਾਨ ਸਾਹਿਬ ਥੱਲੇ ਖੜੇ ਹੋ ਅਰਦਾਸਿ ਕਰੀਏ ਕਲਗੀਧਰ ਦਸਮੇਸ਼ ਦੀ ਚਰਨਾਂ 'ਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ 'ਚ ਕਿ ਮਹਾਰਾਜ ਅਲੱਗ-ਅਲੱਗ ਹੋ ਬਹੁਤ ਨੁਕਸਾਨ ਕਰਾ ਲਿਆਂ ਹੈ, ਆਪਣਾ-ਆਪਣਾ ਰਸਤਾ ਪਕੜ ਚੱਲ ਕੇ ਦੇਖ ਲਿਆ, ਮੰਜ਼ਲ ਨਜ਼ਦੀਕ ਨਹੀਂ ਆ ਰਹੀ ਕੁਛ ਪਰਾਪਤੀ ਨਹੀਂ, ਇਕੱਠੇ ਹੋ ਹੰਭਲਾ ਮਾਰੀਏ ਗੁਰੂ ਸਾਡੇ ਨਾਲ,

ਨੀਅਤ ਮਨ ਸਾਫ ਵਾਲੇ ਸਿੱਖ ਦੇ ਅੰਗ-ਸੰਗ ਪਰਮਾਤਮਾ ਹੈ ।

ਸਤਿਗੁਰਾਂ ਦੇ ਬਚਨ ਹਨ- ਗੁਰੂ ਗੋਬਿੰਦ ਸਿੰਘ

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਸਿਆਸੀ ਲੀਡਰਾਂ ਦੇ ਧਿਆਨ 'ਚ ਗੱਲ ਲਿਔਣੀ ਚਾਹੁੰਦਾ ਹਾਂ, ਠੀਕ ਹੈ, ਰਾਜਨੀਤੀ ਤੁਹਾਡੇ ਕੋਲ ਬਹੁਤ ਹੈ ਪਰ ਧਰਮਨੀਤੀ ਤੋਂ ਜ਼ੀਰੋ ਲਗਦੇ ਹੋ। ਬਾਕੀ ਆਪਣੇ ਦੇਸ਼ ਵਿਚ ਜਿੰਨੀਆਂ ਵੀ ਸਿਆਸੀ ਪਰਾਟੀਆਂ ਹਨ ਸਿਆਸੀ ਲੀਡਰ ਹਨ, ਉਨ੍ਹਾਂ ਦਾ ਜੋ ਵੀ ਧਰਮ ਹੈ ਉਹ ਪਹਿਲਾਂ ਧਰਮ ਦੀ ਗੱਲ ਕਰਦੇ ਹਨ ਧਰਮ ਵਾਰੇ ਇਨ੍ਹੇ ਪਰਪੱਕ ਹਨ, ਕਿ ਧਰਮ ਤੋਂ ਬਗੈਰ ਉਹ ਗੱਲ ਹੀ ਨਹੀ ਕਰਦੇ, ਭਾਵ, ਆਰ. ਐਸ. ਐਸ. ਹੈ, ਸ਼ਿਵ ਸੈਨਾ ਹੈ, ਕੋਈ ਹੋਰ ਪਾਰਟੀ ਹੈ ਉਸਦਾ ਲੀਡਰ ਆਪਣੇ ਧਰਮ ਵਿਚ ਪੱਕਾ ਹੈ,

ਕੇਵਲ ਸਿੱਖ ਸਿਆਸੀ ਲੀਡਰ ਦੇਖਿਆਂ ਕਿ ਜਦੋਂ ਕੁਰਸੀ ਹੱਥ ਆਉਂਦੀ ਦਿਸਦੀ ਹੈ, ਮਾਇਆ ਆਉਂਦੀ ਦਿਸਦੀ ਹੈ, ਇਸ ਨੂੰ ਧਰਮ ਯਾਦ ਹੀ ਨਹੀਂ ਰਹਿੰਦਾ ਐਸਾ ਹੀ ਪਹਿਲੇ ਲੀਡਰਾਂ ਨੇ ਕੀਤਾ ਐਸਾ ਹੀ ਮੌਜੂਦਾ ਲੀਡਰ ਧਰਮ ਦਾ ਖਿਲਵਾੜ ਉਡਾ ਰਹੇ ਹਨ, ਕੋਈ ਸਟੈਡ ਨਹੀਂ ਆਉ ਇਤਿਹਾਸ ਦੇ ਕਲੰਕੀ ਨਾ ਬਣੀਏ, ਸੱਚ ਤੇ ਪਹਿਰਾ ਦੇਈਏ, ਇਕ ਪਲੇਟ ਫਾਰਮ ਤੇ ਖੜੇ ਹੋਈਐ, ਸਾਡੀ ਫਰਿਆਦ ਗੁਰੂ ਜ਼ਰੂਰ ਸੁਣੇਗਾ, ਜੇ ਗੁਰੂ ਤੇਗ ਬਹਾਦਰ ਜੀ ਆਪਣਾ ਸੀਸ, ਬਲੀਦਾਨ ਦੇ ਕੇ ਹਿੰਦੂ ਧਰਮ ਬਚਾ ਸਕਦੇ—ਤਾਂ ਕੀ ਸਿੱਖਾ ਤੇਰਾ ਧਰਮ ਨਹੀ ਬਚਾ ਸਕਦੇ ਸਾਡੀ ਏਕਤਾ ਨਾ ਹੋਣ ਕਰਕੇ ਹੀ ਬਿਦੇਸ਼ਾਂ ਵਿਚ ਦਸਤਾਰਾਂ ਦਾ ਝਗੜਾ ਸ਼ੁਰੂ ਹੋ ਚੁਕਾ ਹੈ, ਜੇ ਇਸੇ ਤਰ੍ਹਾਂ ਅਵੇਸਲੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋ ਤੂੰ ਬਿਦੇਸ਼ਾਂ ਵਿਚ ਕੇਸ ਵੀ ਗੁਰੂ ਦੀ ਮਹੋਰ ਜੋ ਹੈ ਨਹੀਂ ਰੱਖ ਸਕੇਂਗਾ ਜਿੰਨਾ ਜ਼ੋਰ, ਖਰਚ, ਕੁਰਸੀਆਂ, ਪ੍ਰਧਾਨਗੀ, ਲਈ ਸਿਖਾ ਤੂੰ ਲਾਉਂਦਾ ਹੈ, ਜੇ ਕਿਤੇ ਇਸ ਤਾਕਤ ਦੀ ਪੈਸੇ ਦੀ ਸਹੀ ਵਰਤੋਂ ਕਰ ਲਵੇਂ ਗੁਰੂ ਨਾਨਕ ਦੇਵ ਜੀ ਦਾ ਹਰ ਸਿੱਖ ਅਮੀਰ ਹੋ ਸਕਦਾ ਹੈ, ਗੁਰਸਿਖੋਂ ਜੇ ਸੋਚੀਐ ਗੁਰਦੁਆਰੇ ਤੇ ਕਬਜ਼ੇ ਲਈ ਜੋ ਗੁਰੂਦੁਆਰਾ ਸਾਹਿਬ ਦੀ ਗੋਲਕ ਦਾ ਪੈਸਾ ਇਸਤੇਮਾਲ ਜਿੰਨਾ ਹੁੰਦਾ ਹੈ, ਕੋਟ ਕਚਹਿਰੀਆਂ ਵਿਚ ਪਰਕਾਸ਼ ਦਾੜੇ ਸਿੱਖੀ ਸਰੂਪ ਲੈ ਕੇ ਜ਼ਦੋਂ ਜੱਜਾਂ ਮੋਹਰੇ ਪੇਸ਼ ਹੁੰਦੇ ਹੋ, ਖਰਚਾ ਕਰਦੇ ਇਹ ਸਭ ਤੋਂ ਵੇਖਿਆ ਜਾ ਸਕਦਾ ਇਹ ਪੈਸਾ ਸ਼ਹੀਦ ਪਰਵਾਰਾਂ ਨੂੰ ਜਾਂ ਜਿਨ੍ਹਾਂ ਨੂੰ ਮੱਦਦ ਦੀ ਲੋੜ ਹੈ ਉਥੇ ਖਰਚ ਕਰੀਏ ਕੌਮ ਦਾ ਭਵਿੱਖ ਉਜਲਾ ਹੋ

ਸਕਦਾ ਹੈ ।

ਜੋ ਧਰਮ ਕੌਮ ਦੇ ਪਰਚਾਰ ਦੀ ਗੱਲ ਕਰਦਾ ਹੈ, ਕੌਮਾਂ ਉਹੋ ਹੀ ਚੜ੍ਹਦੀਆਂ ਕਲਾਂ 'ਚ ਜਾ ਸਕਦੀਆਂ ਹਨ, ਜਿਨ੍ਹਾਂ ਦੇ ਪਰਚਾਰਕ ਦਿਲੋਂ ਕੌਮਾਂ ਨੂੰ ਪਰਚਾਰਨ ਵਿਚ ਦੇਸ ਦਾ ਕੌਮ ਦੇ ਲੀਡਰ ਗੁਰਦੁਆਰਿਆਂ ਤੇ ਕਾਬਜ਼ ਬਹੁਤੇ ਲੋਕ, ਰਾਗੀ, ਗ੍ਰੰਥੀ, ਕਵੀ, ਢਾਢੀ, ਪਰਚਾਰਕ, ਵਿਆਖਿਆਕਾਰ ਇਨ੍ਹਾਂ ਸਾਰੀ ਪ੍ਰਚਾਰਕ ਸ਼੍ਰੇਣੀ ਨਾਲ ਕਿੰਨਾ ਕੁ ਘਟੀਆ, ਵਿਉਹਾਰ ਕਰਦੇ ਹਨ ਜਿਨ੍ਹਾਂ ਕਰਕੇ ਇਨ੍ਹਾਂ ਤੋ ਤੰਗ ਆ ਕੇ ਕਈਆਂ ਨੂੰ ਇਹ ਪੇਸ਼ਾ ਛੱਡਣਾ ਪਿਆ, ਤਕੜੇ ਰਾਗੀ ਕਲਾਸੀਕਲ ਗਾਉਣ ਵਾਲੇ, ਕਲਚਰਗੀਤ, ਗਾਉਣ ਲੱਗ ਪਏ ਕਿਉਂਕਿ, ਪ੍ਰਬੰਧਕ ਰਸੂਖ ਹੀ ਏਨਾ ਵਧੀਆ ਕਰਦੇ ਹਨ, ਕਿ ਪ੍ਰਚਾਰਕ ਇਹ ਕੰਮ ਛੱਡਣ ਲਈ ਤਿਆਰ ਹੋ ਜਾਵੇ।

ਇਹ ਗੱਲ ਮੈਂ ਮੰਨਦਾ ਕਿ ਪ੍ਰਚਾਰਕ ਸ੍ਰੇਣੀ 'ਚ ਬੰਦੇ ਗਲਤ ਹਨ, ਪਰ ਇਸ ਦਾ ਇਹ ਮਤਲਬ ਨਹੀਂ, ਕੁਝ ਬੰਦੇ ਗਲਤ ਹੋਣ ਕਰਕੇ ਤੁਸੀਂ ਸਾਰਿਆਂ ਨਾਲ ਉਹ ਹੀ ਵਿਉਹਾਰ ਕਰੋ, ਭਾਵ ਜੇ ਰੋਗ ਦਾ ਦਰਦ ਹੈ, ਇਸ ਦਾ ਭਾਵ ਇਹ ਨਹੀਂ ਕਿ ਸਾਰੀ ਬਾਂਹ ਹੀ ਕੱਟ ਦਿੱਤੀ ਜਾਵੇ ਬਲਕਿ ਉਸ ਪੀੜਾ ਦਾ ਇਲਾਜ ਕੀਤਾ ਜਾਵੇ। ਸਿਖੀ ਪਰਚਾਰ ਲਈ ਸੁਹਿਰਦ ਹੋਵੇ ਤਾਂ ਜ਼ਰੂਰੀ ਹੈ, ਪਰਚਾਰਕਾਂ ਦੀ ਕਦਰ, ਉਨ੍ਹਾਂ ਨੂੰ ਬਣਦਾ ਸਤਿਕਾਰ ਦੇਣਾ ਪਵੇਗਾ। ਇਹ ਨਹੀਂ ਕਿ ਕਮੇਟੀ ਵਾਲਾ ਬੰਦਾ ਕਹੇ ਮੇਰੇ ਮਗਰ ਪ੍ਰਚਾਰਕ ਘੁੰਮੇ, ਕਿਉਂਕਿ ਮੈਂ ਹੁਣ ਪ੍ਰਬੰਧਕ ਹਾਂ। ਮੇਰੇ ਨਾਲ ਹੁੰਦਾ ਹੈ ਬਹੁਤ ਜਗ੍ਹਾਂ ਸਟੇਜ ਤੇ ਕਹਿਣਗੇ, ਪੰਥ ਦਾ ਮਹਾਨ ਵਿਦਵਾਨ ਬਾਅਦ ਵਿਚ ਫਤਹਿ ਬੁਲਾਉਣਾ ਵੀ ਭਾਈਆਂ ਨੂੰ ਹੱਤਕ ਸਮਝਦੇ ਹਨ, ਖੈਰ ਗੁਰੂ ਮਿਹਰ ਕਰੇ।

ਜੋ ਦਾਸ ਬੇਨਤੀ ਕਰ ਰਿਹਾ ਕਿ ਇਹ ਸਭ ਮਨਾਂ 'ਚੋਂ ਗਲਤ ਫਹਿਮੀਆਂ 'ਵਿਤਕਰੇ, ਈਰਖਾ ਨੂੰ ਛੱਡੋ ਜੋ ਜਿਸ ਨੂੰ ਬਣਦਾ ਸਤਿਕਾਰ ਉਹ ਦੇਣਾ ਜ਼ਰੂਰੀ ਹੈ ਇਹ ਸਭ ਮੈਂ ਮੇਰੀ, ਚੌਧਰ ਦੀ ਭੁਖ ਵੱਡੇ-ਪੁਣੇ ਦੀ ਭੁਖ, ਪੈਸੇ ਦਾ ਹੰਕਾਰ, ਜ਼ਾਤ-ਪਾਤ ਦਾ ਹੰਕਾਰ, ਕਾਰਬਾਰੋ ਦਾ ਹੰਕਾਰ, ਤਾਂ ਹੀ ਖਤਮ ਹੋ ਸਕਦਾ ਹੈ ਜੇ ਆਪਾ ਸਾਰੇ ਹੀ ਸਤਸੰਗੀ ਬਣ ਜਾਈਏ ਬਗੈਰ ਨਾਗੇ ਤੋਂ ਗੁਰੂ ਦਰਬਾਰ 'ਚ ਜਾ ਕੇ ਪਾਠ, ਕੀਰਤਨ, ਕਥਾ, ਵਿਆਖਿਆ ਸਰਵਣ ਕਰੀਏ, ਫਿਰ ਹਉਮੈ ਤੋਂ ਬਚਾ ਹੋ ਸਕਦਾ ਹੈ, ਕੌਮ ਵੀ ਚੜ੍ਹਦੀ ਕਲਾ ਵਿਚ ਹੋ ਸਕਦੀ, ਹਰ ਗੁਰਸਿੱਖ ਦਾ ਦੁਖ, ਸਾਰੀ ਕੌਮ ਮਹਿਸੂਸ ਕਰੇ, ਹਰ ਗੁਰਸਿੱਖ ਦੇ ਸੁਖ ਨਾਲ ਸਾਰਿਆਂ ਨੂੰ ਸੁਖ ਮਿਲੇ ਕਰੇ :

ਵਾਰ ੬, ਪਉੜੀ ੭, ਵਿਚ ਭਾਈ ਗੁਰਦਾਸ ਸਾਹਿਬ

੧. ਗੁਰ ਉਪਦੇਸ ਅਦੇਸੁ ਕਰਿ, ਪੈਰੀ ਪੈ ਰਹਰਾਸਿ ਕਰੰਦੇ ।

੨. ਚਰਣ ਸਰਣਿ ਮਸਤਕੁ ਧਰਨਿ, ਚਰਨ ਰੇਣੁ ਮੁਖਿ ਤਿਲਕ ਸਹੁੰਦੇ ।

੩. ਭਰਮ, ਕਰਮ ਦਾ ਲੇਖੁ ਮੇਟਿ, ਲੇਖੁ ਅਲੇਖ ਵਿਸੇਖ ਬਣੰਦੇ ।
੪. ਜਗਮਗ ਜੋਤਿ ਉਦੋਤੁ ਕਰਿ, ਸੂਰਜ ਚੰਦ ਨ ਲਖ ਪੁਜੰਦੇ ।
੫. ਹਉਮੈ ਗਰਬੁ ਨਿਵਾਰਿ ਕੈ, ਸਾਧਸੰਗਤਿ ਸਰ ਮੇਲਿ ਮਿਲੰਦੇ ।
੬. ਸਾਧਸੰਗਤਿ ਪੂਰਨ ਬ੍ਰਹਮੁ, ਚਰਣ ਕਵਲ ਪੂਜਾ ਪਰਚੰਦੇ ।
੭. ਸੁਖ ਸੰਪਟਿ ਹੋਇ ਭਵਰ ਵਸੰਦੇ ॥੧॥

ਭਾਈ ਸਾਹਿਬ ਇਸ ਪਉੜੀ ਵਿਚ ਸਤਸੰਗਤਿ ਜੀ ਵਡਿਆਈ ਦੱਸਦੇ ਹਨ।

ਜੋ ਦਾਸ ਨੇ ਬੇਨਤੀ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਜਗਤ ਨੂੰ ਕੀਤੀ ਹੈ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਅਸੀਂ ਸਾਰੇ ਜੀ ਸ਼ਬਦ ਗੁਰੂ ਨੂੰ ਮੰਨਣ ਵਾਲੇ ਹਾਂ ਤਾਂ ਜ਼ਰੂਰੀ ਹੈ ਕਿ ਹਰ ਮਨੁਖ ਸਤਸੰਗੀ ਬਣ ਕਥਾ ਕੀਰਤਨ ਨਿੱਤਨੇਮ ਗੁਰੂ ਦੀ ਹਜ਼ੂਰੀ ਦੋਨੋਂ ਟਾਈਮ ਨਹੀਂ ਤਾਂ ਇਕ ਟਾਈਮ ਬਹੁਤ ਹੀ ਜ਼ਰੂਰੀ ਹੈ ਹਾਜ਼ਰੀ ਭਰੇ, ਫਿਰ ਝਗੜੇ ਖਤਮ ਹੋ ਜਾਣਗੇ, ਅਹੁਦੇ ਦਾ, ਪੈਸੇ ਦਾ, ਪਾਰਟੀ ਦਾ, ਰਾਜ ਨੀਤੀ ਦਾ, ਸਿਆਣਪ ਦਾ, ਅਹੰਕਾਰ ਨਹੀਂ ਹੋਵੇਗਾ ਅਹੰਕਾਰ ਵੀ ਸਾਰੇ ਝਗੜੇ ਹਨ, ਇਹ ਨਾ ਹੋਵੇ ਤਿਆਗ ਵੈਰਾਗ ਉਪਰਾਮਤਾ ਹੋਵੇ ਤਾਂ ਹੀ ਸਹੀ ਰਸਤੇ ਅਸੀਂ ਚੱਲ ਸਕਦੇ ਹਾਂ ਅਤੇ ਦੂਸਰੇ ਨੂੰ ਚੱਲਣ ਦੀ ਸਿਖਿਆਂ ਦੇ ਸਕਦੇ ਹਾਂ, ਰਹਿਤਨਾਮਿਆਂ 'ਚੋਂ ਬਚਨ ਹਨ-

੧. ਵਾਹਿਗੁਰੂ ਪੁਨ ਮੰਤ੍ਰ ਸੁ ਜਾਪ ।
੨. ਕਰਿ ਇਸ਼ਨਾਨ ਪੜ੍ਹੇ ਜਪ ਜਾਪ ।
੩. ਸੰਧਯਾ ਸਮੈ ਸੁਨੈ ਰਹਿਰਾਸ ।
੪. ਕੀਰਤਨੁ ਪੜ੍ਹੇ ਸੁਨੈ ਹਰਿ ਜਾਸ ।
੫. ਇਨ ਪੈ ਨੇਮ ਜੁ ਏਕ ਕਰਾਇ ।
੬. ਸੋ ਸਿੱਖ ਅਮਰਪੁਰੀ ਹਰਿਆ ਹੋਵੈ ।
ਗੁਣ ਗਾਵਤੁ ਮਨੁ ਹਰਿਆ ਹੋਵੈ ॥
ਕਥਾ ਸੁਣਤ ਮਲੁ ਸਗਲੀ ਖੋਵੈ ॥

(ਅੰਗ ੧੦੪)

ਜੋ ਹਵਾਈ ਸਫਰ ਵੇਲੇ ਕਕਾਰ ਲਾਹੇ ਜਾਂਦੇ ਹਨ, ਉਸ ਬਾਰੇ ਦਾਸ ਦਾ ਖਿਆਲ ਹੈ ਜੇ ਪੰਥਕ ਲੀਡਰ ਸਿੰਘ ਸਾਹਿਬ ਸ਼੍ਰੋਮਣੀ ਕਮੇਟੀ ਚਾਹਵੇ ਤਾਂ ਕੀ ਸਿਰੀ ਸਾਹਿਬ ਦਾ ਮਸਲਾ ਹੱਲ ਨਹੀਂ ਹੋ ਸਕਦਾ ? ਜ਼ਰੂਰ ਹੋਵੇਗਾ, ਜੋ ਕਕਾਰ, ਕੜਾ 'ਤੇ ਕਿਰਪਾਨ ਚੈਕਿੰਗ ਵਕਤ ਹਵਾਈ ਜ਼ਹਾਜ਼ ਦੇ ਸਫਰ ਸਮੇਂ ਸਾਡੇ ਉਤਾਰੇ ਜਾਂਦੇ ਹਨ, ਇਨ੍ਹਾਂ ਬਾਰੇ ਬੁਧੀ ਜੀਵ ਸਿੱਖ ਵਿਦਵਾਨ ਇਨ੍ਹਾਂ ਨੂੰ ਦੱਸਣ ਤੇ ਕੀ ਕਕਾਰਾਂ ਦੀ ਬੇ-ਅਦਬੀ ਬੰਦ ਨਹੀਂ ਹੋ ਸਕਦੀ !

ਬਿਲਕੁਲ ਹੋ ਸਕਦੀ ਸਾਡੇ ਕਕਾਰ ਨਹੀਂ ਉਤਾਰੇ ਜਾ ਸਕਦੇ, ਪਰ ਇਸ ਲਈ ਇਕੱਠੇ ਹੋ ਹੰਭਲਾ ਮਾਰਨਾ ਪਵੇਗਾ, ਪਹਿਲਾਂ ਆਪਣੀ ਸਰਕਾਰ ਤੇ ਜ਼ੋਰ ਦਿੱਤਾ ਜਾਵੇ, ਫਿਰ ਇਹ ਸਰਕਾਰ ਦੂਜੀਆਂ ਸਰਕਾਰਾਂ ਨੂੰ ਦੱਸੇ ਕਿ ਇਹ ਕਕਾਰ ਕੀ ਹਨ, ਪਰ ਸਾਡੇ ਸਿੱਖ ਭਰਾ ਲੀਡਰਾਂ ਨੂੰ ਅਤੇ ਸਿੰਘ ਸਾਹਿਬਾਨ ਕੇਵਲ ਫੌਰਨ 'ਵਿਦੇਸ਼ਾਂ ਵਿਚ ਜਾਣ ਦੀ ਤਾਂਘ ਖੁਸ਼ੀ ਹੁੰਦੀ ਹੈ, ਕਕਾਰ ਉਤਾਰਨੇ ਇਸ ਲਈ ਉਨ੍ਹਾਂ ਲਈ ਆਸਾਨ ਹਨ, ਕਿਉਂਕਿ ਹਰ ਵੇਲੇ ਇੰਡੀਆ ਵੀ ਨਹੀਂ ਸਰੀਰ ਨਾਲ ਰੱਖਦੇ। ਮੇਰੀ ਕਿਸੇ ਨਾਲ ਦੁਸ਼ਮਣੀ ਨਹੀਂ, ਪਰ ਮੈਨੂੰ ਦੁਖ ਜ਼ਰੂਰ ਹੈ ਜਦੋਂ ਸਾਡੇ ਕਕਾਰਾਂ ਨਾਲ ਕੋਝਾ ਵਰਤਾਉ ਕੀਤਾ ਜਾਂਦਾ ਹੈ, ਦਸਤਾਰ ਉਤਾਰਨ ਤਕ ਸਕਿਉਰਟੀ ਜਾਂਦੀ ਹੈ, ਹਰ ਰੋਜ਼ ਇੰਡੀਆ ਤੋਂ ਇੰਡੀਆ ਨੂੰ ਸਿੰਘ ਸਿੰਘਣੀਆਂ ਜਾਂਦੇ ਆਉਂਦੇ ਹਨ, ਇਸ ਮੰਗ ਨੂੰ ਮੁੱਖ ਰੱਖ ਕੁਝ ਸਮਾਂ ਸਫਰ ਬੰਦ ਕਰ ਦਿੱਤਾ ਜਾਵੇ, ਏਅਰ ਲਾਈਨਾਂ ਹੱਥ ਜੋੜ ਕਹਿਣਗੀਆਂ ਕਿ ਅਸੀ ਸ੍ਰੀ ਸਾਹਿਬ, ੬ ਇੰਚ, ਕੜਾ, ਦਸਤਾਰ ਬਿਲਕੁਲ ਨਹੀ ਉਤਾਰਾਂਗੇ। ਪਰ ਇਹ ਹੋਵੇਗਾ ਤਾਂ ਜੇ ਮਾਨਯੋਗ ਸਿੰਘ ਸਾਹਿਬਾਨ ਪਹਿਲ-ਕਦਮੀ ਕਰਨ, ਇਹ ਕਦੇ ਨਹੀ ਹੋ ਸਕਦਾ ਕਿ ਗੁਰੂ ਦੀ ਸੰਗਤ ਗੁਰਮਤਾ ਕਰ ਇਸ ਕਾਰਜ ਨੂੰ ਹਿਰਦੇ ਨਾਲ ਨੇਪਰੇ ਚਾੜ੍ਹਣ ਦੀ ਕੋਸ਼ਿਸ਼ ਕਰਨ ਕੋਈ ਵੱਡਾ ਕੰਮ ਨਹੀਂ, ਸਾਡੇ ਕਕਾਰ ਸਾਡੀ ਜਿੰਦ-ਜਾਨ ਹਨ, ਸਾਡੇ ਧਰਮ ਦੇ ਧਾਰਮਿਕ ਚਿੰਨ੍ਹ ਇਸ ਤੋਂ ਬਗੈਰ ਸਿੰਘ ਨਹੀ ਰਹਿ ਸਕਦਾ। ਜਦੋਂ ਸਮੁੱਚੀ ਕੌਮ ਇਸ ਗੱਲ ਤੇ ਆਵੇਗੀ, ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਪੰਜੇ ਸਿੰਘ ਸਾਹਿਬਾਨ ਇਕ ਹੁਕਮਨਾਮਾ ਜਾਰੀ ਕਰਨ ਕਿ ਕੋਈ ਵੀ ਅੰਮ੍ਰਿਤਧਾਰੀ ਸਿੰਘ ਕਕਾਰ ਉਤਾਰ ਕੇ ਦੇਸ਼ ਜਾਂ ਵਿਦੇਸ਼ ਲਈ ਸਫਰ ਨਹੀਂ ਕਰੇਗਾ, ਦੂਸਰੀ ਇਹ ਗੱਲ ਵੀ ਹੋ ਸਕਦੀ ਹੈ ਅੰਮ੍ਰਿਤਧਾਰੀ ਸਿੰਘ ਜਿਥੇ ਵੀ ਰਹਿ ਰਿਹਾ ਹੈ ਉਥੇ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਸਫਰ ਕਰਨ ਵਾਲੇ ਨੂੰ ਇਕ ਅੰਮ੍ਰਿਤਧਾਰੀ ਹੋਣ ਦੀ ਆਈ.ਡੀ. ਭਾਵ ਇਕ ਸਰਟੀਫਿਕੇਟ ਵਾਂਗ ਉਸ ਨੂੰ ਪੇਪਰ ਦਿੱਤਾ ਜਾਵੇ, ਜਿਥੇ ਅਸੀਂ ਵਿਦੇਸ਼ ਜਾਣ ਲਈ ਦੁਨੀਆਂ ਭਰ ਦੇ ਡੋਕੋਮਿੰਟ ਭਾਵ ਪੇਪਰ ਸਰਟੀਫਿਕੇਟ ਇਕੱਠੇ ਕਰਦੇ ਹਾਂ, ਉਥੇ ਸਾਨੂੰ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤਧਾਰੀ ਦਾ ਸਰਟੀਫਿਕੇਟ ਲੈਣ ਲਈ ਮੁਸ਼ਕਲ ਨਹੀਂ ਹੋਣੀ ਚਾਹੀਦੀ। ਜਿੰਨੇ ਐਨੇ ਹੋਰ ਪੇਪਰ ਇਕੱਠੇ ਕਰਦੇ ਹਾਂ, ਉਥੇ ਇਕ ਪੇਪਰ ਦਾ ਭਾਰ ਨਹੀ ਲੱਗਣਾ ਚਾਹੀਦਾ। ਇਸ ਕਰਕੇ ਰਲ-ਮਿਲ ਜਮਾਤ, ਕਰਾਮਾਤ ਹੁੰਦੀ ਹੈ, ਇਸ ਕਰਕੇ ਹੰਭਲਾ ਮਾਰੀਏ ਕਕਾਰਾਂ ਦੀ ਹੁੰਦੀ ਬੇਅਦਬੀ ਨੂੰ ਅਦਬ ਸਤਿਕਾਰ ਨਾਲ ਪਹਿਨੀਏ।

ਸੰਗਤਿ ਦੀ ਬੁਨਿਆਦ

ਸਿੱਖ ਧਰਮ ਦੇ ਬਾਨੀ ਨਿਰੰਕਾਰ ਦੇ ਸਰਗੁਨ ਸਰੂਪ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਸਤਸੰਗਤਿ ਦੀ ਨੀਂਹ ਰੱਖੀ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ, ਸੁਲਤਾਨਪੁਰ ਵਿਚ ਗੁਰੂ ਨਾਨਕ ਜੀ ਦੀ ਨਿੱਤ ਕ੍ਰਿਆ ਇਸ ਤਰ੍ਹਾਂ ਸੀ :

ਪਿਛਲ ਰਾਤੀਂ ਜਾਗਦੇ ਅਤੇ ਇਸ਼ਨਾਨ ਲਈ ਵੇਈਂ ਤੇ ਚਲੇ ਜਾਂਦੇ, ਇਸ਼ਨਾਨ ਕਰਕੇ ਵੇਈਂ ਦੇ ਕਿਨਾਰੇ ਹੀ ਪਹਿਲਾਂ ਕੁਝ ਚਿਰ ਉਸ ਦੀ ਯਾਦ ਵਿਚ ਜੁੜਦੇ ਤੇ ਫਿਰ ਕੀਰਤਨ ਕਰਦੇ, ਭਾਈ ਮਰਦਾਨਾ ਜੀ ਨਾਲ ਹੀ ਹੁੰਦੇ ਸਨ। ਵੇਈਂ ਦੇ ਕਿਨਾਰੇ ਹੀ ਸੰਗਤ ਜੁੜਨ ਲੱਗ ਪਈ, ਸਵੇਰੇ ਹੀ ਪ੍ਰਸ਼ਾਦਿ ਛੱਕ ਕੇ ਗੁਰੂ ਨਾਨਕ ਜੀ ਤੜਕਸਾਰ ਦਰਬਾਰ ਲੱਗਣ ਤੋਂ ਪਹਿਲਾਂ ਹੀ ਪੁਜ ਜਾਂਦੇ ਅਤੇ ਕਿਸੇ ਦਾ ਵੀ ਰਾਜ ਦਰਬਾਰ ਤਕ ਕੋਈ ਕੰਮ ਹੋਵੇ, ਸਿੱਧ ਕਰ ਦਿੰਦੇ, ਦੌਲਤ ਖਾਨ ਵੀ ਉਸ ਤੇ ਹੀ ਮੁਹਰ ਲਗਾ ਦਿੰਦਾ, ਜਿਸ ਤੇ ਬਾਬਾ ਨਾਨਕ ਜੀ ਕਹਿੰਦੇ ਦਰਬਾਰ ਵਿਚ ਕਿਸੇ ਦਾ ਕੋਈ ਕੰਮ ਨਾ ਅੜਦਾ, ਭੂਮੀਏ ਚੌਧਰੀ, ਕਾਨੂੰਗੋ, ਕਰੋੜੀਏ, ਗਰੀਬ ਰਿਆਇਆ, ਤੇ ਹੋਰ ਸਭ ਗੁਰੂ ਨਾਨਕ ਜੀ ਦੀ ਸੂਝ ਅਤੇ ਜੁਗਤੀ ਤੇ ਹੈਰਾਨ ਹੁੰਦੇ, ਸੱਚੀ ਗੱਲ ਤਾਂ ਇਹ ਹੈ ਕਿ ਹਰ ਕਿਸੇ ਦੀ ਜ਼ਬਾਨ ਤੇ ਇਹ ਹੀ ਸੀ, ਹੇ ਪਰਮੇਸ਼ਰ ਨਾਨਕ ਤੂੰ ਹੀ ਹੈਂ, ਇਹਨਾਂ ਕਰਕੇ, ਨਾ ਰਈਅਤ ਨਾ ਚੌਧਰੀ, ਨਾ ਕਾਨੂੰਗੋ, ਨਾ ਸਿਕਦਾਰ ਝਗੜਦਾ, ਨਾ ਕਿਸੇ ਨੂੰ ਬੰਦੀਖਾਨਾ ਮਿਲਦਾ। ਧੰਨ ਹੈ ਨਾਨਕ ਜਿਸ ਦੀ ਸੰਗਤ ਦੇ ਪਰਤਾਪ ਕਰਕੇ ਸਾਰੀ ਲੁਕਾਈ ਨੂੰ ਬਹੁਤ ਸੁਖ ਹੋਇਆ। ਦੌਲਤ ਖਾਨ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਮੁਰੀਦ ਹੀ ਬਣ ਗਿਆ, ਇਹੀ ਕਾਰਨ ਕਿ ਭਾਈ ਗੁਰਦਾਸ ਜੀ ਨੇ ਦੌਲਤ ਖਾਨ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦੀ ਸੂਚੀ ਵਿਚ ਲਿਖਿਆ ਹੈ, ਭਾਈ ਜੀ ਸ਼ਬਦ ਰਾਹੀ ਹਾਮੀ ਭਰਦੇ ਹਨ :- 'ਦੌਲਤ ਖਾਨ ਲੋਧੀ ਭਲਾ ਹੋਇਆ ਜਿੰਦ ਪੀਰ ਅਬਿਨਾਸੀ'। ਮੈਕਾਲਫ ਦੇ ਕਹਿਣ ਅਨੁਸਾਰ ਦੇਸ਼ ਵਿਚ ਧੁੰਮ ਪੈ ਗਈ, ਰਾਤ ਦਿਨ ਬਾਬੇ ਪਾਸ ਮੇਲਾ ਤੇ ਲੰਗਰ ਲੱਗਾ ਰਹਿੰਦਾ। ਮੜ੍ਹੀ ਮਸਾਣੀ, ਮੂਰਤੀ ਮੰਨਣ ਤੋਂ ਹਟਾ ਕੇ ਲੋਕਾਂ ਨੂੰ ਪ੍ਰਮੇਸ਼ਰ ਵਲ ਪ੍ਰੇਰਦੇ, ਭੇਖਾਂ ਦੀ ਨਿਖੇਧੀ ਕਰਦੇ।

ਪੁਰਾਤਨ ਜਨਮ ਸਾਖੀ ਮੁਤਾਬੱਕ, ਜੋ ਵੀ ਗੁਰਸਿੱਖ ਸਤਿਗੁਰ ਜੀ ਪਾਸ ਆਉਂਦੇ ਸਤਿਗੁਰੂ ਉਪਦੇਸ਼ ਬਖਸ਼ਦੇ-ਭਾਈ, ਜੋ ਖਾਵੈ, ਹੋਰ ਪਰਮੇਸ਼ਰ ਕੇ ਅਰਥ ਦੇਵੇ ਅਤੇ

ਨਿਤਾਪ੍ਰਤਿ ਰਾਤ ਕਉ ਕੀਰਤਨ ਹੋਵੇ ।

ਭਾਈ ਭਗੀਰਥ ਜਦੋਂ ਸਤਿਗੁਰਾਂ ਦੇ ਚਰਨਾਂ 'ਚ ਆਇਆਂ, ਤਾਂ ਇਸ ਨੇ ਕਾਲੀ ਦੀ ਪੂਜਾ ਛੱਡ ਦਿੱਤੀ। ਕਿਉਂਕਿ ਭਾਈ ਭਗੀਰਥ ਮਲਸੀਹਾਂ ਜੋ ਸੁਲਤਾਨਪੁਰ ਤੋਂ ੧੨ ਕੁ ਮੀਲ ਦੀ ਵਾਟ ਹੈ ਉਥੇ ਦਾ ਰਹਿਣ ਵਾਲਾ ਸੀ । ਪੂਰਨ ਗੁਰੂ ਦੀ ਸੰਗਤ ਦਾ ਪ੍ਰਭਾਵ ਹੀ ਐਸਾ ਹੈ ਤਨ ਮਨ ਧਨ ਕਰਕੇ ਸੇਵਾ 'ਚ ਜੁਟ ਗਿਆ। ਭਗੀਰਥ ਨੇ ਕਾਲੀ ਨੂੰ ਗੁਰੂ ਨਾਨਕ ਦਰਬਾਰ 'ਚ ਝਾੜੂ ਮਾਰਦੇ ਦੇਖਿਆ, ਪੁਛਣ ਤੇ ਕਾਲੀ ਨੇ ਉੱਤਰ ਦਿੱਤਾ, ਭਗੀਰਥ ਹੈਰਾਨ ਨਾ ਹੋ, ਮੈਂ ਹੀ ਕਾਲੀ ਮਾਤਾ-ਹਾਂ, ਸੇਵਾ ਕਰਦੀ ਹਾਂ, ਮੇਰੇ 'ਚ ਸ਼ਕਤੀ ਆਉਂਦੀ ਹੈ, ਗੁਰੂ ਨਾਨਕ ਜੀ ਨੇ ਸੋਝੀ ਬਖਸ਼ੀ ਕਿ ਲੋਕ-ਸੇਵਾ ਹੀ ਸ਼ਕਤੀ ਦਿੰਦੀ ਹੈ ।

ਭਲੇ ਪੁਰਸ਼ਾਂ ਦੀ ਸੰਗਤ ਹੀ ਦੀਦਾਰ ਹੈ, ਸੰਗਤ ਕਰ ਵਾਹਿਗੁਰੂ ਦੇ ਗੁਣ ਗਾਣੇ ਹੀ ਅਸਲ ਦੀਦਾਰ ਹਨ। ਭਗੀਰਥ ਜੀ ਸਤਿਸੰਗ ਕਰਨ ਲੱਗੇ। ਉਹ ਅੰਮ੍ਰਿਤ ਵੇਲੇ ਜਾਗਦੇ, ਵੇਈਂ ਇਸ਼ਨਾਨ ਕਰਨ ਵੀ ਨਾਲ ਹੀ ਜਾਂਦੇ। ਦਿਨ ਰਾਤ ਅਭਿਆਸ ਕਰਨ ਅਤੇ ਸਾਰਾ ਦਿਨ ਸੰਤ ਸੇਵਾ ਵਿਚ ਬਿਤਾਣ ਲੱਗਾ । ਸਤਿਗੁਰਾਂ ਨੇ ਭਾਈ ਮਨਸੁਖ ਨੂੰ ਵੀ ਇਹੋ ਉਪਦੇਸ਼ ਬਖਸ਼ਿਆ ਸੀ ਕਿ ਭਾਈ ਤਿੰਨ ਗੱਲਾਂ ਪੱਲੇ ਬੰਨ੍ਹਣ ਲਈ ਕਹੀਆਂ- ੧. ਨਾਮ ਵਿਚ ਲਿਵ ਲਾਉਣੀ, ੨. ਹਉਮੈ ਨੂੰ ਜਿੱਤਣ ਨਿਰਹੰਕਾਰ ਰਹਿਣਾ, ੩. ਹਮੇਸ਼ਾ ਹਰ ਵਕਤ ਭਾਣੇ ਵਿਚ ਰਹਿਣਾ । ਸਤਿਗੁਰੂ ਨਾਨਕ ਜੀ ਦੇ ਦਰਸ਼ਨਾਂ ਨੂੰ ਸਾਰੀ ਲੋਕਾਈ ਹੀ ਟੁਟ ਪਈ, ਲੋਕੀਂ ਸਭ ਕੁਝ ਗੁਰੂ ਚਰਨਾਂ 'ਚ ਨਿਛਾਵਰ ਕਰਨ ਲੱਗੇ। ਜੋਗੀਆਂ ਨੇ ਕਰਾਮਾਤਾਂ ਦਾ ਸਹਾਰਾ ਲੈ ਕੇ ਲੋਕਾਈ ਨੂੰ ਆਪਣੇ ਵਲ ਖਿੱਚਣਾ ਚਾਹਿਆ, ਪਰ ਬਾਬੇ ਅੱਗੇ ਇਕ ਨਾ ਚੱਲੀ, ਫਿਰ ਗੋਸ਼ਟ ਕਰਨ ਲਈ ਗੁੱਸੇ ਵਿਚ ਆ ਗਏ, ਕਹਿਣ ਲੱਗੇ, ਆਗੂ ਭੰਗਰ ਨਾਥ ਨੇ ਇਹ ਕਿਹਾ ਕਿ ਤੁਸੀਂ ਇਹ ਗ੍ਰਿਹਸਤ ਵਿਚ ਉਦਾਸੀ ਦਾ ਮਾਰਗ ਚਲਾ ਕੇ ਦੁੱਧ ਵਿਚ ਕਾਂਜੀ ਕਿਉ ਪਾਈ ਹੈ ?

ਪੁਛੇ ਜੋਗੀ ਭੰਗਰ ਨਾਥ
ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ !

ਸਤਿਗੁਰੂ ਜੀ ਕਹਿੰਦੇ ਜੋਗੀਓ ਅਸਲ ਇਹ ਗੱਲ ਹੈ ਕਿ, ਤੁਹਾਡੀ ਬੁੱਧ ਫਿਟ ਚੁਕੀ ਹੈ, ਉਸ ਵਿਚ ਜੋ ਪਾਇਆ ਜਾਏਗਾ, ਫਿਟ ਜਾਏਗਾ, ਉਸ ਨੂੰ ਸਾਫ ਧੋ ਲਿਆ ਜਾਵੇ, ਫਿਰ ਜੋ ਪਾਉਗੇ ਫਿਟੇਗਾ ਨਹੀਂ । ਜਦੋਂ ਸਤਿਗੁਰਾਂ ਅੱਗੇ ਇਕ ਨਾ ਚੱਲੀ ਤਾਂ ਪੁਛਣ ਲੱਗੇ ਇਹ ਸ਼ਕਤੀ ਕਿਥੋਂ ਆਈ, ਜਿਸ ਦਾ ਆਸਰਾ ਹੈ, ਗੁਰੂ ਕੌਣ ਹੈ ?

ਬਾਬਾ ਬੋਲੇ ਨਾਥ ਜੀ! ਅਸਿ ਵੇਖਣਿ ਜੋਗੀ ਵਸਤੁ ਨ ਕਾਈ ।

ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਰਿ ਰਾਈ

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਸਤਸੰਗਿਤ ਦੀ ਵਡਿਆਈ ਅਤੇ ਆਤਮਕ ਸ਼ਕਤੀ ਅਤੇ ਮਾਨਸਕ ਤੌਰ ਤੇ ਸੁਖੀ ਜੀਵਨ ਬਾਰੇ ਸੰਗਤ ਕਰਨੀ ਜ਼ਰੂਰੀ ਦੱਸਿਆ। ਹਰ ਮਨੁੱਖ ਨੂੰ ਧਰਮ ਦੇ ਅਵਲੰਬੀ ਪੁਰਖ ਨੂੰ ਜੰਗਲ 'ਚ ਜਾਣ ਦੀ ਲੋੜ ਨਹੀ, ਇਥੇ ਹੀ ਬੁਰਿਆਂ ਤੋਂ ਬਚ ਕੇ ਭਲਿਆਂ ਨਾਲ ਭਲੇ ਪੁਰਖ ਭਾਈਚਾਰੇ ਨੂੰ ਸੁੰਞਾਂ ਨਾ ਛੱਡਣ। ਸੰਗਤ ਕਰਦਿਆਂ ਨਾਲ ਖਿਮਾਂ, ਧੀਰਜ ਤੇ ਸਤਿ ਉਪਦੇਸ਼ ਦੇ ਕੇ ਭਲੇ ਪਾਸੇ ਲਾਉਣ ਦੀ ਸੇਵਾ ਕਰਨੀ ਚਾਹੀਏ। ਇਹ ਸਾਰੇ ਦਾ ਫਲ ਨਿਕਲਿਆ ਇਹ ਕਿ ਚੰਗੇ ਲੋਕ ਭਾਈਚਾਰੇ ਦੇ ਵਿਚ ਰਹੇ, ਚੰਗੇ ਆਪੋ ਵਿਚ ਮਿਲ ਕੇ ਸੁਖੀ ਹੋਏ ਤੇ ਚੰਗਾ ਭਾਈਚਾਰਾ ਬਣਿਆ, ਤੇ ਮੰਦਿਆਂ ਨੂੰ ਉਹਨਾਂ ਨੇ ਉੱਚੇ ਕਰਨ ਦਾ ਯਤਨ ਕੀਤਾ ਤੇ ਨਫਰਤ ਨਾ ਵਰਤੀ। ਉਹਨਾਂ ਨੇ ਦੁੱਖ ਸਹਿ ਕੇ ਵੀ ਭਲੇ ਕੀਤੇ, ਤਾਂ ਭਾਈਚਾਰੇ ਦੀ ਸੁਰ ਸੁਰੀਲੀ ਹੁੰਦੀ ਗਈ, ਅਰਥਾਤ ਗੁਰੂ ਨਾਨਕ ਦੇਵ ਜੀ ਨੇ ਜਿੰਨੇ ਵੀ ਗੁਰਮੁਖ ਪੈਦਾ ਕੀਤੇ ਸਭ ਸੰਗਤ ਕਰਕੇ ਹੀ ਜੀਵਨ ਬਦਲੇ। ਜਿਨ੍ਹਾਂ ਦੇ ਵਿਚੇ ਰਹਿ ਕੇ ਗੁਰਸਿਖ ਤੇ ਗੁਰਮੁਖ ਪੈਦਾ ਕੀਤੇ, ਸਤਿਗੁਰਾਂ ਨੇ ਸੰਗਤ ਰਾਹੀਂ ਹੀ ਹਰ ਮਨੁੱਖ ਨੂੰ ਧਰਮ ਵਿਚ ਪੂਰਨ ਕੀਤਾ। ਉਹਨਾਂ ਨੇ ਵਾਹਿਗੁਰੂ ਤੇ ਉਸ ਦੇ ਹੁਕਮ ਨੂੰ ਸਮਝਣ ਦਾ ਸਭ ਤੋਂ ਵੱਧ ਜ਼ੋਰ ਦਿੱਤਾ ਅਤੇ-

ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥ (ਅੰਗ ੧੨੮੬)

ਦਿਲ ਵਿਚ ਰੱਬ ਦਾ ਪਿਆਰ ਤੇ ਹੁਕਮ ਦੀ ਟੇਕ ਹੋਵੇ, ਸਹਿਜ ਵਿਚ ਜੀਵੇ ਤੇ ਭਾਈਚਾਰੇ ਵਿਚ ਵੱਸੇ, ਭਲਿਆਂ ਨਾਲ ਸਤਿਸੰਗ ਕਰੇ, ਜੈਸਾ ਕਿ ਗੁਰਬਾਣੀ ਐਸੇ ਆਤਮਕ ਦਰਸ਼ੀ ਬ੍ਰਹਮ ਬੇਤਿਆਂ ਦੇ ਨਾਮ ਗੁਰਬਾਣੀ ਨੇ ਵਰਨਣ ਕੀਤੇ ਹਨ :-

ਬਸੰਤ ਮਹਲਾ ੫ ਘਰ ੧ ਦੁਤੁਕੀਆਂ

੧ੴ ਸਤਿਗੁਰ ਪ੍ਰਸਾਦਿ

ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥
ਬਾਲਮੀਕੈ ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥
ਤੇਰਿਆ ਸੰਤਾ ਜਾਚਉ ਚਰਨ ਰੇਨ ॥
ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ਰਹਾਉ॥
॥ਰਹਾਉ॥ ਗਨਿਕਾ ਉਧਰੀ ਹਰਿ ਕਹੈ ਤੋਤ ॥
ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥
ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥੨॥

ਬਧਿਕੁ ਉਧਾਰਿਓ ਖਮਿ ਪ੍ਰਹਾਰ ॥ ਕੁਬਿਜਾ ਉਧਰੀ ਅੰਗੁਸਟ ਧਾਰ ॥
ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥੩॥
ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥
ਜਿਨਿ ਜਿਨਿ ਸੇਵਿਆ ਅੰਤ ਬਾਰ ॥
ਰੇ ਮਨ ਸੇਵਿ ਤੂ ਪਰਹਿ ਪਾਰ ॥੪॥ ਧੰਨੈ ਸੇਵਿਆ ਬਾਲ ਬੁਧਿ ॥
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥੫॥
ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥
ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥
ਜਿਹ ਅਨਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥
ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ ਕਬਿਰਿ ਧਿਆਇਓ ਏਕ ਰੰਗ ॥
ਨਾਮਦੇਵਿ ਹਰਿ ਜੀਉ ਬਸਹਿ ਸੰਗ ॥

ਜਿਵੇ ਭਗਤ ਜੀ ਦਾ ਵੀ ਫੁਰਮਾਨ ਹੈ,

ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥
(ਅੰਗ ੧੧੯੨)

ਭਾਵ ਇਸ ਸ਼ਬਦ ਅੰਦਰ ਧੰਨ ਗੁਰੂ ਨਾਨਕ ਦੀ ਜੋਤਿ ਪੰਜਵੇਂ ਸਰੂਪ ਵਿਚ ਨਾਮ ਰਸੀਏ ਪਤੀ ਪਰਮਾਤਮਾ ਦੇ ਗੁਣ ਗਾ ਕੇ ਇਕਮਿਕ ਹੋਏ ਮਹਾਂਪੁਰਸ਼ਾਂ ਦਾ ਨਾਮ ਲੈਣਾ ਕੀਤਾ ਹੈ, ਅਤੇ ਪੱਕੀ ਤੇ ਸੰਗੀ ਭਾਵ ਸੱਚ ਕੇ ਧਾਰਨੀ ਪਰਮੇਸ਼ਰ 'ਚ ਅਭੇਦ ਹੋ ਦੁਨੀਆਂ ਦੇ ਸਾਹਮਣੇ ਇਕ ਅਮਲੀ ਜੀਵਨ ਰੱਖਿਆ ਭਾਵ ਜੋ ਬਚਨ ਮੁਖੋਂ ਕਹਿੰਦੇ ਉਹਨਾਂ ਨੂੰ ਆਪ ਕਮਾਉਂਦੇ, ਐਨੀ ਉੱਚੀ ਅਵਸਥਾ ਦੇ ਮਾਲਕ ਬਣ ਕਦੇ ਆਪਾ ਨਾ ਜਤਾਉਂਦੇ, ਨਿਮ੍ਰਤਾ, ਗਰੀਬ, ਸੰਜਮ ਦੇ ਧਾਰਨੀ ਹੋ ਮਾਲਕ ਦਾ ਹੁਕਮ ਵਜਾਉਂਦੇ। ਸਾਰੀ ਸ਼ਕਤੀ ਜੋ ਪਰਾਪਤ ਕੀਤੀ, ਕੇਵਲ ਸੱਚਿਆਂ, ਮਿਲੇ ਹੋਇਆਂ ਦੀ ਸੰਗਤ ਵਿਚੋਂ ਪਰਾਪਤ ਕੀਤੀ, ਤੇ ਹਰ ਮਨੁੱਖ ਨੂੰ ਸਤਸੰਗਤਿ ਕਰਨ ਦੀ ਪ੍ਰੇਰਨਾ ਦਿੱਤੀ, ਕਿਉਂਕਿ ਸੰਗਤ ਤੋਂ ਬਿਨਾਂ ਗਿਆਨ ਸੋਝੀ ਨਹੀਂ, ਗੁਰੂ ਬਿਨਾਂ ਸੰਗਤ ਗਿਆਨ ਸੱਚ ਦਾ ਨਹੀਂ ਹੋ ਸਕਦਾ।

ਸਤਿਗੁਰ ਬਾਝਹੁ ਸੰਗਤਿ ਨ ਹੋਈ ॥
ਬਿਨੁ ਸਬਦੇ ਪਾਰੁ ਨ ਪਾਏ ਕੋਈ ॥ ***(ਅੰਗ ੧੦੬੮)***

ਪਰ ਇਥੇ ਇਹ ਵੀ ਜ਼ਰੂਰੀ ਹੈ ਜਿਥੇ ਤਨ ਕਰਕੇ ਗੁਰਸਿੱਖ ਤਿਆਰ-ਬਰ-ਤਿਆਰ ਹੈ, ਉਥੈ ਮਨ ਕਰਕੇ ਵੀ ਗੁਰਸਿੱਖੀ ਅਤੀ ਜ਼ਰੂਰੀ ਹੈ, ਕਿਉਂਕਿ

ਅੰਦਰਲੀ, ਮਨ ਦੀ ਸਿੱਖੀ ਬਿਨਾਂ ਦਿਖਾਵੇ ਦੀ ਸਿੱਖੀ ਦਾ ਸਿੱਖਣਾ ਅਤਿਅੰਤ ਜ਼ਰੂਰੀ ਹੈ। ਇਥੇ ਸਵਾਲ ਉਠ ਸਕਦਾ ਹੈ, ਅੰਦਰਲੀ ਮਨ ਦੀ ਸਿੱਖੀ ਕਿਹੜੀ ਹੈ, ਕਿਵੇਂ ਧਾਰਨ ਕੀਤੀ ਜਾਵੇ ਤੇ ਕਮਾਈ ਜਾਵੇ, ਇਸ ਦਾ ਉੱਤਰ ਭਾਈ ਗੁਰਦਾਸ ਜੀ ਬੜੇ ਸੁਚੱਜੇ ਢੰਗ ਨਾਲ, ੨੮ ਵਾਰ ਵਿਚ ਦੇ ਰਹੇ ਹਨ :

੧. ਧਰਤੀ ਪੈਰਾਂ ਹੇਠਿ ਹੈ, ਧਰਤੀ ਹੇਠਿ ਵਸੰਦਾ ਪਾਣੀ ।
੨. ਪਾਣੀ ਚਲੈ ਨੀਵਾਣੁ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ ।
੩. ਬਹੁ ਰੰਗੀ ਇਕ ਰੰਗੁ ਹੈ, ਸਭਨਾਂ ਅੰਦਰਿ ਇਕੋ ਜਾਣੀ ।
੪. ਤਤਾ ਹੋਵੈ ਧੁਪ ਵਿਚਿ, ਛਾਵੈ ਠੰਢਾ ਵਿਰਤੀ ਹਾਣੀ ।
੫. ਤਪਦਾ ਪਰਉਪਕਾਰ ਨੋ, ਠੰਢੇ ਪਰਉਪਕਾਰ ਵਿਹਾਣੀ ।
੬. ਅਗਨਿ ਬੁਝਾਏ ਤਪਤਿ ਵਿਚਿ, ਠੰਢਾ ਹੋਵੈ ਬਿਲਮੁ ਨ ਆਣੀ ।
੭. ਗੁਰੁ ਸਿਖੀ ਦੀ ਏਹੁ ਨੀਸਾਣੀ ॥੧੩॥

ਨਾਮ ਦੀ ਕਮਾਈ ਸਤਸੰਗਤਿ ਵਿਚੋਂ ਜੋ ਸਿੱਖਿਆਂ ਗ੍ਰਹਿਣ ਕਰਨੀ, ਭਾਵ ਆਪਣੇ ਆਪ ਨੂੰ ਜੇ ਸਤਸੰਗੀ ਕਹਾਉਣਾ, ਗੁਰਸਿਖ ਐਸਾ ਜੈਸਾ ਸਤਿਗੁਰਾਂ ਦੇ ਦਰ ਤੇ ਪਰਵਾਨ ਹੈ ਤਾਂ ਜ਼ਰੂਰੀ ਹੈ ਇਸ ਪਉੜੀ ਦੇ ਸਾਰੇ ਗੁਣਾਂ ਦਾ ਧਾਰਨੀ ਅਤੇ ਪਾਣੀ ਦੇ ਸਾਰੇ ਗ੍ਰਹਿਣ ਕਰਨੇ ਜ਼ਰੂਰੀ ਹਨ, ਮੁਕਦੀ ਗੱਲ ਤੇਈਵੀਂ ਵਾਰ ਦੀ ੧੫ ਪਉੜੀ ਵਿਚ ਗੁਰਬਾਣੀ ਦੀ ਕੁੰਜੀ ਰਾਹੀਂ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਵਾਸਤੇ ਸੁਖੈਣ ਅਲਫਾਜ਼ਾਂ ਵਿਚ ਇਉਂ ਦਰਸਾ ਰਹੇ ਹਨ :

੧. ਗੁਰਮੁਖਿ ਸੁਖ ਫਲੁ ਪਾਇਆ, ਸਧਸੰਗਤਿ ਗੁਰ ਸਰਣੀ ਆਏ ।
੨. ਧ੍ਰੂ ਪ੍ਰਹਿਲਾਦੁ ਵਖਾਣੀਅਨਿ ਅੰਬਰੀਕੁ ਬਲਿ ਭਗਤਿ ਸਬਾਏ ।
੩. ਜਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗਿ ਤਰਾਏ ।
੪. ਬੇਣੁ ਤਿਲੋਚਨੁ ਨਾਮ ਦੇਉ ਧੰਨਾ ਸਧਨਾ ਭਗਤ ਸਦਾਏ ।
੫. ਭਗਤੁ ਕਬੀਰੁ ਵਖਾਣੀਐ, ਜਨ ਰਵਿਦਾਸੁ ਬਿਦਰ ਗੁਰੁ ਭਾਏ ।
੬. ਜਾਤਿ ਅਜਾਤਿ ਸਨਾਤਿ ਵਿਚਿ, ਗੁਰਮੁਖਿ ਚਰਣ ਕਵਲ ਚਿਤੁ ਲਾਏ ।
੭. ਹਉਮੈ ਮਾਰੀ ਪ੍ਰਗਟੀ ਆਏ ॥੧੫॥

ਭਾਵ ਜਦੋਂ ਤੋਂ ਸੰਸਾਰ ਬਣਿਆ, ਜੇ ਕਿਸੇ ਨੇ ਪ੍ਰਭੂ ਪਰਮਾਤਮਾ ਦੀ ਪਰਾਪਤੀ ਕੀਤੀ ਹੈ, ਪਰਮੇਸ਼ਰ ਨੂੰ ਪਾਇਆ ਹੈ ਤਾਂ ਕੇਵਲ ਜੋ ਮਾਰਗ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਦੱਸਿਆ ਹੈ, ਇਸੇ ਸਿਧਾਂਤ ਨੂੰ ਅਪਣਾ ਕੇ ਪ੍ਰਾਣੀ ਪਰਮੇਸ਼ਰ ਵਿਚ ਅਭੇਦ ਹੋਇਆ ਹੈ। ਸਿੱਖ ਜਗਤ ਦੇ ਮੁਖੀ ਤੇ ਬਾਨੀ ਗੁਰੂ ਨਾਨਕ ਮਹਾਰਾਜ ਜੀ ਸਿੱਖ ਧਰਮ ਦੇ ਮੁਖ ਸਿਧਾਂਤ ਦੇ ਵਿਚ ਸਭ ਤੋਂ ਪਹਿਲਾਂ ਮਹਾਰਾਜ ਜੀ ਨੇ ਹਰ ਪ੍ਰਾਣੀ ਨੂੰ ਸਤ-ਸੰਗੀ ਹੋਣ ਵਾਸਤੇ ਕਿਹਾ ਹੈ ਅਤੇ ਪਰਮੇਸ਼ਰ ਨੂੰ ਮਿਲਣ ਦੇ ਗੁਣ

ਜੋ ਗੁਰੂ ਚਰਨਾਂ ਸਤਸੰਗੀ ਸੁਣਦੇ ਹਨ ਉਨ੍ਹਾਂ ਨੂੰ ਗ੍ਰਹਿਣ ਕਰਨ ਦੀ ਤਾਕੀਦ ਕੀਤੀ ਹੈ, ਇਸ ਕਰਕੇ ਸਿੱਖ ਧਰਮ ਦੇ ਅੰਦਰ ਸਤਸੰਗਤਿ ਦੀ ਰਹੁ-ਰੀਤੀ ਦੀ ਨੀਂਹ ਰੱਖਣ ਵਾਲੇ ਸਤਿਗੁਰੂ ਨਾਨਕ ਦੇਵ ਜੀ ਹਨ।

ਸੋ ਐਸੇ ਗੁਰੂ ਦੀ ਸੰਗਤ ਜੋ ਸੁੱਖਾਂ ਦਾ ਖਜ਼ਾਨਾ, ਜੀਵਨ ਜੀਉਣ ਦੀ ਵਧੀਆ ਜੁਗਤੀ, ਲੋਕ ਪਰਲੋਕ ਸਵਾਰਨ ਵਾਲੀ ਸੰਗਤ ਨੂੰ ਮਨੁੱਖ ਕਿਉਂ ਵਿਸਾਰਦਾ ਹੈ?

ਗੁਰਸਿੱਖ ਦੀ ਸੰਗਤ ਪ੍ਰਤੀ ਖਿੱਚ, ਗੁਰੂ ਜੀ ਦੇ ਦਰਸ਼ਨਾਂ ਦੀ ਤੜਪ ਅਤੇ ਦੋਨੋਂ ਪਾਸੇ ਦੀ ਪ੍ਰੀਤ ਗੁਰੂ ਅਤੇ ਸਿੱਖ ਦੀ ਜਿਥੇ ਗੁਰਬਾਣੀ ਨੇ ਬੜੇ ਸੁਚੱਜੇ ਢੰਗ ਨਾਲ ਦਰਸਾਈ ਹੈ, ਉਥੇ ਮਹਾਨ ਫਿਲਾਸਫਰ, ਮਹਾਨ ਲਿਖਾਰੀ, ਮਹਾਨ ਵਿਦਵਾਨ, ਮਹਾਨ ਸੇਵਾਦਾਰ, ਭਾਈ ਗੁਰਦਾਸ ਜੀ ਕਬਿੱਤ ਸਵੱਯਾਂ ਰਾਹੀਂ ਜੀਵ ਨੂੰ ਬਨਵਾਸੀਆਂ ਭਾਵ ਪਤੰਗੇ, ਭੌਰੇ, ਮੱਛੀ ਜਿਹੇ ਜਾਨਵਰ ਪੰਛੀਆਂ ਦੀ ਉਦਾਹਰਣ ਇਕ ਬਹੁਤ ਅਹਿਮੀਅਤ ਰਖਦੀ ਹੈ, ਕਿਉਂਕਿ ੮੪ ਲੱਖ ਜੂਨ ਦੀ ਸਰਦਾਰੀ ਦਾ ਤਾਜ ਜਿਸ ਦੇ ਸਿਰ ਤੇ ਲੱਗਾ ਹੋਵੇ, ਐਸੇ ਮਨੁਖ ਨੂੰ ਜੇ ਸਤਿ ਗੁਰਾਂ ਨੂੰ ਅਤੇ ਵਿਦਵਾਨਾਂ ਨੂੰ ਆਤਮ-ਦਰਸੀਆਂ ਨੂੰ ਜਾਨਵਰਾਂ ਪੰਛੀਆਂ ਦੀਆਂ ਅਗੰਮ ਮੰਜ਼ਿਲਾਂ ਦੇ ਦ੍ਰਿਸ਼ਟਾਂਤ, ਪ੍ਰਮਾਣ ਦੇਣੇ ਪਏ ਹਨ ਤਾਂ ਜ਼ਰੂਰ ਕੋਈ ਐਸੀ ਖਾਮੀ ਮਨੁੱਖ 'ਚ ਹੋਣੀ ਜ਼ਰੂਰੀ ਹੈ ਜਿਸ ਕਰਕੇ ਇਸ ਨੂੰ ਸਮਝਾਉਣ ਲਈ, ਪਸ਼ੂ, ਪੰਛੀ ਦੇ ਜੀਵਨ ਬਾਰੇ ਦੱਸਿਆ ਗਿਆ ਅਤੇ ਉਨ੍ਹਾਂ ਦੇ ਜੀਵਨ ਤੇ ਸਿੱਖਿਆ ਲੈਣ ਲਈ ਪਰੇਰਿਆ:

੧. *ਦੀਪਕ ਪੈ ਆਵਤ ਪਤੰਗ ਪ੍ਰੀਤਿ-ਰੀਤਿ ਲਗਿ,*
ਦੀਪਕਹਿ ਮਹਾਂ ਬਿਪਰੀਤਿ ਮਿਲੇ ਜਾਰਿ ਹੈ।
੨. *ਅਲਿ ਚਲਿ, ਆਵਤ, ਕਮਲ ਪਹਿ ਸਨੇਹ ਕਰਿ,*
ਕਮਲ ਸੰਪੁਟਿ ਬਾਂਧਿ ਪ੍ਰਾਨ ਪਰਹਾਰਿ ਹੈ।
੩. *ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ,*
ਬਿਛੁਰਤਿ ਰਾਖਿ ਨ ਸਕਤ ਗਹਿ ਡਾਰਿ ਹੈ।
੪. *ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਕੈ ਮਰੈ, ਨ ਟਰੈ,*
ਗੁਰ ਸਿੱਖ ਸੁਖਦਾਈ ਪ੍ਰੀਤਿ ਕਿਉ ਬਿਸਾਰਿ ਹੈ॥

(ਕਬਿੱਤ ੩੧੮)

ਭਾਵ ਅਰਥ:-ਦੀਵੇ ਨਾਲ ਪਤੰਗੇ ਦਾ ਪ੍ਰੇਮ ਹੋਣ ਕਰਕੇ, ਪ੍ਰੀਤ-ਰੀਤ ਦਾ ਬੱਧਾ ਹੋਇਆ ਪਤੰਗਾ, ਦੀਵੇ ਨੂੰ ਮਿਲਣ ਆਉਂਦਾ ਹੈ, ਭਾਵੇਂ ਰਾਹ ਵਿਚ ਸੈਂਕੜੇ ਰੁਕਾਵਟਾਂ ਕਿਉਂ ਨਾ ਹੋਣ ਪਤੰਗੇ ਨੂੰ ਕੋਈ ਰੋਕ ਨਹੀ ਸਕਦਾ, ਮੀਂਹ ਹਨੇਰੀ, ਝੱਖੜ-ਝਾਂਜਾ, ਸਰਦੀ, ਗਰਮੀ, ਬਿਜਲੀ ਦੀ ਚਮਕ, ਬੱਦਲਾਂ ਦੀ ਗੜਗੜਾਹਟ, ਸਾਂ ਸਾਂ ਕਰਦੇ ਜੰਗਲ, ਹਾਥੀਆਂ ਤੇ ਸ਼ੇਰਾਂ ਦੀਆਂ ਚਿੰਘਾੜਾਂ ਵਿਚੋ ਕੋਈ ਵੀ ਪਤੰਗੇ ਨੂੰ

ਆਪਣੇ ਰਾਹੋਂ ਰੋਕ ਨਹੀ ਸਕਦੀ ।

ਇੰਨੀਆਂ ਮੁਸੀਬਤਾਂ ਦਾ ਮੁਕਾਬਲਾ ਕਰਕੇ ਆਏ ਹੋਏ ਪਰਵਾਨੇ ਨਾਲ ਦੀਵਾ ਕੋਈ ਪਿਆਰ ਨਹੀ ਕਰਦਾ। ਸਗੋ ਉਸ ਨੂੰ ਸਾੜ ਦਿੰਦਾ ਹੈ ਲੇਕਿਨ ਸਾੜ ਕੇ ਅੱਧ-ਮੋਇਆ ਕਰ ਥੱਲੇ ਸੁੱਟ ਦਿੰਦਾ ਹੈ, ਪ੍ਰੰਤੂ ਪਰਵਾਨਾ ਫਿਰ ਵੀ ਆਪਣੀਆਂ ਸੱਜਰੀਆਂ ਅੱਖਾਂ ਨਾਲ ਉਸੇ ਵੱਲ ਹੀ ਦੇਖਦਾ ਹੈ । ਕੀ ਮਨੁੱਖ ਅੰਦਰ ਆਪਣੇ ਪਿਆਰੇ ਨਾਲ ਮਿਲਣ ਦੀ ਸੱਚੀ ਏਨੀ ਪ੍ਰੀਤ ਹੈ, ਲਗਨ ਹੈ, ਭੋਰੇ ਦਾ ਕਮਲ ਫੁੱਲ ਨਾਲ ਪਿਆਰ ਹੈ, ਸਵੇਰਾ ਹੁੰਦਿਆਂ ਹੀ ਕਮਲ ਤੇ ਆ ਕੇ ਭੁਆਟਣੀਆਂ ਲੈਣ ਲੱਗ ਪੈਂਦਾ ਹੈ, ਤੇ ਸਾਰਾ-ਸਾਰਾ ਦਿਨ ਭੂੰ ਭੂੰ ਕਰਦਾ ਥੱਕਦਾ ਨਹੀਂ । ਜਿਉਂ-ਜਿਉਂ ਪੰਖੜੀਆਂ ਚੋ ਨਿਕਲੀ ਹੋਈ ਸੁਗੰਧੀ ਪਰਾਪਤਿ ਕਰਦਾ ਹੈ, ਤਿਉਂ-ਤਿਉਂ ਮਸਤ ਹੋ ਕੇ ਝੂਮਦਾ ਤੇ ਖੀਵਾ ਹੁੰਦਾ ਹੈ ।

ਦਿਨ ਦੇ ਸਫਰ ਦਾ ਥੱਕਾ ਮਾਂਦਾ ਸੂਰਜ ਜਦੋਂ ਡੁਬ ਜਾਂਦਾ ਹੈ ਤਾਂ ਕਮਲ ਫੁੱਲ ਵੀ ਮੀਟਿਆ ਜਾਂਦਾ ਹੈ, ਜਿਸ ਕਾਰਨ ਭੌਰ ਉਸ ਵਿਚ ਕੈਦ ਹੋ ਜਾਣ ਕਰਕੇ ਦਿਨ ਚੜ੍ਹਨ ਤਕ ਮਰ ਜਾਂਦਾ ਹੈ ਪਿਆਰ-ਵੱਸ ਹੋ ਕੇ ਆਏ ਹੋਏ ਭੌਰੇ ਨਾਲ ਫੁੱਲ ਨੇ ਪਿਆਰ ਕਰਨ ਦੀ ਥਾਂ ਉਸ ਦੀ ਜਾਨ ਲੈ ਲਈ, ਪਰ ਕੀ ਭੌਰਿਆਂ ਨੇ ਕਮਲ ਨਾਲ ਪਿਆਰ ਕਰਨਾ ਛੱਡ ਦਿੱਤਾ ? ਨਹੀ, ਸਗੋਂ ਆਪਣੀ ਲਗਨ 'ਚ ਲੱਗੇ ਰਹੇ, ਇਕ ਦੂਜੇ ਦੇ ਪਿਛੇ ਸਿਲਸਿਲੇਵਾਰ ਜਾਨਾਂ ਵਾਰਦੇ ਹੀ ਰਹਿੰਦੇ ਹਨ। ਕੀ ਮਨੁੱਖ ਆਪਣੇ ਪਿਆਰੇ ਹਿਤ ਕੁਰਬਾਨੀ ਏਨੀ ਕਰ ਸਕਦਾ ਹੈ ?

ਪਾਣੀ ਦੇ ਵਿਚ ਅਨੰਦ ਭਰਿਆ ਜੀਵਨ ਬਤੀਤ ਕਰ ਰਹੀ ਕੋਮਲ ਜਿਹੇ ਸਰੀਰ ਦੀ ਮਾਲਕ ਮੱਛੀ ਦਾ ਪਾਣੀ ਨਾਲ ਪ੍ਰੇਮ ਹੈ, ਮਨ, ਬਚ, ਕ੍ਰਮ ਕਰਕੇ ਪ੍ਰੇਮ ਹੈ, ਪਾਣੀ ਤੋਂ ਬਗੈਰ ਨਹੀਂ ਜੀਊਦੀ, ਤੜਪ-ਤੜਪ ਵਿਛੋੜੇ ਵਿਚ ਹੀ ਮੁਕ ਜਾਂਦੀ ਹੈ। ਪਰ ਉਸ ਦੀ ਮੌਤ ਦਾ ਕਾਰਨ ਵੀ ਪਾਣੀ ਹੀ ਬਣਦਾ ਹੈ। ਸ਼ਿਕਾਰੀ ਜਾਲ ਪਾਣੀ 'ਚ ਹੀ ਲਾਉਂਦਾ ਹੈ, ਪਰ ਉਦੋਂ ਪਾਣੀ ਇਸ ਨੂੰ ਬਚਾਉਣ ਦਾ ਕੋਈ ਉਪਰਾਲਾ ਨਹੀਂ ਕਰਦਾ ।

ਪਰ ਕੀ ਮੱਛੀਆਂ ਨੇ ਪਾਣੀ ਨਾਲ ਪਿਆਰ ਕਰਨਾ ਬੰਦ ਕਰ ਦਿੱਤਾ ? ਨਹੀਂ, ਲਗਾਤਾਰ ਕਰ ਰਹੀਆਂ ਹਨ। ਕੀ ਮਨੁੱਖ ਮੱਛੀ ਵਾਂਗ ਲਗਨ ਦਾ ਪੱਕਾ ਹੋ ਸਕਦਾ ਹੈ ? ਦੀਵੇ ਨਾਲ ਪਰਵਾਨੇ ਦੀ, ਫੁੱਲ ਨਾਲ ਭੌਰੇ ਦੀ, ਪਾਣੀ ਨਾਲ ਮੱਛੀ ਦੀ ਪ੍ਰੀਤੀ ਇਕ ਅੰਗੀ ਹੋਣ ਕਰਕੇ ਦੁਖਦਾਈ ਹੈ, ਫੇਰ ਵੀ ਇਹ ਪ੍ਰੀਤ ਨਿਭਾਈ ਜਾਂਦੇ ਹਨ। ਉਹ ਵੀ ਖੁਸ਼ੀ, ਖਿੜੇ ਮੱਥੇ ਮਨ ਕਰਕੇ ਪ੍ਰੀਤੀ ਕਰਦੇ ਹਨ, ਮਰ ਜਾਣ ਦੀ ਪਰਵਾਹ ਨਹੀਂ, ਆਪਣੀ ਟੇਕ ਤੋਂ ਟਲਦੇ ਨਹੀ, ਪਰੰਤੂ ਗੁਰੂ ਤੇ ਸਿੱਖ ਦੀ ਪ੍ਰੀਤ ਦੋ ਅੰਗੀ ਹੋਣ ਕਰਕੇ ਸੁਖਦਾਈ ਹੈ । ਸਿੱਖ ਗੁਰੂ ਨਾਲ ਇਕ ਆਨਾ ਪ੍ਰੀਤ ਕਰੇ,

ਤਾਂ ਗੁਰੂ ੧੫ ਆਨੇ ਪ੍ਰੀਤ ਕਰਦਾ ਹੈ। ਇਸ ਦੀ ਪ੍ਰਸ਼ਟੀ ਭਾਈ ਗੁਰਦਾਸ ਜੀ ਕਰ ਰਹੇ ਹਨ :

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥ (ਕਬਿੱਤ ੧੧੧)

ਅਜਿਹੀ ਅਸਥਿਤੀ ਨੂੰ ਮੱਦੇ-ਨਜ਼ਰ ਰੱਖਦਿਆਂ ਸਾਨੂੰ ਵੀ ਉਸ ਮਾਲਕ ਪਿਆਰੇ ਦੀ ਸ਼ਰਨ ਵੱਲ ਉਚੇਚਾ ਧਿਆਨ ਕੇਂਦਰਿਤ ਕਰਨਾ ਲੋੜੀਦਾ ਹੈ ਜੋ ਮਨੁੱਖ ਦੀ ਜ਼ਿੰਦਗਾਨੀ ਦੀ ਖਾਸ ਅਹਿਮੀਅਤ ਵੱਲ ਲਿਜਾਂਦਾ ਹੈ, ਜਿਸ ਸਦਕਾ ਮੁਖੈਣ ਹੀ ਇਸ ਵੱਡੀ ਮੰਜ਼ਿਲ (ਮਨੁੱਖਾ ਜਨਮ) ਨੂੰ ਸਰ ਕੀਤਾ ਜਾ ਸਕੇ।

ਸਾਧ ਸੰਗਤਿ ਮਿਲਿ ਗਾਂਵਦੇ

੧. ਸੁਖੁ ਰਾਜੇ ਹਰੀ ਚੰਦ ਘਰਿ, ਨਾਰਿ ਸੁ ਤਾਰਾ ਲੋਚਨ ਰਾਣੀ ।
੨. ਸਾਧ ਸੰਗਤਿ ਮਿਲਿ ਗਾਵਦੇ ਰਾਤੀਂ ਜਾਇ ਸੁਣੈ ਗੁਰਬਾਣੀ ।
੩. ਪਿਛੈ ਰਾਜਾ ਜਾਗਿਆ, ਅਧੀ ਰਾਤਿ ਨਿਖੰਡ ਵਿਹਾਣੀ ।
੪. ਹੋਰਤੁ ਰਾਤੀ ਉਠਿ ਕੈ ਚਾਲਿਆ ਪਿਛੇ ਤਰਲ ਜੁਆਣੀ ।
੫. ਰਾਣੀ ਪਹੁਤੀ ਸੰਗਤੀ, ਰਾਜੇ ਖੜੀ ਖੜਾਵ ਨਿਸਾਣੀ ।
੬. ਸਾਧਸੰਗਤਿ ਆਰਾਧਿਆ, ਜੋੜੀ ਜੁੜੀ ਖੜਾਉ ਪੁਰਾਣੀ ।
੭. ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ ।
੮. ਸਾਧਸੰਗਤਿ ਵਿਟਹੁ ਕੁਰਬਾਣੀ ॥੬॥

(ਵਾਰ ੧੦/੬)

ਇਹ ਗਾਥਾ ਬੜੇ ਟਾਈਮ ਤੋਂ ਪ੍ਰੱਚਲਿਤ ਹੈ। ਛੋਟੇ-ਛੋਟੇ ਬੱਚਿਆਂ ਨੂੰ ਪੁਰਾਤਨ ਸਮੇਂ ਮਾਤਾ-ਪਿਤਾ ਸੁਣਾਇਆ ਕਰਦੇ ਸਨ, ਅਸੀਂ ਵੀ ਸੁਣਿਆ। ਪਰ ਕਾਫੀ ਟਾਈਮ ਤਕ ਇਸ ਕਹਾਣੀ ਨੂੰ ਮਨਘੜਤ ਮਿਥਿਆਸ ਹੀ ਸਮਝਦੇ ਰਹੇ, ਪਰ ਜਦੋਂ ਮਹਾਂਪੁਰਸ਼ਾਂ ਦੀ ਸੰਗਤ ਮਿਲੀ ਇਸ ਗੱਲ ਦਾ ਪਤਾ ਲੱਗਾ ਕਿ ਮਿਥਿਆਸ ਨਹੀਂ ਇਹ ਅਸਲੀ ਇਤਿਹਾਸ ਦਾ ਅੰਗ ਹੈ ਕਿ ਇਕ ਰਾਜਾ ਹੋਇਆ ਉਸ ਦੀਆਂ ਬਹੁਤ ਰਾਣੀਆ ਸਨ। ਪਰ ਜੋ ਪਟਰਾਣੀ (ਵੱਡੀ ਰਾਣੀ) ਸੀ ਉਸ ਦਾ ਨਾਮ ਤਾਰਾ ਸੀ, ਉਹ ਬਹੁਤ ਧਰਮ ਆਤਮਾ ਸੀ। ਕਿਉਂਕਿ ਉਸ ਦੇ ਮਾਤਾ ਪਿਤਾ ਆਪ ਸਤਸੰਗੀ ਸਨ। ਉਨ੍ਹਾਂ ਦੇ ਪੇਕੇ ਘਰ ਦਾ ਪ੍ਰਣ ਸੀ ਕਿ ਬਗੈਰ ਹਰਿ ਜਸੁ ਕੀਰਤਨ ਤੋਂ ਬਿਨਾਂ ਕੁਛ ਛੱਕਣਾ ਨਹੀ, ਪਰ ਜਦੋਂ ਇਸ ਦੇਵੀ ਦਾ ਵਿਆਹ ਰਾਜੇ ਹਰੀ ਚੰਦ ਨਾਲ ਹੋਇਆ, ਜਦੋਂ ਵਿਆਹੀ ਰਾਜ ਮਹਿਲਾਂ ਵਿਚ ਆਈ, ਮਹਿਲਾਂ 'ਚ ਪੈਰ ਪਾਉਂਦਿਆਂ ਹੀ ਪਤਾ ਲੱਗਾ ਕਿ ਇਹਨਾਂ ਮਹਿਲਾਂ ਵਿਚ ਕਦੇ ਸਤਸੰਗਤਿ ਨਹੀਂ ਹੋਈ, ਕਿਸੇ ਨਾਮ-ਰਸੀਏ ਦੇ ਚਰਨ ਇਸ ਘਰ ਨਹੀਂ ਪਏ। ਭਗਤ ਕਬੀਰ ਜੀ ਦੇ ਬਚਨ ਅਨੁਸਾਰ :

ਕਬੀਰ ਜਾ ਘਰ ਸਾਧ ਨ ਸੇਵੀਅਹਿ
ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ
ਭੂਤ ਬਸਹਿ ਤਿਨ ਮਾਹਿ ॥੧੯੨॥ *(ਅੰਗ ੧੩੭੪)*

ਭਗਤ ਕਬੀਰ ਜੀ ਇਸ ਸਲੋਕ ਵਿਚ ਪਰਤੱਖ ਕਹਿ ਰਹੇ ਹਨ, ਜਿਸ ਘਰ

ਵਿਚ ਕਦੇ ਪਰਮਾਤਮਾ ਦੇ ਨਾਮ ਦੀ ਕੀਰਤੀ ਸਿਮਰਨ ਹਰਿ ਜਸੁ ਨਹੀਂ ਹੋਇਆ, ਭਾਵੇਂ ਉਹ ਹਿਰਦੇ ਰੂਪੀ ਘਰ ਹੈ, ਭਾਵੇਂ ਰਹਿਣ ਵਾਲਾ ਘਰ ਹੈ, ਪਿੰਡ ਮਹੱਲਾ, ਦੇਸ਼, ਸ਼ਹਿਰ ਹੈ, ਉਹ ਮੁਰਦ ਘਾਟ ਦੇ ਸਮਾਨ ਹੈ, ਜਿਥੇ ਪਰਮੇਸ਼ਰ ਦੇ ਨਾਮ ਦੀ ਭਗਤੀ ਬੰਦਗੀ, ਸਤਿ ਬਚਨ ਨਹੀਂ। ਗੁਰੂ ਅਰਜਨ ਦੇਵ ਜੀ ਦੇ ਪਾਵਨ ਬਚਨ ਜੈਤਸਰੀ ਵਾਰ ਆਉਂਦੇ ਹਨ :

ਕਉਤਕ ਕੋਡ ਤਮਾਸਿਆ ਚਿਤਿ ਨ ਆਵਸ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥ *(ਅੰਗ ੭੦੭)*

ਮਹਾਰਾਜ ਕਿਰਪਾ ਕਰ ਰਹੇ ਹਨ, ਦੁਨੀਆਂ ਦੇ ਕ੍ਰੋੜਾਂ ਨਾਟਕ ਚੇਟਕ ਤਮਾਸ਼ੇ ਜਿੰਨੇ ਮਰਜ਼ੀ ਪਏ ਹੋਣ, ਜੇ ਚਿਤ ਵਿਚ ਪਰਮੇਸ਼ਰ ਦਾ ਨਾਮ ਚਿੱਤ ਨਹੀਂ ਆਉਂਦਾ, ਤਾਂ ਇਹ ਸਾਰੇ ਨਰਕਾਂ ਦੇ ਤੁੱਲ ਹਨ। ਉਜਾੜ ਬੀਆਬਾਨ ਕ੍ਰੋੜਾਂ ਨਰਕਾਂ ਦੇ ਤੁੱਲ ਹਨ। ਕਹਿਣ ਤੇ ਭਾਵ ਦੇਖਣ ਸੁਣਨ ਵਾਲੇ ਤਾਂ ਰਾਣੀ ਤਾਰਾ ਨੂੰ ਬੜੀਆਂ ਵਧਾਈਆਂ ਦੇ ਰਹੀਆਂ ਸਨ, ਪ੍ਰੰਤੂ ਰਾਣੀ ਸਤਸੰਗਣ ਕਰਕੇ ਇਸ ਨੂੰ ਇਹ ਮਹਿਲ ਉਜਾੜਾਂ ਦੇ ਸਾਮਾਨ ਲੱਗ ਰਿਹਾ ਸੀ।

ਇਸ ਦਾ ਪ੍ਰਣ ਸੀ ਮਾਤਾ-ਪਿਤਾ ਦੇ ਘਰ ਦਾ ਬਗੈਰ ਸਤਸੰਗ ਤੋਂ ਕੁਛ ਨਹੀਂ ਖਾਣਾ, ਅੰਨ-ਜਲ ਮੂੰਹ ਨੂੰ ਨਹੀਂ ਲਾਉਣਾ, ਨਵ-ਵਿਆਹੀ ਰਾਣੀ ਨੂੰ ਬੜਾ ਭਾਰੀ ਦੁੱਖ ਸਤਾਉਣ ਲੱਗਾ ਕਿ ਹੇ ਪਰਮਾਤਮਾਂ ਮੇਰੇ ਕਿਹੜੇ ਜਨਮ ਦਾ ਮਾੜਾ ਸੰਸਕਾਰ ਜਾਗਿਆ ਹੈ ਜੋ ਮੈਨੂੰ ਐਸੇ ਸਾਕਤਾਂ ਦੇ ਘਰ ਰਹਿਣਾ ਪੈ ਰਿਹਾ ਹੈ। ਇਕ-ਇਕ ਪਲ ਰਾਣੀ ਲਈ ਔਖਾ ਸੀ :-

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ *(ਅੰਗ ੪੨੭)*

ਅਰਦਾਸਿ ਬੇਨਤੀ ਹਰੀ ਪਰਮਾਤਮਾ ਦੇ ਚਰਨਾਂ 'ਚ ਹਰ ਵਕਤ ਹੋ ਰਹੀ ਹੈ, ਆਪਣੇ ਦਿਲ ਦੀ ਹਾਲਤ ਕਿਸ ਨੂੰ ਦੱਸੇ ਉਥੇ ਕੋਈ ਸੁਣਨ ਵਾਲਾ ਹੀ ਨਹੀ ਸੀ, ਇਕ ਹਰੀ ਪਰਮਾਤਮਾ ਦੇ ਚਰਨਾਂ 'ਚ ਵਾਰ-ਵਾਰ ਅਰਜੋਈਆਂ ਕਰ ਰਹੀ ਹੈ-ਹੇ ਪਰਮੇਸ਼ਰ: ਦੁਨੀਆਂ ਦੇ ਲੋਕ ਮੈਨੂੰ ਕਹਿ ਰਹੇ ਹਨ ਤੇਰੀ ਕਿਸਮਤ ਬਹੁਤ ਚੰਗੀ ਹੈਂ, ਤੂੰ ਰਾਜ ਮਹਿਲਾਂ 'ਚ ਰਾਜੇ ਨਾਲ ਵਿਆਹੀ ਆਈ ਹੈਂ। ਪਰ ਮੈਂ ਕਹਿ ਰਹੀ ਹਾਂ ਮਹਾਰਾਜ ਮੇਰੇ ਮਾੜੇ ਕਰਮ ਜਾਗੇ ਹਨ ਜੋ ਐਸੇ ਸਾਕਤਾਂ ਦੇ ਘਰ ਮੇਰਾ ਵਿਆਹ ਹੋਇਆ ਹੈ। ਪਰ ਪੂਰਨ ਭਰੋਸਾ ਹਰੀ ਤੇ ਹੋਣ ਕਰਕੇ ਕੁਝ ਸਮੇਂ ਇਸਨੇ ਕੱਟਿਆ, ਫਿਰ ਇਸ ਦੇ ਕੰਨਾਂ 'ਚ ਇਕਾਂਤ ਰਾਤ ਨੂੰ ਹਰੀ ਕੀਰਤਨ ਦੀ ਆਵਾਜ਼ ਪਈ ਸੀ। ਘਰੋਂ ਉਸ ਪਾਸੇ ਨੂੰ ਬਗੈਰ ਕਿਸੇ ਨੂੰ ਦੱਸੇ ਪੁਛਣ ਤੋਂ ਚਲੀ ਗਈ, ਜਿਸ ਤਰ੍ਹਾਂ ਪਤੰਗਾ ਦੀਵੇ ਵਲ ਜਾਂਦਾ ਹੈ, ਭੌਰਾਂ, ਫੁੱਲ ਵਲ ਭੱਜਦਾ ਹੈ, ਮੱਛੀ ਪਾਣੀ ਵੱਲ ਤੜਫਦੀ ਹੈ, ਠੀਕ ਇਸੇ ਤਰ੍ਹਾਂ ਸਤਸੰਗਿ ਨੂੰ ਹਰੀ ਦੀ ਕੀਰਤਨੀ ਮਿਲੀ ਨੱਠ

ਤੁਰੀ, ਰੂਹ ਦੀ ਖੁਰਾਕ ਮਿਲਣ ਲੱਗੀ, ਹਰ ਰੋਜ਼ ਦਾ ਨੇਮ ਬਣ ਗਿਆ। ਜਦੋਂ ਰਾਜੇ ਨੇ ਸੌਂ ਜਾਣਾ ਇਸ ਨੇ ਸਤਸੰਗਤਿ ਵਿਚ ਜਾ ਬੈਠਣਾ, ਕੋਟਨ ਕੋਟ ਸ਼ੁਕਰ ਕਰਦੀ, ਉਸ ਦਾ ਨਾਮ ਜਪਦੀ, ਕਾਲੀ ਬੋਲੀ ਰਾਤ ਨੂੰ ਵੀ ਸੱਜ-ਵਿਆਹੀ ਤਾਰਾ ਸਤਸੰਗਤਿ 'ਚ ਜਾਣ ਲੱਗ ਪਈ।

ਇਕ ਦਿਨ ਐਸਾ ਆਇਆਂ ਕਿ ਪਿਛੋਂ ਰਾਜਾ ਉਠਿਆ, ਦੇਖਿਆ ਕਿ ਸੇਜ ਤੇ ਰਾਣੀ ਨਹੀਂ, ਹੈਰਾਨ ਹੋਇਆ ਸੋਚਦਾ, ਅਨੇਕਾਂ ਪ੍ਰਕਾਰਾਂ ਦੇ ਖਿਆਲ ਮਨ 'ਚ ਆਉਣ ਲੱਗੇ, ਪਰ ਧੀਰਜ ਤੋਂ ਕੰਮ ਲੈਂਦਿਆਂ ਦੂਸਰੀ ਰਾਤ ਜਾਗ ਕੇ ਪਤਾ ਲਿਆ। ਕਿ ਰਾਤ ਨੂੰ ਇਹ ਕਿਥੇ ਕਿਸ ਪਾਸ ਜਾਂਦੀ ਹੈ ਜੋ ਕੁਛ ਸਮੇਂ ਬਾਅਦ ਵਾਪਸ ਆ ਜਾਂਦੀ ਹੈ। ਭਾਈ ਗੁਰਦਾਸ ਜੀ ਵਾਰ ਪਉੜੀ ਦੇ ਅਨੁਸਾਰ ਪੈਰ ਦੱਬਦਾ-ਦੱਬਦਾ ਮਗਰ ਗਿਆ, ਬੜਾ ਕ੍ਰੋਧ ਕਿ ਇਸ ਨੂੰ ਮੈਂ ਮਾਰ ਮੁਕਾ ਦੇਣਾ, ਇਹ ਮੇਰੀ ਆਗਿਆ ਤੋਂ ਬਗੈਰ ਮਹਿਲਾਂ ਚੋਂ ਬਾਹਰ ਜਾਂਦੀ ਹੈ। ਪਰ ਪਿਛੇ ਜਾਣ ਕਰਕੇ ਕ੍ਰੋਧ ਠੰਡਾ ਹੋ ਗਿਆ, ਮੰਦ੍ਹ ਕਰਮ ਲਈ ਨਹੀਂ ਸਤਸੰਗਤਿ ਲਈ ਜਾਂਦੀ ਹੈ, ਰਾਣੀ ਖੜਾਂਵ ਉਤਾਰ ਜਾਂ ਸਤਸੰਗਤਿ ਬੈਠ ਪ੍ਰੇਮ ਰਸ ਨਾਮ ਦਾ ਲੈਣ ਲੱਗੀ, ਰਾਜੇ ਨੇ ਇਕ ਖੜਾਂਵ ਚੁੱਕੀ ਤੇ ਮਹਿਲਾਂ 'ਚ ਆ ਕੇ ਸੌਂ ਗਿਆ, ਕਿ ਜਦੋਂ ਸਵੇਰੇ ਮੈਂ ਪੁਛਾਂਗਾ ਦੱਸ ਇਕ ਖੜਾਂਵ ਕਿਥੇ ਹੈ, ਕੀ ਜਵਾਬ ਦਿੰਦੀ ਹੈ ? ਪਤਾ ਲੱਗੇਗਾ ਕਿ ਕਿਵੇਂ ਮੇਰੇ ਹੁਕਮ ਦੀ ਉਲੰਘਣਾ ਕਰਕੇ ਬਾਹਰ ਮਹਿਲਾਂ ਚੋਂ ਜਾਂਦੀ ਰਹੀ ਹੈ। ਕਿਉਂਕਿ ਮਾਤਾ-ਪਿਤਾ ਦੇ ਸੰਸਕਾਰ ਭਗਤੀ ਭਾਵ ਵਾਲੇ ਨਾ ਹੋਣ ਔਲਾਦ ਸਿਮਰਨ ਨਹੀਂ, ਸਤਸੰਗਤਿ ਨਹੀਂ ਕਰ ਸਕਦੀ, ਜਿਨ੍ਹਾਂ ਦੇ ਮਾਤਾ-ਪਿਤਾ ਸਤਸੰਗੀ ਅੰਮ੍ਰਿਤਧਾਰੀ ਨਾਮ ਜਪਣ ਵਾਲੇ ਹੋਣਗੇ ਔਲਾਦ ਤੇ ਵੀ ਮਾੜੇ ਚੰਗੇ ਸੰਸਕਾਰ ਪ੍ਰਭਾਵ ਪੈਣਾ ਜ਼ਰੂਰੀ ਹੈ। ਰਾਣੀ ਦੇ ਜੀਵਨ ਤੇ ਪ੍ਰਭਾਵ ਪੇਕੇ ਘਰ ਮਾਤਾ-ਪਿਤਾ ਦੇ ਜੀਵਨ ਤੋਂ ਮਿਲਿਆ ਸੀ। ਇਸ ਦਾ ਜੋ ਪਤੀ ਬਣਿਆ ਉਸ ਨੂੰ ਕੋਈ ਅਧਿਆਤਮਕ ਬਾਰੇ ਗਿਆਨ ਨਹੀਂ ਸੀ। ਇਸ ਨੂੰ ਕਿਹਾ ਬੇਅਰਥ ਹੈ, ਕਿਉਂਕਿ ਜਿਸ ਨੂੰ ਪਰਮਾਤਮਾ ਬਾਰੇ ਕੋਈ ਗਿਆਨ ਹੀ ਨਾ ਹੋਵੇ, ਗਿਆਨ ਪਰਾਪਤੀ ਲਈ ਗੁਰੂ ਧਾਰਨ ਹੀ ਨਾ ਕੀਤਾ ਹੋਵੇ, ਐਸਾ ਪੁਰਸ਼ ਨਾ ਆਪ ਸਤਸੰਗਤਿ ਕਰਦਾ ਹੈ, ਨਾ ਦੂਸਰੇ ਨੂੰ ਕਰਨ ਦਿੰਦਾ ਹੈ। ਆਪਣੇ ਪਤੀ ਦਾ ਜੀਵਨ ਸਾਕਤਾਂ ਵਾਲਾ ਦੇਖ ਉਸ ਤੋਂ ਚੋਰੀ ਹਰੀ ਕੀਰਤਨ 'ਚ ਜਾਣ ਦਾ ਮਨ ਰਾਣੀ ਨੇ ਬਣਾਇਆ ਸੀ।

ਜਦੋਂ ਸਤਸੰਗਤਿ ਦਾ ਭੋਗ ਪਿਆ ਅਰਦਾਸ ਹੋਈ, ਸਾਰੇ ਸਤਸੰਗੀ ਆਪਣੇ-ਆਪਣੇ ਘਰ ਨੂੰ ਚੱਲੇ, ਤਾਰਾ ਦੇਵੀ ਦੇਖਦੀ ਹੈ, ਮੇਰੀ ਇਕ ਖੜਾਂਵ ਨਹੀਂ ਹੈ, ਸਵੇਰੇ ਮੇਰੇ ਪਤੀ ਨੇ ਜਦੋਂ ਦੇਖਿਆ ਤੇ ਕੀ ਜਵਾਬ ਦੇਵਾਂਗੀ ਸਾਰੇ ਸਤਸੰਗੀਆਂ ਅੱਗੇ ਬੇਨਤੀ ਕੀਤੀ, ਅਸਲੀਅਤ ਤੋਂ ਜਾਣੂ ਕਰਾਇਆ ਗਿਆ ਕਿ ਮੈ ਤਾਂ ਬਗੈਰ

ਆਗਿਆ ਤੋ ਸਤਸੰਗਤਿ ਵਿਚ ਆਉਂਦੀ ਹਾਂ । ਸਾਰਿਆਂ ਨੇ ਇਕ ਮਨ ਚਿਤ ਅਰਦਾਸ ਕੀਤੀ। ਇੰਨ-ਬਿੰਨ ਖੜਾਂਵ ਪਰਗਟ ਹੋ ਗਈ। ਰਾਣੀ ਖੁਸ਼ੀ-ਖੁਸ਼ੀ ਖੜਾਵਾਂ ਪਾ ਰਾਜ ਮਹਿਲਾਂ 'ਚ ਹਰ ਰੋਜ਼ ਦੀ ਤਰ੍ਹਾਂ ਆ ਪਹੁੰਚੀ । ਰਾਜਾ ਸਵੇਰੇ ਉਠਿਆ, ਖੜਾਂਵ ਦੇਖ ਰਿਹਾਂ ਹੈ । ਹੋਰ ਕ੍ਰੋਧਵਾਨ ਹੋਇਆ, ਕਿ ਇਕ ਗਲਤੀ ਬਗੈਰ ਪੁਛੇ ਜਾਣਾ, ਦੂਸਰੀ ਗਲਤੀ ਜਿੰਦਾ ਤੋੜ ਖੜਾਂਵ ਕੱਢਣੀ । ਪੁੱਛਣ ਤੇ ਕਹੇਗੀਂ, ਮੈਂ ਤਾਂ ਕਿਤੇ ਗਈ ਹੀ ਨਹੀਂ, ਖੜਾਂਵ ਮੈਂ ਨਹੀਂ ਕੱਢੀ । ਪੁਛ ਪੜਤਾਲ ਸ਼ੁਰੂ ਹੋਈ ਰਾਣੀ ਸੱਚੀ ਸੁੱਚੀ ਔਰਤਾਂ ਵਾਂਗੂ ਸੱਚ ਸੱਚ ਦੱਸ ਦਿੱਤਾ। ਖੜਾਂਵ ਦੀ ਗੱਲ ਆਉਣ ਤੇ ਕਿਹਾ ਇਹ ਗੱਲ ਜ਼ਰੂਰ ਹੈ ਕਿ ਖੜਾਂਵ ਇਕ ਗੁੰਮ ਹੋਈ ਸੀ ਪਰ ਸਤਸੰਗਤਿ ਦੀ ਅਰਦਾਸ ਨਾਲ ਪਰਗਟ ਹੋਈ, ਰਾਜਾ ਹੈਰਾਨ ਹੋਇਆ ।

"ਰਾਜੇ ਡਿਠਾ ਚਲਿਤੁ ਏਹੁ ਖੜਾਂਵ ਹੈ ਦੋਜ ਵਿਡਾਣੀ" । ਰਾਜਾ ਇਹ ਅਲੌਕਿਕ ਖੇਲ ਦੇਖ ਕੇ ਹੈਰਾਨ ਹੋਇਆ । ਉਸ ਨੇ ਰਾਣੀ ਨੂੰ ਸਾਰੀ ਗੱਲ ਦੱਸੀ ਅਤੇ ਉਸ ਤੋਂ ਖਿਮਾਂ ਮੰਗੀ । ਤੱਤ ਇਹ ਹੋਇਆ ਕਿ ਐਸੀ ਸਤਸੰਗਤਿ ਤੋਂ ਸਦਾ ਵਾਰਨੇ ਬਲਿਹਾਰ ਤੇ ਕੁਰਬਾਨ ਜਾਈਏ, ਜੋ ਭਗਤੀ ਦੇ ਨਾਲ ਇਜ਼ਤ ਵੀ ਰੱਖਦੀ ਹੈ, ਗੁਰੂ ਨਾਲ ਮੇਲ ਕਰਦੀ ਹੈ, ਸਦਾ ਸੰਤਾਂ ਦਾ ਸੰਗ ਕਰਨਾ ਚਾਹੀਦਾ ਹੈ ਜਿਸ ਦੇ ਨਾਲ ਅੰਤਰ-ਆਤਮੇ ਦੀ ਮੈਲ ਧੋਤੀ ਜਾਂਦੀ ਹੈ ।

ਮਨ ਪਵਿੱਤਰ ਹੋ ਜਾਂਦਾ ਹੈ । ਮਨ ਦੀ ਪਵਿੱਤਰਤਾ ਸਦਕਾ ਸਰੀਰ ਦੇ ਸਭ ਕਰਮ ਔਰ ਗਿਆਨ-ਇੰਦਰੇ ਪਵਿੱਤਰ ਹੋ ਜਾਂਦੇ ਹਨ । ਜਿਸ ਕਾਰਨ ਮਨੁੱਖੀ ਸਮਾਜ ਲਈ ਵੀ ਲਾਭਦਾਇਕ ਹੈ । ਔਰ ਹਜ਼ੂਰ ਪਹੁੰਚ ਕੇ ਸਤਿਕਾਰ ਯਥਾ :- "ਹਰਿ ਦਰਗਾਹ ਪਤਿ ਸਿਓ ਜਾਇਦਾ", ਇਸ ਤਰੀਕੇ ਨਾਲ ਮਨੁੱਖੀ ਜਨਮ ਦੇ ਅਸਲੀ ਲਕਸ਼ ਦੀ ਸਮਝ ਸਤਸੰਗਤਿ ਤੋਂ ਮਿਲਦੀ ਹੈ । ਜਿਸ ਸਦਕਾ ਬੇਮਿਸਾਲ ਇੱਜ਼ਤ ਮਿਲੀ, ਜਿਸ ਨੂੰ ਲੱਭਦੇ ਬੜੇ-ਬੜੇ ਪੀਰ ਪੈਗੰਬਰ ਦੇਵੀ ਦੇਵਤੇ ਲੋਚਦੇ ਹਨ । ਅਰਥਾਤ ਰੱਬੀ ਦਰਗਾਹ ਅੰਦਰ ਵੱਡਾ ਸਨਮਾਨ ਹੀ ਪ੍ਰਾਪਤ ਨਹੀਂ ਹੋਇਆ। ਜੀਵਨ ਮੁਕਤੀ ਦੀ ਪ੍ਰਾਪਤੀ ਵੀ ਇਨਸਾਨੀ ਜਾਮੇ ਅੰਦਰ ਹੀ ਪ੍ਰਾਪਤ ਹੋਈ ।

ਅੰਤਿਕਾ

ਲਿਖਾਰੀ ਦੀ ਜ਼ਿੰਦਗੀ 'ਚ ਸੰਗਤ ਕਰਕੇ ਤਬਦੀਲੀ:-

ਕਰਤਾਰ ਸਿੰਘ ਦਾ ਬਚਪਨਾ ਪਿੰਡ ਜਲਵੇਹੜਾ ਡਾਕਖਾਨਾ ਟੋਡਰਪੁਰ, ਜ਼ਿਲਾ ਹੁਸ਼ਿਆਰਪੁਰ 'ਚ ਥੋੜ੍ਹੇ ਸਾਲ ਗੁਜ਼ਰਨ ਤੋਂ ਬਾਅਦ, ਉਸ ਟਾਈਮ ਸੰਸਾਰਕ ਵਿਦਿਆ ਲਈ, ਮਿਡਲ ਸਕੂਲ ਜਲਵੇਹੜਾ, 'ਚ ੭ ਕਲਾਸ 'ਚ ਪੜ੍ਹ ਰਿਹਾ ਸੀ, ਉਸੇ ਹੀ ਸਾਲ, ਸੋਢੀ ਗੁਰਬਚਨ ਸਿੰਘ ਜੀ, 'ਫੁਲ' ਜੋ ਸੋਢੀ ਖਾਨਦਾਨ, ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਬਾਬਾ ਸੂਰਜ ਮਲ ਦੀ ਬੰਸ ਵਿਚੋ ਸਨ, ਜਿੰਨ੍ਹਾਂ ਦੀ ਰਿਹਾਇਸ਼ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਤੋਂ ਹੀ ਸ੍ਰੀ ਆਨੰਦਪੁਰ (ਪੰਜਾਬ) ਸੀ।

ਇਕ ਸੋਢੀ ਧੀਰਮੱਲੀਏ ਜੋ ਕਰਤਾਰਪੁਰ ਰਹਿੰਦੇ ਸਨ, ਜਿਨ੍ਹਾਂ ਦਾ ਗੁਰੂ ਸਾਹਿਬਾਂ ਦੇ ਨਾਲ ਕੁਝ ਕਾਰਨਾਂ ਕਰਕੇ ਮੇਲ-ਜੋਲ ਨਹੀ, ਇਥੇ ਤਕ ਇਨ੍ਹਾਂ ਨੇ ਕਲਗੀਧਰ ਵਲੋਂ ਭੇਜੇ ਗਏ ਸਿੰਘ ਭਾਈ ਦਇਆ ਸਿੰਘ ਮੁਖੀ ਪੰਜ ਪਿਆਰੇ ਜਦੋਂ ਪੋਥੀ ਸਾਹਿਬ ਲੈਣ ਆਏ ਸਨ, ਜਵਾਬ ਦਿੱਤਾ ਤੇ ਕਹਿਆ, ਜੇ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਦੀ ਜੋਤ ਹਨ, ਤਾਂ ਆਪ ਬਾਣੀ ਲਿਖਾ ਲੈਣ ਭਾਵ ਕਹਿਣ ਤੋਂ ਦਾਸ ਦਾ ਇਹ ਹੈ, ਇਹ ਸੋਢੀ ਆਨੰਦਪੁਰ, ਗਭਲੀ ਸਰਕਾਰ, ਚੋਈ ਬਾਜ਼ਾਰ ਰਹਿੰਦੇ ਸਨ, ਕਰਤਾਰਪੁਰ ਵਾਲੇ ਗੁਰੂ ਤੋਂ ਬੇਮੁਖ ਹੋਏ ਸਨ, ਗੁਰਤਾ-ਗੱਦੀ ਕਰਕੇ ਨਾਰਾਜ਼ ਸਨ, ਭਾਵ ਆਨੰਦਪੁਰ ਸਾਹਿਬ ਵਾਲੇ ਸੋਢੀ ਗੁਰੂ ਘਰ ਨੂੰ ਹੀ ਮੰਨਦੇ ਸਨ, ਨਿਰੋਲ ਸਿੱਖੀ ਦਾ ਪਰਚਾਰ ਹੀ ਕਰਦੇ ਸਨ, ਜਥੇ ਸਮੇਤ ਜਲਵੇਹੜਾ ਪਿੰਡ ਜਦੋਂ ਸਿੱਖੀ ਪਰਚਾਰ ਹਿਤ ਮਹੀਨਾ ਇਕ ਰਹੇ ਦੀਵਾਨ ਸਜਾਏ, ਸਾਰੇ ਨਗਰ ਨਿਵਾਸੀਆਂ ਨੇ ਬੜਾ ਅਦਬ ਸਤਿਕਾਰ ਕੀਤਾ, ਗੁਰੂ ਕੇ ਜਾਣ ਕਰਕੇ ਸੇਵਾ ਕੀਤੀ। ਜਦੋਂ ਸਾਡੀ ਮਾਤਾ ਜੀ ਸੋਢੀ ਸਾਹਿਬ ਜੀ ਦੇ ਘਰੋਂ ਮਾਤਾ ਬਸੰਤ ਕੌਰ ਜੀ ਨਾਲ ਸੇਵਾ ਕਰਕੇ ਮੇਲ-ਜੋਲ ਹੋਇਆ, ਬਾਬਾ ਜੀ ਘਰੋਂ ਮੇਰੀ ਮਾਤਾ ਜੀ ਨਾਲ ਬਹੁਤ ਪਿਆਰ ਕਰਦੇ ਸਨ, ਮੇਰੀ ਮਾਤਾ ਜੀ ਨੂੰ ਪੁਛਣ ਤੇ ਕਿ ਤੁਹਾਡੇ ਕਿੰਨੇ ਪੁੱਤਰ ਹਨ, ਮਾਤਾ ਜੀ ਨੇ ਉੱਤਰ ਦਿੱਤਾ, ਕਿ ਸੁਖ ਨਾਲ ਪੰਜ ਪੁਤਰ ਹਨ, ਮਾਤਾ ਜੀ ਤੇ ਬਾਬਾ ਜੀ ਕਹਿਣ ਲੱਗੇ ਇਕ ਪੁੱਤਰ ਸਾਨੂੰ ਸੇਵਾ ਲਈ ਦੇ ਦੇਣਾ ਕਰੋ। ਮਾਤਾ ਜੀ ਨੇ ਕਿਹਾ ਜਿਹੜਾ ਤੁਹਾਡੀ ਮਰਜ਼ੀ ਹੈ ਲੈ ਜਾਉ।

ਦਾਸ ਕਰਤਾਰ ਸਿੰਘ ਨੂੰ ਬਾਬਾ ਜੀ ਨੇ ਕਿਹਾ ਕਿ ਇਸ ਨੂੰ ਸਾਡੇ ਨਾਲ ਭੇਜ ਦਿਉ, ਇਹ ਕਰੀਬ ਗੱਲ ੧੯੬੮-੬੯ ਦੀ ਹੋਵੇਗੀ ਪਿਤਾ ਜੀ ਨਾਰਾਜ਼ ਸਨ,

ਮੈਨੂੰ ਭੇਜਣ ਵਿਚ, ਪਰ ਮੈਂ ਤੇ ਮੇਰੇ ਮਾਤਾ ਜੀ, ਰਾਜ਼ੀ ਹੋ ਗਏ, ਉਸ ਦਿਨ ਤੋਂ ਦਾਸ ਸੇਵਾ 'ਚ ਹਾਜ਼ਰ ਹੋਇਆ, ਸਿੱਖੀ ਦੀ ਦਾਤ, ਗੁਰਬਾਣੀ ਦੀ ਸੰਥਿਆ ਸਭ ਤੋਂ ਪਹਿਲਾਂ ਸੋਢੀ ਗੁਰਬਚਨ ਸਿੰਘ ਜੀ 'ਫੁੱਲ' ਪਾਸੋਂ ਦਾਸ ਨੇ ਪਰਾਪਤ ਕੀਤੀ, ਹਰ ਰੋਜ਼ ਰਾਤ ਦੇ ਦੀਵਾਨ ਪਿੰਡ-ਪਿੰਡ 'ਚ ਜਾ ਕੇ ਕਰਿਆ ਕਰਦੇ ਸਨ, ਜਦੋਂ ਛੋਟੀ ਉਮਰ 'ਚ ਦਾਸ ਨੇ ਪ੍ਰਸੰਗ ਸੰਮਨ ਮੂਸਨ, ਛੋਟੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸ੍ਰਵਨ ਕੀਤੇ, ਮਨ 'ਚ ਬਹੁਤ ਬੈਰਾਗ ਆ ਜਾਂਦਾ ਸੀ, ਖਾਸ ਕਰਕੇ ਭਗਤ ਧ੍ਰੂ ਦਾ ਪ੍ਰਸੰਗ, ਬਹੁਤ ਹੀ ਮਨ ਨੂੰ ਬੰਦਗੀ ਵਲ ਖਿਚਦਾ ਸੀ। ਕਈ ਵਾਰੀ ਮਨ ਬਣਾਇਆ ਕਿ ਸਭ ਕੁਝ ਛੱਡ ਪਹਾੜਾਂ ਜੰਗਲਾਂ 'ਚ ਜਾ ਭਗਤੀ ਕਰੀਏ। ਕੋਸ਼ਿਸ਼ ਕਰਨ ਤੇ ਵੀ ਗੱਲ ਨਾ ਬਣੀ, ਹੋਰ ਅਨੇਕ ਸਿੰਘਾਂ ਦੀ ਸ਼ਹੀਦੀ ਹੋਰ ਬੇਅੰਤ ਪ੍ਰਸੰਗ ਜੋ ਬਾਬਾ ਜੀ ਨੇ ਆਪ ਹੀ ਤਿਆਰ ਕੀਤੇ ਹੋਏ ਸਨ, ਕਿਉਂਕਿ ਬਾਬਾ ਜੀ ਆਪ ਸੰਗੀਤ ਦੇ ਬਹੁਤ ਧਨੀ ਸਨ, ਨਾਲ-ਨਾਲ ਬਹੁਤ ਤਕੜੇ ਕਵੀ ਸਨ, ਤੇ ਨਾਲ ਹਕੀਮੀ ਵੀ ਬਹੁਤ ਤਕੜੀ ਕਰਦੇ ਸਨ। ਕਈ ਪਿੰਡਾਂ 'ਚ ੧੦, ੧੨ ਸਾਲ ਦੇ ਬੀਮਾਰ ਲੋਕਾਂ ਨੂੰ ਸ਼ਬਦ ਦੀ ਕਮਾਈ ਦੱਸ ਕੇ ਅਤੇ ਦੇਸੀ ਦਵਾਈ ਦੇ ਕੇ ਸਤਿਗੁਰਾਂ ਦੀ ਕ੍ਰਿਪਾ ਨਾਲ ਠੀਕ ਕਰ ਦੇਣਾ। ਦਾਸ ਨੂੰ ਯਾਦ ਹੈ ਕਿ ਅੰਮ੍ਰਿਤ ਵੇਲੇ ਉਠਾਲ ਖੂਹ 'ਚੋਂ ਪਾਣੀ ਕੱਢਕੇ ਇਸ਼ਨਾਨ ਕਰਾ ਕੇ ਨਿੱਤਨੇਮ ਦੇ ਨਾਲ ਮੈਨੂੰ ਬੈਠਾਉਣਾ, ਕਿਉਂਕਿ, ਬਾਬਾ ਜੀ ਨੇ ਜਪੁ ਜੀ ਸਾਹਿਬ, ਜਾਪੁ ਸਾਹਿਬ, ਸੂਯੇ, ਚੌਪਈ, ਅਨੰਦ ਸਾਹਿਬ, ਸੁਖਮਨੀ ਸਾਹਿਬ, ਇਨ੍ਹਾਂ ਬਾਣੀਆਂ ਦਾ ਕਵਿਤਾ ਰੂਪ 'ਚ ਉਲਥਾ ਤਰਜਮਾ ਕੀਤਾ ਹੋਇਆ ਸੀ, ਦਾਸ ਪਾਠ ਪੜ੍ਹਿਆ ਕਰਦਾ ਸੀ, ਬਾਬਾ ਜੀ ਅਰਥ ਕਰਿਆ ਕਰਦੇ ਸਨ। ਉਨ੍ਹਾਂ ਦੇ ਵਾਜਾ ਜਿਸ ਨਾਲ ੫੦ ਸਾਲ ਕੀਰਤਨ ਕੀਤਾ, ਅਤੇ ਉਨ੍ਹਾਂ ਦੀਆਂ ਪੋਥੀਆਂ ਲਿਖੀਆਂ ਹੋਈਆਂ ਦਾਸ ਕੋਲ ਮੌਜੂਦ ਹਨ, ਜੋ ਬਾਬਾ ਜੀ ਨੇ ਅਕਾਲ ਚਲਾਣਾ ਕਰਨ ਤੋਂ ਕੁਝ ਚਿਰ ਪਹਿਲਾਂ ਦਾਸ ਨੂੰ ਦਿੱਤੀਆਂ। ਸਭ ਤੋਂ ਪਹਿਲਾਂ ਦਾਸ ਨੂੰ ਸੋਢੀਆਂ ਦੀ ਸੰਗਤ ਪਰਾਪਤ ਹੋਈ, ਜਿਨ੍ਹਾਂ ਨੇ ਗੁਰਮਤਿ ਦੀ ਸੰਗਤ ਅਤੇ ਸਾਜ਼ਾਂ ਬਾਰੇ ਦਾਸ ਨੂੰ ਗਿਆਨ ਬਖਸ਼ਿਆ, ਬਾਬਾ ਜੀ ਨਾਲ ਵਿਚਰਦੇ ਸਮੇਂ, ਕਈ ਵਾਰੀ ਬੜਾ ਵੈਰਾਗ ਆ ਜਾਣਾ ਕਿ ਮਨ ਸਭ ਕੁਛ ਛੱਡ ਬੰਦਗੀ ਕਰਨ ਲੱਗ ਜਾਈਏ, ਮਨ ਸੰਸਾਰ ਤੋਂ ਬਹੁਤ ਦਫਾ ਉਪਰਾਮ ਵੀ ਹੋਇਆ, ਪਰ ਬਾਬਾ ਜੀ ਦੇ ਬਚਨ ਸਨ, ਘਰ ਬਾਰ ਤਿਆਗ ਰੱਬ ਨਹੀਂ ਮਿਲਣਾ, ਸੇਵਾ ਸਿਮਰਨ ਕਰੋ, ਵਾਹਿਗੁਰੂ ਬਖਸ਼ਿਸ਼ ਕਰੇਗਾ, ਕਰੀਬ ੫ ਸਾਲ ਸੋਢੀ ਸਾਹਿਬ ਵਿਚਰ ਕੇ ਪਿੰਡਾਂ-ਪਿੰਡਾਂ 'ਚ ਜਾ ਕੇ ਸਿੱਖੀ ਦਾ ਪਰਚਾਰ ਕੀਤਾ, ਉਪਰੰਤ ਸੰਤ ਬਾਬਾ ਦਲੀਪ ਸਿੰਘ ਡੁਮੇਲੀ ਵਾਲਿਆਂ ਦੇ ਅਸਥਾਨ ਤੇ ਗਏ। ਉਥੇ ਫਿਰ ਉਸਤਾਦ ਸਵਰਨ ਸਿੰਘ ਡੁਮੇਲੀ ਜੀ ਪਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ

ਲਈ, ਦਾਸ ਦੇ ਨਾਲ ਭਾਈ ਮਨਜੀਤ ਸਿੰਘ (ਬਘਾਣਾ) ਨਗਰ ਤੋਂ ਸਨ, ਉਸ ਤੋਂ ਉਪਰੰਤ ਮਨ ਘਰ ਨਹੀਂ ਸੀ ਲੱਗਦਾ, ਪਿਤਾ ਜੀ ਦੀ ਮੌਤ ਹੋ ਗਈ, ਅਨੇਕਾਂ ਹੀ ਅਸਥਾਨਾਂ ਤੇ ਸੇਵਾ ਕਰਨ ਦਾ ਮੌਕਾ ਦਾਸ ਨੂੰ ਮਿਲਿਆ, ਜਿਨ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਨੇ ਅੱਜ ਦਾਸ ਨੂੰ ਚਾਰ ਅੱਖਰ ਲਿਖਣ ਜੋਗਾ ਅਤੇ ਨਿਮਾਣਾ ਜਿਹਾ ਕਥਾ ਵਾਚਕ ਸਿੱਖ ਕੌਮ ਦੀ ਸੇਵਾ ਕਰਨ ਦਾ ਸੁਭਾਗ ਦਾਸ ਨੂੰ ਪਰਾਪਤ ਹੋਇਆ ਹੈ ਕਿਤਾਬਾਂ ਦਾਸ ਦੀਆਂ ਹੋਰ ਵੀ ਪਹਿਲਾਂ ਛਪੀਆਂ ਸਨ, ਜੋ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ, ਵਾਲਿਆਂ ਛਾਪੀਆਂ ਹਨ, ਜੋ ਦਾਸ ਦੀਆਂ ਆਡੀਓ ਕੈਸਿਟਾਂ ਬਾਹਰਲੇ ਦੇਸ਼ਾਂ ਦੀਆਂ ਹਨ, ਉਹਨਾਂ ਨੂੰ ਹੂ-ਬ-ਹੂ ਉਹਨਾਂ ਪੁਸਤਕਾਂ 'ਚ ਛਾਪਿਆ ਗਿਆ ਹੈ, ਤੇ ਇਹ ਹੱਥਲੀ ਪੁਸਤਕ, ਦਾਸ ਸਿੱਖੀ ਪਰਚਾਰ ਹਿਤ ਸੰਗਤ ਦੇ ਸੱਦੇ ਤੇ ੦੨-੦੬-੨੦੦੫ ਨੂੰ U.S.A. ਮਿਲਵਾਕੀ, ਸ਼ਿਕਾਗੋ, ਆਇਆ ਸੀ, ਕਰੀਬ ੬ ਮਹੀਨੇ ਦੇ ਟਾਈਮ ਵਿਚ ਜਿਥੇ ਦਾਸ ਨੇ, ਮਿਲਵਾਕੀ, ਸਿੱਖ ਆਫ ਟੈਂਪਲ ਵਿਸਕੋਨ ਕਥਾ ਦੀ ਹਾਜ਼ਰੀ ਭਰੀ ਉਥੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਸੈਨ ਹੋਜ਼ੇ ਕੈਲੀ ਫੁਰਨੀਆਂ, ਫ੍ਰੀ ਮਾਊਟ, ਸਿਆਟਲ, ਰੀਵਰ ਸਾਇਡ-ਪੈਲਾ ਟਾਇਨ, ਇਤਿਆਦਕ ਗੁਰੂ ਘਰ 'ਚ ਕਥਾ ਦੀ ਸੇਵਾ ਕੀਤੀ, ਉਥੇ ਦਾਸ ਨੂੰ ਉਦਮ ਸਤਿਗੁਰਾਂ ਨੇ ਬਖਸ਼ਿਆ ਕਿ ਸੰਗਤ ਕੀ ਹੈ, ਕਿਉਂ ਜ਼ਰੂਰੀ ਹੈ, ਗੁਰਦੁਵਾਰੇ ਸਾਹਿਬਾਂ ਦੇ ਮਨ ਭਾਵ ਕੀ ਹੈ, ਕੌਮ 'ਚ ਸੰਤਾਂ ਦੇ ਡੇਰਿਆ ਅੰਦਰ ਗੋਲੀ ਚਲਣੀ ਔਰ ਮੁਕੱਦਮੇਬਾਜ਼ੀ ਦਾ ਕੀ ਕਾਰਨ। ਫੁਟ ਕਿਉਂ ਹੈ, ਕਮੇਟੀਆਂ 'ਚ ਝਗੜੇ ਕਿਉਂ ਹਨ, ਇਹ ਸਭ ਕੁਛ ਧਿਆਨ 'ਚ ਰੱਖਦਿਆਂ ਕਰੀਬ ੬ ਮਹੀਨੇ ਦੇ ਸਮੇਂ ਵਿਚ ਇਹ ਵੀਚਾਰ ਗੁਰਬਾਣੀ, ਗੁਰਮਤ ਨੂੰ ਮੁਖ ਰੱਖਦਿਆਂ ਦਾਸ ਨੇ ਲਿਖੇ ਹਨ।

ਦਾਸ ਸਮੂੰਹ ਸਾਧਸੰਗਤ, ਗੁਰੂ ਪ੍ਰੇਮੀ ਨਾਮ ਰਸੀਏ ਸਿਮਰਣ ਸੇਵਾ ਵਾਲੇ ਗੁਰਮੁਖਾਂ, ਮਹਾਂਪੁਰਸ਼ਾਂ, ਵਿਦਵਾਨ ਸੱਜਣਾ ਤੋਂ ਪਹਿਲਾਂ ਹੀ ਮਾਫੀ ਮੰਗਦਾ ਹੈ ਕਿ ਦਾਸ ਕੋਲੋਂ ਕਿਤਾਬ ਲਿਖਦਿਆਂ, ਬੇਅੰਤ ਗਲਤੀਆਂ ਜ਼ਰੂਰ ਹਨ, ਖਿਮਾਂ ਕਰ ਦੇਣਾ ਅਤੇ ਦਾਸ ਨੂੰ ਜ਼ਰੂਰ ਦੱਸਣ ਦੀ ਖੇਚਲ ਕਰਨਾ, ਜੋ ਦਾਸ ਅਗਲੀ ਐਡੀਸ਼ਨ 'ਚ ਸੋਧ ਕਰ ਸਕੇ।

ਜਿਨ੍ਹਾਂ ਕਿਤਾਬਾਂ 'ਚੋਂ ਪਰਮਾਣ ਲਏ ਗਏ

ਟੂਕ ਹਵਾਲ

੧. ਪਿਆਰਾ ਸਿੰਘ ਪਦਮ।

੨. ਰਘਬੀਰ ਸਿੰਗ ਬੀਰ।

੩. ਸੋਢੀ ਨਾਰਾਇਣ ਸਿੰਘ।

੪. ਸਿਖ ਸਿਧਾਂਤ, ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ।
੫. ਗਿ: ਸੰਤ ਸਿੰਘ ਮਸਕੀਨ ।
੬. ਪਿਆਰਾ ਸਿੰਘ ਦਾਤਾ ।
੭ ਬਿ: ਠਾਕੁਰ ਸਿੰਘ ਪਟਿਆਲਾ ।



ਬਾਬਾ ਕਰਤਾਰ ਸਿੰਘ

ISBN 81-7601-760-4
9788180877605